ਸਾਲ ਚੌਦਵਾਂ, ਮਹੀਨਾ ਜਨਵਰੀ, 2009

ਫਾਊਂਡਰ ਚੇਅਰਮੈਨ

ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ

ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ

SUBSCRIPTION FOREIGN (ਵਿਦੇਸ਼)

	Annual	Life
U.S.A.	50 US$	500 US$
U.K.	30 £	300 £
Aus.	80 $	800 $
Europ	50 Euro	500 Euro

Postal Address for 'ATAM MARG' Enquiry, Money Order, Cheque, Draft & correspondence
V.G.R.M Charitable Trust 'Atam Marg'
Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali)
140901 Pb.India.

Office 'Atam Marg' Ph. No. - 0160-2255002,
Fax.-2255009, , Mobile - 9417214391,79

FOREIGN (ਵਿਦੇਸ਼) CONTACT NO.

U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
Bibi Sukhvinder Kaur Bains
Phone : 403-270-3387
Canada - Bhai Sarmukh Singh Pannu
Phone - 604-433-0408
England - Bibi Gurbax Kaur /Jagtar Singh Jagi
Phone : 0121-200-2818
Fax : 0121-200-2879, **Raj Mobile** : 07968734058
Australia - Bhai Jiwan Singh ji
Phone : 03-943-65865, Fax : 03-943-65867

For more information please visit us on internet at:-
Email : atammarg@glide.net.in
http:# www.ratwarasahib.org, http # www.ratwarasahibmedia.org

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਤਤਕਰਾ

SUBSCRIPTION - ਚੰਦਾ - (ਦੇਸ਼)

ਸਾਲਾਨਾ	ਜੀਵਨ ਕਾਲ	ਫੀ ਕਾਪੀ
200/-	2000/-	20/-
280/-	2080/- (For outstation cheques)	

ਸੰਪਰਕ ਨੰ. ਰਤਵਾੜਾ ਸਾਹਿਬ

ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ	9417214386
ਪਰਮ ਸਤਿਕਾਰ ਯੋਗ ਬੀਜੀ	9417214381
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ	9417214380
ਆਡੀਓ ਵੀਡੀਓ ਲਾਇਬ੍ਰੇਰੀ	9872814385, 9417214385
ਜਰਨਲ	9417214384
ਰਤਵਾੜਾ ਸਾਹਿਬ	0160-2255001

ਵਿਦਿਅਕ ਅਦਾਰੇ

ਬੀ ਐਡ ਕਾਲਜ	9417214382
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ	0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ	0160-2255004

ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

ਸੰਪਾਦਕੀ

ਸਮੂੰਹ ਪਾਠਕਾਂ ਨੂੰ ਨਵਾਂ ਸਾਲ ਮੁਬਾਰਕ। 'ਆਤਮ ਮਾਰਗ' ਦਾ ਪਹਿਲਾ ਅੰਕ ਅਪ੍ਰੈਲ 1995 ਦੀ ਵਿਸਾਖੀ ਨੂੰ ਪ੍ਰਕਾਸ਼ਿਤ ਹੋਇਆ, ਮਾਰਚ 2009 ਵਿਚ ਇਸ ਦੀ ਆਯੂ 15 ਵਰ੍ਹੇ ਹੋ ਜਾਵੇਗੀ। ਉਮਰ ਪੱਖੋਂ ਭਾਵੇਂ ਇਹ ਬਾਲ ਆਯੂ ਵਿਚ ਹੈ ਪਰ ਪਾਸਾਰ ਪੱਖੋਂ ਇਸ ਨੇ ਬਾਬਿਆਂ ਵਾਲੇ ਕਾਰਨਾਮੇ ਕਰ ਵਿਖਾਏ ਹਨ। ਪੰਜਾਬੀ ਦਾ ਕੋਈ ਵੀ ਰੂਹਾਨੀ ਮੈਗਜ਼ੀਨ ਐਨੀ ਗਿਣਤੀ ਵਿਚ ਨਹੀਂ ਛਪਦਾ, ਨਾ ਹੀ ਐਨੇ ਪਿਆਰ ਅਤੇ ਸਤਿਕਾਰ ਨਾਲ ਪੜ੍ਹਿਆ ਜਾਂਦਾ ਹੈ। ਇਸ ਸਮੇਂ ਆਤਮ ਮਾਰਗ ਹਜਾਰਾਂ ਪਰਿਵਾਰਾਂ ਵਿਚ ਪੜ੍ਹਿਆ ਤੇ ਮਾਨਿਆ ਜਾਂਦਾ ਹੈ, ਇਸ ਨੇ ਹਜ਼ਾਰਾਂ ਬਲਕਿ ਲੱਖਾਂ ਲੋਕਾਂ ਦੇ ਜੀਵਨ ਵਿਚ ਪਰਿਵਰਤਨ ਲਿਆਂਦਾ ਹੈ, ਅਣਗਿਣਤ ਲੋਕਾਂ ਨੂੰ ਨਵੀਂ ਜ਼ਿੰਦਗੀ ਪਰਦਾਨ ਕੀਤੀ ਹੈ, ਸਭਨਾਂ ਘਰਾਂ ਵਿਚ ਸੁੱਖ ਸਹਿਜ, ਅਨੰਦ ਦਾ ਵਾਤਾਰਵਣ ਬਣਿਆ ਹੈ; ਨਿਰਮੂਲ ਝਗੜੇ, ਨਿਰਮੂਲ ਈਰਖਾ, "ਵੈਰ, ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਬਿਕਾਰ, ਮਹਾਂ ਲੋਭ ਧ੍ਰੋਹ" ਤੋਂ ਛੁਟਕਾਰਾ ਮਿਲਿਆ ਹੈ, ਭਾਵੇਂ ਪੂਰੀ ਤਰ੍ਹਾਂ ਮੁਕਤ ਨਾ ਵੀ ਹੋਈਏ, ਤਾਂ ਵੀ ਸੋਝੀ ਮਿਲੀ ਹੈ ਕਿ ਇਨ੍ਹਾਂ ਤੋਂ ਮੁਕਤ ਹੋਣਾ ਹੈ; ਗੁਰੂ ਕਿਰਪਾ ਸਦਕਾ, ਗੁਰੂ ਮਿਹਰ ਸਦਕਾ, ਨਾਮ ਬਾਣੀ ਦੇ ਪਿਆਰ ਸਦਕਾ, ਨਾਮ ਬਾਣੀ ਦੇ ਅਭਿਆਸ ਸਦਕਾ। ਆਤਮ ਮਾਰਗ ਨੇ ਇਹ ਅਰਥ ਬੋਧ ਬਖਸ਼ਿਆ ਹੈ – 'ਨਾਮ ਚਿਤ ਆਵੈ, ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੈ' ਅਤੇ 'ਸੇਈ ਪਿਆਰੇ ਮੇਲ, ਜਿਨਾ ਮਿਲਿਆ ਤੇਰਾ ਨਾਮ ਚਿਤ ਆਵੇ।' ਆਪ ਜੀ ਕਿੰਨੇ ਵਡਭਾਗੀ ਹੋਂ ਕਿ ਆਪ ਜੀ ਨੂੰ ਨਾਮ-ਅਭਿਆਸੀ ਮਹਾਂਪੁਰਖਾਂ ਦੀ ਸੰਗਤਿ ਪ੍ਰਾਪਤ ਹੈ, ਜਿਨ੍ਹਾਂ ਦੇ ਦਰਸ਼ਨ ਦੀਦਾਰਾਂ ਨਾਲ ਦੁਰਮਤਿ ਦੂਰ ਹੁੰਦੀ ਹੈ, ਨਾਮ ਚੇਤੇ ਆਉਂਦਾ ਹੈ, ਇਹੋ ਸਾਡੇ ਅਸਲ ਮਿਤਰ ਹਨ ਮਹਾਂਪੁਰਸ਼ਾਂ ਦੇ ਦੀਵਾਨਾਂ ਵਿਚ ਨਾਮ ਬਾਣੀ ਅਭਿਆਸ ਹੁੰਦਾ ਹੈ, ਲਿਖਤ ਰਾਹੀਂ ਆਪ ਸਭ ਪਾਠਕਾਂ ਪਾਸ ਉਨ੍ਹਾਂ ਦੇ ਅੰਮ੍ਰਿਤਮਈ ਬਚਨ ਪੁਜਦੇ ਹਨ, ਜੋ ਇਕ ਦਮ ਨਾਮ ਬਾਣੀ ਨਾਲ ਜੋੜਦੇ ਹਨ; ਗੁਰੂ ਪਿਆਰ, ਗੁਰੂ ਸ਼ਰਧਾ ਉਤਪੰਨ ਹੁੰਦੀ ਹੈ, ਗੁਰਬਾਣੀ ਦੇ ਗੂਹਜ ਭਾਵ ਸਪਸ਼ਟ ਹੁੰਦੇ ਹਨ। ਨਾਮ ਸਿਮਰਨ ਦੇ ਲਾਭ ਤੇ ਮਹਿਮਾ ਤਾਂ ਬਹੁਤ ਵਿਖਿਆਨਾਂ ਵਿਚ ਅਤੇ ਪੁਸਤਕਾਂ ਵਿਚ ਮਿਲ ਜਾਂਦੀ ਹੈ ਪਰ ਸਿਮਰਨ ਕਿਵੇਂ ਕਰੀਏ? ਰਸਨਾ ਰਾਹੀਂ, ਸੁਆਸਾਂ ਰਾਹੀਂ, ਕੰਠ ਰਾਹੀਂ, ਹਿਰਦੇ ਰਾਹੀਂ ਇਸ ਦੀ ਸੋਝੀ 'ਆਤਮ ਮਾਰਗ' ਵਿਚ ਸਮੇਂ ਸਮੇਂ ਮਹਾਂਪੁਰਖ ਬਖਸ਼ਦੇ ਰਹੇ ਹਨ, ਏਸੇ ਲਈ ਆਪ ਸਭ ਨੇ ਭਰਪੂਰ ਹੁੰਗਾਰਾ ਦਿਤਾ ਹੈ। ਫੇਰ ਨਾਮ ਦਾ ਸੰਜਮ, ਗੁਰਮਤਿ ਰਹਿਤ ਅਨੇਕ ਪਰਮਾਣਾਂ ਰਾਹੀਂ, ਅਨੇਕ ਪ੍ਰਸੰਗਾਂ ਰਾਹੀਂ, ਕਥਾ ਕਹਾਣੀਆਂ ਰਾਹੀਂ ਸਮਝਾਈ ਗਈ ਹੈ ਤਾ ਕਿ ਹਰੇਕ ਜਗਿਆਸੂ ਦੀ ਭਰਪੂਰ ਤ੍ਰਿਪਤੀ ਹੋ ਜਾਵੇ, ਕੋਈ ਭੁਲੇਖਾ ਨਾ ਰਹੇ। ਗੁਰੂ ਨਾਨਕ ਦੇ ਘਰ ਵਿਚ ਕੇਵਲ 'ਨਾਮ' ਹੈ, ਸਾਰੀ ਗੁਰਬਾਣੀ 'ਨਾਮ' ਦੀ ਹੀ ਮਹਿਮਾ ਗਾਇਨ ਕਰਦੀ ਹੈ, ਨਾਮ ਅਭਿਆਸ ਲਈ ਹੀ ਪ੍ਰੇਰਤ ਕਰਦੀ ਹੈ, ਪਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਰੂਪ ਮੰਨਣ ਵਾਲੇ ਗੁਰਸਿੱਖ ਵੀ ਨਾਮ ਤੋਂ ਟੁੱਟ ਗਏ ਹਨ। ਇਸ ਤਰ੍ਹਾਂ 'ਆਤਮ ਮਾਰਗ' ਨੇ ਗੁਰਮਤਿ ਨਾਮ ਮਾਰਗ ਨੂੰ ਸੁਰਜੀਤ ਕਰਕੇ ਬਹੁਤ ਵੱਡੀ ਸੇਵਾ ਕੀਤੀ ਹੈ ਕਰ ਰਿਹਾ ਹੈ, ਆਪ ਜੀ ਸਭਨਾਂ ਅੰਦਰ ਨਾਮ ਦੀ ਕਣੀ ਮੌਜੂਦ ਹੈ, ਸਭਨਾਂ ਘਟਾਂ ਵਿਚ ਨਾਮ ਅੰਮ੍ਰਿਤ ਦਾ ਕੁੰਡ ਹੈ ਪਰ ਕੋਈ ਵਿਰਲਾ ਗੁਰਮੁਖਿ ਹੀ ਉਸ ਨੂੰ ਖੋਜਣ ਦੀ ਵਿਧੀ ਜਾਣਦਾ ਹੈ, ਆਤਮ ਮਾਰਗ ਇਸ ਅੰਮ੍ਰਿਤਮਈ ਸਰੋਵਰ ਵਿਚ ਇਸ਼ਨਾਨ ਕਰਨ ਦੀ ਵਿਧੀ ਵਿਧਾਨ ਦਸਦਾ ਆ ਰਿਹਾ ਹੈ। ਗੁਰੂ ਮਹਾਰਾਜ ਵਲੋਂ ਦਸਿਆ ਨਾਮ ਮਾਰਗ ਸੌਖਾ ਤੇ ਸਿੱਧਾ ਮਾਰਗ ਹੈ। ਸਾਰੇ ਨਾਮ ਅੰਮ੍ਰਿਤਮਈ ਸੱਚੇ ਨਾਮ ਹਨ, ਗੁਰੂ ਉਨ੍ਹਾਂ ਸਭਨਾਂ ਤੋਂ ਬਲਿਹਾਰ ਜਾਂਦੇ ਹਨ। ਗੁਰਸਿੱਖਾਂ ਲਈ 'ਵਾਹਿਗੁਰੂ' ਗੁਰਮੰਤਰ ਹੈ। ਪੰਜ ਪਿਆਰੇ ਗੁਰੂ ਰੂਪ ਹੋ ਕੇ ਅੰਮ੍ਰਿਤ ਬਖਸ਼ਦੇ ਹਨ, ਨਾਲ ਅੰਮ੍ਰਿਤਮਈ ਨਾਮ 'ਵਾਹਿਗੁਰੂ' ਗੁਰਮੰਤਰ ਦਾ ਜਾਪ ਬਖਸ਼ਦੇ ਹਨ। ਇਸ ਦਾ ਜਾਪ ਕਰਨ ਦੀ ਪ੍ਰੇਰਨਾ ਦਿੰਦੇ ਹਨ। ਹੁਣ ਜਗਿਆਸੂ ਨੇ ਕਿਸੇ ਨਾਮ ਅਭਿਆਸੀ ਦੀ ਸੰਗਤ ਕਰਕੇ ਇਸ ਨਾਮ ਮਾਰਗ ਤੇ ਚਲਣਾ ਹੈ। ਉਹ ਆਪਣੀ ਮਿਹਨਤ ਕਰਕੇ ਗੁਰਬਾਣੀ ਤੋਂ ਸੇਧ ਲੈ ਸਕਦਾ ਹੈ ਅਤੇ ਗੁਰਬਾਣੀ ਵਿਚ ਬਾਰ-ਬਾਰ ਕੀਤੀ ਪ੍ਰੇਰਨਾ ਅਨੁਸਾਰ ਕਿਸੇ ਨਾਮ ਅਭਿਆਸੀ, ਸੁਹਾਗਣ ਤੋਂ, ਗੁਰਮੁਖਿ ਤੋਂ ਇਸ ਮਾਰਗ ਦਾ ਗਿਆਨ ਲੈ ਕੇ ਭੁਲੇਖਿਆਂ ਤੋਂ ਮੁਕਤ ਹੋ ਸਕਦਾ ਹੈ। ਐਸੀ ਸੰਗਤ ਨਾਲ, ਨਾਮ ਅਭਿਆਸੀ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਨਾਲ ਪੈਂਡਾ ਸੌਖਾ ਹੋ ਜਾਂਦਾ ਹੈ, ਖੱਡਾਂ ਵਿਚ ਗਿਰਨ ਤੋਂ ਬਚ ਜਾਈਦਾ ਹੈ, ਹਉਮੈ ਬਿਰਤੀ ਵਿਚ ਉਸਾਰੀਆਂ ਮਹਿਲ ਮਾੜੀਆਂ ਦੀ ਸ਼ਾਹੀ ਕੈਦ ਤੋਂ ਮੁਕਤ ਹੋ ਜਾਈਦਾ ਹੈ, ਮਾਤਾ ਪਿਤਾ, ਇਸਤ੍ਰੀ ਧੀਆਂ, ਪੁਤਰ, ਸਾਕ ਸਬੰਧੀਆਂ ਦੇ ਵਾ-ਵਰੋਲਿਆਂ ਤੋਂ ਨਿਰਲੇਪ ਹੋਣ ਦੀ ਵਿਧੀ ਦਾ ਪਤਾ ਲਗਦਾ ਹੈ, 'ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤੇ ਕੋ ਨ ਸਹਾਈ।' ਜਿਵੇਂ ਮਹਾਂਪੁਰਸ਼ ਘਰ ਬਾਰ ਵਿਚ ਰਹਿੰਦੇ – 'ਜੈਸੇ ਜਲਿ ਮਹਿ ਕਮਲ ਨਿਰਾਲਮ' ਦੀ ਬਿਰਤੀ ਰਖਦੇ ਹਨ, ਤੈਸੇ ਹੀ ਉਹ 'ਆਤਮ ਮਾਰਗ' ਰਾਹੀਂ ਸਾਨੂੰ ਸਭ ਆਤਮ ਮਾਰਗ ਅਭਿਆਸੀਆਂ ਦਾ ਮਾਰਗ ਦਰਸ਼ਨ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਦਾ ਰੂਹਾਨੀ ਸੰਦੇਸ਼ ਸਭਨਾਂ ਜੀਆਂ ਲਈ ਹੈ, 'ਸਭਨਾ ਜੀਆ ਕਾ ਇਕੁ ਦਾਤਾ' ਦੀ ਭਾਵਨਾ ਅਧੀਨ ਹੀ ਹਿੰਦੀ ਵਿਚ ਆਤਮ ਮਾਰਗ ਪ੍ਰਾਰੰਭ ਹੋਇਆ। ਹਿੰਦੀ ਜਾਣਨ ਵਾਲੇ ਵੀਰਾਂ, ਭੈਣਾਂ ਨੇ ਇਸ ਨੂੰ ਬਹੁਤ ਸਲਾਹਿਆ ਹੈ। 'ਸੂਰਜ ਦੀ ਨਿੱਘ' ਸਭ ਲਈ ਹੈ, ਸਾਰੇ ਭਾਰਤੀਆਂ ਲਈ ਹੈ, ਸਾਰੀ ਮਨੁੱਖਤਾ ਲਈ, ਪੂਰਬ ਅਤੇ ਪੱਛਮ ਵਿਚ ਵਸਦੇ ਹਰ ਮਨੁੱਖ ਲਈ। ਗੁਰੂ ਨਾਨਕ ਦੇਵ ਜੀ ਹਰੇਕ ਮਨੁੱਖ ਨੂੰ ਪ੍ਰਭੂ ਦੀ ਅੰਸ ਮੰਨ ਕੇ ਪਿਆਰਦੇ ਹਨ, ਉਨ੍ਹਾਂ ਅੰਦਰ 'ਨਾ ਕੋ ਹਿੰਦੂ, ਨਾ ਮੁਸਲਮਾਨ' ਦੀ ਭਾਵਨਾ ਸੀ। ਇਹੋ ਭਾਵਨਾ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੀ ਪ੍ਰਧਾਨ ਸੁਰ ਹੈ –

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ।
ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਵ ਹੈ।
ਅਕਾਲ ਉਸਤਤਿ

ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਗੁਰੂ, ਗੁਰੂ ਅਰਜਨ

ਦੇਵ ਜੀ ਬੜੇ ਸਪਸ਼ਟ ਸ਼ਬਦਾਂ ਵਿਚ ਮਾਨਵ-ਵਾਦੀ ਭਾਵਨਾਵਾਂ ਪ੍ਰਗਟ ਕਰਦੇ ਸਾਨੂੰ ਸਭ ਨੂੰ ਸੇਧ ਬਖਸ਼ਦੇ ਕਹਿੰਦੇ ਹਨ -

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥
ਕੋਈ ਸੇਵੈ ਗੁਸਈਆ ਕੋਈ ਅਲਾਹਿ॥
ਪੰਨਾ - 885

ਇਸੇ ਭਾਵਨਾ ਨੂੰ ਮੁੱਖ ਰੱਖ ਕੇ 'ਆਤਮ ਮਾਰਗ' ਦਾ ਆਦਰਸ਼ ਨਿਸ਼ਚਿਤ ਕੀਤਾ ਗਿਆ -

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ
ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ
ਪ੍ਰਭ ਬਿਨਾ ਨਹੀ ਜਾਣੀਐ॥ ਪੰਨਾ - 846

ਦਸੰਬਰ 2008 ਦੇ ਅੰਕ ਵਿਚ ਆਪ ਜੀ ਨੇ ਮਹਾਂਪੁਰਸ਼ਾਂ ਦਾ ਲੇਖ 'ਛੋਟੇ ਸਾਹਿਜਾਦਿਆਂ ਦੀ ਸ਼ਹੀਦੀ' ਪੜ੍ਹਿਆ ਹੈ। ਗੁਰੂ ਗੋਬਿੰਦ ਸਿੰਘ ਜੀ ਸਾਰੀ ਮਨੁੱਖਤਾ ਦੇ ਗੁਰੂ ਸਨ, ਉਨ੍ਹਾਂ ਦਾ ਸੰਘਰਸ਼, ਸੱਚ, ਧਰਮ ਨਿਆਂ ਲਈ ਸੀ, ਸੱਚ ਦੇ ਹਾਮੀ ਪੀਰ ਬੁੱਧੂ ਸ਼ਾਹ ਵਰਗੇ ਬਹੁਤ ਸਾਰੇ ਮੁਸਲਮਾਨ ਉਨ੍ਹਾਂ ਨੂੰ ਆਪਣਾ ਪੀਰ ਮੰਨਦੇ ਸਨ। ਸਾਹਿਬਜ਼ਾਦਿਆਂ ਦੀ ਪਰਵਰਿਸ਼ ਵੀ ਐਸੀ ਭਾਵਨਾ ਵਿਚ ਹੋਈ। ਉਨ੍ਹਾਂ ਨੇ ਵੀ 'ਕੂੜ' ਵਿਰੁੱਧ ਲੜੇ ਜਾ ਰਹੇ ਯੁੱਧ ਵਿਚ ਪੂਰਾ ਯੋਗਦਾਨ ਪਾਇਆ। ਛੋਟੇ ਸਾਹਿਬਜ਼ਾਦੇ ਸੂਬਾ ਸਰਹੰਦ ਦੇ ਪ੍ਰਸ਼ਨਾਂ ਦਾ ਉਤਰ ਬੜੀ ਦਲੇਰੀ ਨਾਲ ਬੇਬਾਕ ਹੋ ਕੇ ਦਿੰਦੇ ਹਨ ਅਤੇ ਹਸ ਹਸ ਕੇ ਕੁਰਬਾਨੀ ਦੇਣ ਲਈ ਤਿਆਰ ਹੋ ਜਾਂਦੇ ਹਨ। ਸੂਬਾ ਸਰਹੰਦ ਦੀ ਕਚਹਿਰੀ ਵਿਚ ਉਨ੍ਹਾਂ ਨੂੰ ਕੀਤੇ ਗਏ ਪ੍ਰਸ਼ਨਾਂ ਦੇ ਜਵਾਬ ਉਨ੍ਹਾਂ ਦੇ ਹਿਰਦਿਆਂ ਵਿਚ ਵਸਦੇ ਸੱਚ ਦਾ ਨਿਰੂਪਣ ਕਰਦੇ ਹਨ। ਮਹਾਂਪੁਰਸ਼ਾਂ ਦੀ ਇਹ ਲਿਖਤ ਹਰੇਕ ਮਨੁੱਖ ਦੇ ਹਿਰਦੇ ਵਿਚ ਸੱਚ ਲਈ ਅਤੇ 'ਨਿੱਕੀਆਂ ਜਿੰਦਾਂ' ਪ੍ਰਤੀ ਅਥਾਹ ਪਿਆਰ ਤੇ ਸਤਿਕਾਰ ਦੀ ਭਾਵਨਾ ਉਜਾਗਰ ਕਰਦੀ ਹੈ। ਪੜ੍ਹ ਕੇ ਦਿਲ ਸਕਤਾ ਵਿਚ ਆ ਜਾਂਦਾ ਹੈ ਅਤੇ ਅੱਖਾਂ ਸੇਜਲ ਹੋ ਜਾਂਦੀਆਂ ਹਨ। ਤੁਸੀਂ ਅਵੱਸ਼ ਐਸਾ ਮਹਿਸੂਸ ਕੀਤਾ ਹੋਵੇਗਾ। ਏਸੇ ਉਚੀ ਤੇ ਸੁੱਚੀ ਭਾਵਨਾ ਵਿਚ ਲਿਖਿਆ ਲੇਖ 'ਤਬ ਹਮ ਜਨਮ ਕਲੂ ਮਹਿ ਲੀਆ' ਇਸ ਮਹੀਨੇ ਜਨਵਰੀ 2009 ਅੰਕ ਵਿਚ ਛਾਪਿਆ ਜਾ ਰਿਹਾ ਹੈ। ਇਹ ਆਤਮਕ ਅਨੁਭਵ ਤੋਂ ਲਿਖੇ ਲੇਖ ਹਨ। ਇਤਿਹਾਸ ਦੇ ਪੰਨਿਆਂ ਵਿਚ ਨਾਵਾਂ, ਥਾਵਾਂ ਅਤੇ ਤਰੀਕਾਂ ਦਾ ਵੇਰਵਾ ਹੁੰਦਾ ਹੈ, ਘਟਨਾਵਾਂ ਦਾ ਕੇਵਲ ਇਤਿਹਾਸਕ ਬਿਆਨ ਹੁੰਦਾ ਹੈ, ਪਰ ਜੋ ਅਸਲ ਤੱਤ ਦੀ ਗੱਲ ਹੁੰਦੀ ਹੈ, ਉਹ ਲੇਖਕ ਪ੍ਰਗਟ ਕਰਨ ਦੇ ਸਮਰੱਥ ਨਹੀਂ ਹੁੰਦਾ। ਅਨੁਭਵੀ ਮਹਾਂਪੁਰਸ਼ਾਂ ਨੇ ਇਹ ਤੱਤ ਆਪ ਜੀ ਸਭ ਲਈ 'ਆਤਮ ਮਾਰਗ' ਰਾਹੀਂ ਰੂਪਮਾਨ ਕੀਤਾ ਹੈ।

ਇਹ ਕੁਝ ਕਾਰਨ ਹਨ ਜੋ ਆਪ ਸਭ ਦੀ 'ਆਤਮ ਮਾਰਗ' ਨਾਲ ਸਾਂਝ ਦੀ ਗੰਢ ਦਿਨ ਪ੍ਰਤੀ ਦਿਨ ਪੀਡੀ ਹੋ ਰਹੀ ਹੈ, ਆਪ ਜੀ ਵਲੋਂ ਚਿੱਠੀਆਂ ਰਾਹੀਂ, ਟੈਲੀਫੋਨ ਅਤੇ ਫੈਕਸ ਰਾਹੀਂ ਅਨੇਕਾਂ ਪ੍ਰਸੰਸਾ ਪੱਤਰ ਅਤੇ ਪ੍ਰਸ਼ਨ ਤੇ ਪੁੱਛਾਂ ਆਉਂਦੀਆਂ ਹਨ। ਸਭ ਆਪਣਾ ਪਿਆਰ ਪ੍ਰਗਟ ਕਰਦੇ ਦਸਦੇ ਹਨ ਕਿ ਉਨ੍ਹਾਂ ਨੂੰ ਆਤਮ ਮਾਰਗ ਨੇ ਨਵਾਂ ਜੀਵਨ, ਨਵੀਂ ਰੋਸ਼ਨੀ ਪ੍ਰਦਾਨ ਕੀਤੀ ਹੈ, ਸੱਚ ਨਾਲ ਜੋੜਿਆ ਹੈ, ਕੱਚ ਨਾਲੋਂ ਤੋੜਿਆ ਹੈ। ਵਿਦੇਸ਼ਾਂ ਵਿਚ ਵਿਚਰਦੇ ਕੁਝ ਵੀਰ ਇੰਟਰਨੈਟ ਰਾਹੀਂ ਆਤਮ ਮਾਰਗ ਦਾ ਅਨੰਦ ਮਾਣਦੇ ਹਨ ਅਤੇ ਪੁਛਾਂ ਪੁਛਦੇ ਹਨ। ਉਨ੍ਹਾਂ ਅੰਦਰ ਗੁਰਮਤਿ ਸਬੰਧੀ ਕਈ ਭੁਲੇਖੇ ਹਨ, ਉਨ੍ਹਾਂ ਦਾ ਸਮਾਧਾਨ ਚਾਹੁੰਦੇ ਹਨ, ਬੜੀ ਨਿਮਰਤਾ ਨਾਲ ਚਿੱਠੀਆਂ/ ਫੈਕਸ/ ਈ.ਮੇਲ ਰਾਹੀਂ ਸੰਦੇਸ਼ੇ ਭੇਜਦੇ ਹਨ, ਅਸੀਂ ਸਭ ਦਾ ਸਤਿਕਾਰ ਕਰਦੇ ਹਾਂ, ਮਹਾਂਪੁਰਸ਼ਾਂ ਦਾ ਪਿਆਰ ਸਭਨਾਂ ਲਈ ਹੈ, ਆਤਮ ਮਾਰਗ ਪਾਂਧੀ ਇਕ ਪਰਿਵਾਰ ਵਿਚ ਜੁੜ ਗਏ ਹਨ, ਸਾਰੇ ਹਮ ਸਫਰ ਇਕ ਦੂਜੇ ਦੇ ਦੁਖ ਸੁਖ ਦੇ ਭਾਈਵਾਲ ਹਨ, ਇਕ ਦੂਜੇ ਲਈ ਆਤਮ ਸਾਖਿਆਤਕਾਰ ਲਈ ਪ੍ਰਾਰਥਨਾ ਵਿਚ ਜੁੜਦੇ ਹਨ, ਸੱਚੇ ਦਿਲੋਂ 'ਤੇਰੇ ਭਾਣੇ ਸਰਬੱਤ ਕਾ ਭਲਾ' ਮੰਗਦੇ ਹਨ। ਇਸ ਤਰ੍ਹਾਂ ਸੱਚੇ ਮਾਰਗ, ਨਾਮ ਮਾਰਗ, ਆਤਮ ਮਾਰਗ ਦੇ ਸਮੂਹ ਪਾਂਧੀ ਸਾਡੀ ਹਾਰਦਿਕ ਪ੍ਰਸੰਨਤਾ, ਪਿਆਰ ਅਤੇ ਸਤਿਕਾਰ ਦੇ ਪਾਤਰ ਹਨ।

ਆਪ ਜੀ ਦੇ ਪਿਆਰ ਸਦਕਾ ਅਸੀਂ ਹਜਾਰਾਂ ਪਰਿਵਾਰ ਆਤਮ ਮਾਰਗ ਨਾਲ ਜੁੜੇ ਹਾਂ। ਆਤਮ ਮਾਰਗ ਦੀ ਪੌਣੇ 15 ਸਾਲ ਦੀ ਆਯੂ ਅਨੁਸਾਰ ਇਹ ਗਿਣਤੀ ਬੜੀ ਸੰਤੋਸ਼ਜਨਕ ਹੈ ਪਰ ਜੋ ਗੁਰੂ ਦਾ ਸੱਚ ਦਾ, ਨਾਮ ਦਾ ਸੰਦੇਸ਼ ਲੈ ਕੇ ਅਸੀਂ ਤੁਰੇ ਹਾਂ, ਇਹ ਗਿਣਤੀ ਲੱਖਾਂ ਨਹੀਂ, ਕ੍ਰੋੜਾਂ ਜੀਆਂ ਤਕ ਲੈ ਜਾਣ ਦਾ ਸਾਡਾ ਟੀਚਾ ਹੋਣਾ ਚਾਹੀਦਾ ਹੈ। 2009 ਦੀ ਵਿਸਾਖੀ ਤਕ ਜੇ ਅਸੀਂ ਸਾਰੇ ਦੋ ਦੋ ਮੈਂਬਰ ਵੀ ਹੋਰ ਬਣਾ ਲਈਏ ਤਾਂ ਅਸੀਂ ਮੈਂਬਰਾਂ ਦੀ ਗਿਣਤੀ ਲੱਖਾਂ ਵਿਚ ਗਿਣਨ ਯੋਗ ਹੋ ਜਾਵਾਂਗੇ। ਦੋ ਮੈਂਬਰ ਬਣਾਉਣੇ ਕਿੰਨਾ ਸਹਿਲ ਕੰਮ ਹੈ, ਸਫਲਤਾ ਤਾਂ ਮਹਾਂਪੁਰਸ਼ਾਂ ਦੀ ਅਸੀਸ ਨਾਲ ਹੋ ਜਾਣੀ ਹੈ, ਅਸੀਂ ਤਾਂ ਕੇਵਲ ਮਨ ਬਣਾਉਣਾ ਹੈ। ਤੁਸੀਂ ਇਸ ਨੂੰ ਪ੍ਰਤੱਖ ਕਰਕੇ ਦੇਖ ਸਕਦੇ ਹੋ।

ਦੂਜੀ ਬੇਨਤੀ ਇਹ ਕਰਨੀ ਹੈ ਕਿ ਅਸੀਂ ਸਾਰੇ ਸੱਚੇ ਦਿਲੋਂ ਆਤਮ ਮਾਰਗ ਨਾਲ ਜੁੜੇ ਪ੍ਰੇਮੀ ਸਾਧਾਰਨ ਮੈਂਬਰਸ਼ਿਪ ਤੋਂ ਲਾਈਫ ਮੈਂਬਰਸ਼ਿਪ ਪ੍ਰਾਪਤ ਕਰ ਲਈਏ। ਇਕ ਵਾਰੀ ਔਖੇ ਸੌਖੇ 2000 ਰੁਪਿਆ ਦੇਣਾ ਹੈ, ਇਹ ਦੋ ਕਿਸ਼ਤਾਂ ਵਿਚ ਵੀ ਹੋ ਸਕਦਾ ਹੈ, ਫੇਰ ਸਾਰੀ ਉਮਰ ਲਈ ਨਿਸਚਿੰਤ। ਹਰ ਸਾਲ ਰਿਨੂਅਲ ਤੋਂ ਵੀ ਮੁਕਤ, ਇਥੇ ਆਤਮ ਮਾਰਗ ਦਫਤਰ ਦਾ ਕੰਮ ਵੀ ਕੁਝ ਘਟੇਗਾ। ਆਤਮ ਮਾਰਗ ਟਰੱਸਟ ਦੀ ਬੁਨਿਆਦ ਵੀ ਆਰਥਕ ਪੱਖੋਂ ਪੱਕੀ ਹੋ ਜਾਵੇਗੀ। ਆਸ ਹੈ ਦੋਵੇਂ ਬੇਨਤੀਆਂ ਪਰਵਾਨ ਕਰਦੇ ਗੁਰੂ ਦੀਆਂ ਖੁਸ਼ੀਆਂ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਨਾਲ ਝੋਲੀਆਂ ਭਰਦੇ ਸਾਨੂੰ ਵੀ ਕਿਰਤਾਰਥ ਕਰੋਂਗੇ। ਨਵੇਂ ਸਾਲ ਦੀਆਂ ਆਪ ਸਭ ਨੂੰ ਸ਼ੁਭ ਇਛਾਵਾਂ, ਪਰਮ ਸਤਿਕਾਰਯੋਗ ਬੀਜੀ ਵੱਲੋਂ ਪਿਆਰ ਅਸੀਸਾਂ, ਮਹਾਂਪੁਰਸ਼ਾਂ ਦਾ ਪਿਆਰ, ਅਸੀਸ ਅਤੇ ਸਾਡੇ ਲਈ ਸੁਗਾਤ ਆਤਮ ਮਾਰਗ ਦੀ ਨਵੀਂ ਮੈਂਬਰਸ਼ਿਪ ਅਤੇ ਲਾਈਫ ਮੈਂਬਰਸ਼ਿਪ। ਸਰਬੱਤ ਦਾ ਭਲਾ।

(------)

ਚਰਣ ਧੂੜ ਮੁੱਖ ਲਾਈ

(ਮਾਘ ਦੇ ਮਹੀਨੇ ਸੰਗਰਾਂਦ ਪ੍ਰਥਾਇ ਅਨੁਭਵੀ ਬਚਨ)

ਸੰਤ ਵਰਿਆਮ ਸਿੰਘ ਜੀ,
ਬਾਨੀ ਵਿ. ਗੁ. ਰੂਹਾਨੀ. ਮਿਸ਼ਨ

ਸਤਿਨਾਮ ਸ੍ਰੀ ਵਾਹਿਗੁਰੂ

ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥
ਅੰਗ - ੧੩੬

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥
ਅੰਗ - ੨੫੬

ਫਿਰਤ ਫਿਰਤ ਪ੍ਰਭ ਆਇਆ
ਪਰਿਆ ਤਉ ਸਰਨਾਇ ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥
ਅੰਗ - ੨੮੯

ਧਾਰਨਾ - ਵਾਹਿਗੁਰੂ ਭਾਗਠੜੇ ਹਰਿ ਸੰਤ ਤੁਮਾਰੇ।
ਪਿਆਰੇ ਜਿਨ ਘਰਿ ਧਨ ਹਰਿ ਨਾਮਾ।

ਭਾਗਠੜੇ ਹਰਿ ਸੰਤ ਤੁਮ੍ਾਰੇ
ਜਿਨ੍ ਘਰਿ ਧਨੁ ਹਰਿ ਨਾਮਾ॥
ਪਰਵਾਣੁ ਗਣੀ ਸੇਈ ਇਹ ਆਏ
ਸਫਲ ਤਿਨਾ ਕੇ ਕਾਮਾ ॥ ੧ ॥
ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥
ਕੇਸਾਂ ਕਾ ਕਰਿ ਚਵਰੁ ਢੁਲਾਵਾ
ਚਰਣ ਧੂੜਿ ਮੁਖਿ ਲਾਈ ॥ ੧ ॥ ਰਹਾਉ ॥
ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥ ੨ ॥
ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥
ਸਚਾ ਸੁਖੁ ਸਚੀ ਵਡਿਆਈ
ਜਿਸ ਕੇ ਸੇ ਤਿਨਿ ਜਾਤੇ ॥ ੩ ॥
ਪਖਾ ਫੇਰੀ ਪਾਣੀ ਢੋਵਾ
ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ
ਤੇਰੇ ਜਨ ਦੇਖਣੁ ਪਾਵਾ ॥ ਅੰਗ - ੭੪੯

ਸਾਧਸੰਗਤ ਜੀ, ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਆਏ ਓਂ। ਬਾਰ੍ਹਾਂ ਮਹੀਨਿਆਂ ਦੇ ਵਿਚੋਂ ਆਰੀਅਨ ਸੰਸਕ੍ਰਿਤੀ ਦੇ ਮੁਤਾਬਿਕ ਮਾਘ ਦੇ ਮਹੀਨੇ ਨੂੰ ਹਰ ਪੱਖ ਤੋਂ ਹੀ ਮਹੱਤਤਾ ਦਿਤੀ ਜਾਂਦੀ ਹੈ। ਅਸੀਂ ਇਕ ਦਮ ਕਹਿ ਦਿੰਦੇ ਹਾਂ ਬਿਨਾਂ ਗੱਲ ਵਿਚਾਰਨ ਤੋਂ, ਕੋਈ ਵੀ ਗੱਲ ਹੋਵੇ, ਕਿ ਇਹ ਤਾਂ ਇਸਲਾਮ ਮੱਤ ਦਾ ਨਿਸ਼ਚਾ ਹੈ, ਇਹ ਤਾਂ ਜੀ ਹਿੰਦੀ ਮੱਤ ਦਾ ਨਿਸ਼ਚਾ ਹੈ। ਇਹ ਈਸਾਈਅਤ ਦਾ ਨਿਸ਼ਚਾ ਹੈ, ਐਸੇ ਮੈਂ ਦੇਖਦਾ ਹਾਂ, ਪੈਂਫਲਿਟ ਤੁਰੇ ਫਿਰਦੇ, ਮੈਗਜ਼ੀਨ ਤੁਰੇ ਫਿਰਦੇ, ਉਹ ਬਿਲਕੁਲ ਹੀ ਕੱਟਣਾ ਚਾਹੁੰਦੇ ਨੇ ਕਿ ਪੁਰਾਣੀ ਕੋਈ ਗੱਲ ਕਰੋ ਹੀ ਨਾ। ਨਵੀਂ ਗੱਲ ਤੋਰੋ। ਨਵੀਂ ਕਿਥੋਂ ਸ਼ੁਰੂ ਕਰ ਲਵਾਂਗੇ। ਇਹਦਾ ਪਿਛੋਕੜ, ਕਲਚਰ, ਸੁਭਾਅ, ਖਾਨਦਾਨੀ ਸੁਭਾਅ ਹੁੰਦੇ ਨੇ, ਕਲਚਰ ਹੁੰਦੀ ਹੈ, ਆਪਣੇ ਰਹਿਣ ਸਹਿਣ ਦਾ ਤਰੀਕਾ ਹੁੰਦਾ ਹੈ, ਕਿਸ ਤਰ੍ਹਾਂ ਤੋਰ ਲਵਾਂਗੇ, ਹਰ ਗੱਲ ਕਿਤੋਂ ਨਾ ਕਿਤੋਂ ਆਏਗੀ। ਹਰ ਗੱਲ ਦਾ ਪਿਛੋਕੜ ਹੁੰਦਾ ਹੈ। ਜੇ ਪਤੀਵਰਤਾ ਇਸਤ੍ਰੀ ਦਾ ਸੰਕਲਪ ਕੀਤਾ ਜਾਂਦਾ ਹੈ, ਤਾਂ ਇਹ ਪਿਛੋਕੜ ਹੁੰਦਾ ਹੈ ਰਾਜਪੂਤਾਂ 'ਚੋਂ। ਐਸੀ ਵੀ ਉਨ੍ਹਾਂ ਦੀ ਗੱਲਬਾਤ ਆਉਂਦੀ ਹੈ ਕਿ ਉਹ ਆਪਣੇ ਸਤਿ ਨੂੰ ਕਾਇਮ ਰੱਖਣ ਵਾਸਤੇ ਰਸਮਾਂ ਰਿਵਾਜ ਕਰਕੇ ਸਾਰੀਆਂ ਅੱਗ 'ਚ ਜੀਉਂਦੀਆਂ ਜਲ ਜਾਇਆ ਕਰਦੀਆ ਸੀ। ਜੇ ਅੱਧ-ਕਪੜੇ, ਅੱਧੇ ਕੁ ਪਾ ਲਏ, ਅੱਧੇ ਕੁ ਨਾ ਪਾਏ, ਸ਼ਕਲ ਸੁਰਤ ਹੋਰ ਤਰ੍ਹਾਂ ਦੀ ਬਣਾ ਲਈ, ਕੇਸ ਅੱਧੇ ਕੱਟ ਲਏ, ਇਹ ਕਲਚਰ west ਦੇ ਵਿਚੋਂ ਆਉਂਦਾ ਹੈ। ਕਿਤੋਂ ਨਾ ਕਿਤੋਂ ਚੀਜ਼ ਰਲਾਈ ਹੁੰਦੀ ਹੈ, ਨਵਾਂ ਆਦਮੀ ਇਕ ਦਮ ਨਹੀਂ ਤੁਰਿਆ ਕਰਦਾ ਕਿ ਅੱਜ ਤੋਂ ਹੀ ਤੁਰੇ। ਉਹਦੀਆਂ ਪ੍ਰਸਥਿਤੀਆਂ ਹੁੰਦੀਆਂ ਨੇ, ਉਹਦੇ ਖੂਨ ਦੇ ਵਿਚ ਸੁਭਾਅ ਰਲੇ ਹੁੰਦੇ ਨੇ। ਲੀਨ ਹੁੰਦਾ ਹੈ, ਫੇਰ ਚੰਗੀਆ ਚੀਜ਼ਾਂ ਜਿਹੜੀਆ ਵੀ ਹੁੰਦੀਆ ਨੇ past ਵਿਚ ਲੰਘ ਗਈਆਂ। ਉਨ੍ਹਾਂ ਦਾ ਦੇਖਣਾ ਹੀ ਪੈਂਦਾ ਹੈ, ਜਿਹੜੀਆ ਮਾੜੀਆਂ ਚੀਜ਼ਾਂ ਲੰਘ ਗਈਆ ਉਹ ਵੀ ਦੇਖਣੀਆਂ ਪੈਂਦੀਆ ਨੇ। ਜਿਥੇ ਪ੍ਰਹਿਲਾਦ ਨੂੰ ਅਸੀਂ ਦੇਖਾਂਗੇ ਕਿ ਕਿੰਨਾ ਸਤਿਵਾਦੀ ਸੀ, ਕਿੰਨਾ ਨਿਸ਼ਚਾ ਸੀ, ਇਕ ਰਾਜ ਦੇ ਨਾਲ ਟੱਕਰ ਲੈ ਕੇ ਸੱਚ ਦਾ ਢੰਡੋਰਾ ਦਿੰਦਾ ਸੀ, ਉਥੇ ਅਸੀਂ ਹਰਨਾਖਸ਼ ਨੂੰ ਵੀ ਦੇਖਾਂਗੇ ਕਿ ਉਹਦਾ ਕਿੰਨਾ ਮਾੜਾ ਚਰਿੱਤਰ ਸੀ। ਕਿੰਨਾ ਸਾਧੂਆਂ ਦੇ ਖਿਲਾਫ ਸੀ, ਕਿੰਨਾ ਅਗਿਆਨੀ ਸੀ। ਦੋਹਾਂ ਦੇ ਵਿਚੋਂ ਅਸੀਂ ਇਕ ਨੂੰ ਛੱਡਾਂਗੇ, ਇਕ ਨੂੰ

ਅਪਨਾਵਾਂਗੇ। ਸੋ ਇਹ ਜਿਹੜੇ ਖਿਆਲ ਹੁੰਦੇ ਨੇ, ਹਾਂ ਜੀ, ਫਲਾਣੇ ਇਹਨੂੰ ਐਉਂ ਮੰਨਦੇ ਸੀ, ਅਸੀਂ ਨਹੀਂ ਮੰਨਦੇ। ਇਹ ਨਵਾਂ ਹੀ ਕੰਮ ਬਗੈਰ ਸੋਚ ਸਮਝ ਕੇ ਕਰਦੇ ਹਾਂ। ਸਕੂਲ ਵੀ ਐਸੇ ਨੇ, ਮਿਸ਼ਨਰੀਆਂ ਦੇ ਸਕੂਲ ਨੇ। ਬਾਅਦ ਦਾ ਵਿਚਾਰ ਨਹੀਂ ਕਰਦੇ। ਸਾਇੰਟੇਫਿਕ ਪੱਖ ਨਹੀਂ ਲੈਂਦੇ। ਇਕੋ ਗੱਲ ਕਹਿੰਦੇ ਨੇ ਕਿ ਜੀ ਇਹ ਤਾਂ ਹਿੰਦੂ ਐਉਂ ਕਰਦੇ ਹੁੰਦੇ, ਓ ਹਿੰਦੂ ਸਾਡੇ ਬਾਪ ਦਾਦੇ ਸੀਗੇ ਕੋਈ ਹੋਰ ਤਾਂ ਨਹੀਂ ਸੀਗੇ। ਕੋਈ ਅਸਮਾਨਾਂ ਤੋਂ ਨਹੀਂ ਤਾਂ ਨਹੀਂ ਆਏ ਅਸੀਂ, ਬਈ ਸਪੈਸ਼ਲ ਸਾਡਾ ਖ਼ੂਨ ਹੋ ਗਿਆ, ਸਪੈਸ਼ਲ ਸਾਡੀ ਗੱਲਬਾਤ ਹੋ ਗਈ। ਅਸੀਂ ਉਨ੍ਹਾਂ ਸਾਰਿਆਂ ਦੇ ਵਿਚੋਂ ਜਿਵੇਂ ਰਿੜਕ ਕੇ ਕੱਢ ਲਈਦਾ ਹੈ ਜਾਂ ਫਿਲਟਰ ਕਰਕੇ ਕੱਢ ਲਈਦਾ ਹੈ, ਜਿਵੇਂ ਮੱਖੀਆਂ ਸ਼ਹਿਦ ਲੈ ਆਉਂਦੀਆ ਨੇ ਹੈ ਤਾਂ ਫੁੱਲ ਰੰਗਾਂ-ਰੰਗਾਂ ਦੇ ਉਨ੍ਹਾਂ ਚੋਂ ਨਿਚੋੜ ਲਿਆਉਂਦੀਆ ਨੇ। ਅਸੀਂ ਵੀ ਸਾਰੇ ਲੰਘ ਚੁੱਕੇ ਵਾਕਿਆਤ ਦੇ ਵਿਚੋਂ, ਧਰੂੰ ਦਾ ਵੀ ਅਸੀਂ ਚਰਿੱਤਰ ਲੈਣਾ ਹੈ, ਪ੍ਰਹਿਲਾਦ ਦਾ ਵੀ ਲੈਣਾ ਹੈ, ਗਣਕਾ ਦਾ ਵੀ ਦੇਖਣਾ ਹੈ, ਅਜਾਮਲ ਦਾ ਵੀ ਧਿਆਨ ਕਰਨਾ ਹੈ। ਬੇਣੀ ਭਗਤ ਦਾ ਵੀ, ਨਾਮਦੇਵ ਦਾ ਵੀ, ਕਬੀਰ ਸਾਹਿਬ ਦਾ ਵੀ, ਸਧਨੇ ਦਾ ਵੀ, ਧੰਨੇ ਦਾ; ਜੇ ਇਹ ਗੁਰੂ ਗ੍ਰੰਥ ਸਾਹਿਬ ਦੇ ਵਿਚੋਂ ਤਾਂ ਬਾਕੀ ਸਾਡੇ ਕੋਲ ਕੁਛ ਵੀ ਨਹੀਂ ਰਹਿੰਦਾ। ਇਕ ਜੜ੍ਹਪੁਣਾ ਆ ਜਾਏਗਾ, ਨਾ ਭਗਤੀ ਨੂੰ ਜੀਅ ਕਰੇਗਾ, ਨਾ ਕੋਈ ਰਸ ਆਏਗਾ। ਸੋ ਇਹ ਗੱਲਾਂ ਆਮ ਤੌਰ ਤੇ ਹੋਇਆ ਕਰਦੀਆ ਨੇ। ਸੋ ਇਹ ਜੋ ਮਹੀਨਾ ਮਾਘ ਹੈ ਏਸ ਦਾ ਜਿਹੜਾ ਸਾਡੀ ਸਿਹਤ 'ਤੇ ਅਸਰ ਪੈਂਦਾ ਹੈ, ਸਾਡੇ ਖਿਆਲਾਂ 'ਤੇ ਪੈਂਦਾ ਹੈ। ਮਾਘ ਤੇ ਫੱਗਣ ਦੋ ਮਹੀਨੇ ਬੰਦੇ ਦੇ ਸਰੀਰ ਨੂੰ setup ਕਰਨ ਵਾਸਤੇ ਬਹੁਤ ਹੀ ਵਧੀਆ ਮਹੀਨਾ ਹੈ। ਇਹਦੇ 'ਚ ਖੁਸ਼ੀ ਆਪਣੇ ਆਪ ਆਉਂਦੀ ਹੈ। ਕਿਉਂ ਆਉਂਦੀ ਹੈ ਕਿਉਂਕਿ ਸਾਰੇ ਵਾਤਾਵਰਣ ਦੇ ਵਿਚ ਨਵਾਂ ਰਸ ਸ਼ੁਰੂ ਹੋ ਜਾਂਦਾ ਹੈ। ਕਿਤੇ ਫੁੱਲ ਨਿਕਲ ਰਹੇ ਨੇ ਸਰ੍ਹੋਂ ਦੇ, ਕਿਤੇ ਕੋਪਲਾਂ ਨਿਕਲ ਰਹੀਆਂ ਨੇ ਦਰਖਤਾਂ ਦੀਆਂ, ਰੰਗ ਬਦਲ ਰਹੇ ਨੇ। ਦਰਖਤ ਸੋਹਣੇ ਲਗ ਰਹੇ ਨੇ, ਹਰਿਆਵਲ ਆ ਰਹੀ ਹੈ, ਰਸ ਭਰਿਆ ਪਿਆ ਹੈ ਉਨ੍ਹਾਂ ਦੇ ਅੰਦਰ, ਉਨ੍ਹਾਂ ਦਾ ਜਿਹੜਾ ਆਲਾ-ਦੁਆਲਾ ਹੈ ਨਾ ਉਹ ਵੀ ਦੂਸ਼ਿਤ ਨਹੀਂ ਹੈ, ਉਹ ਵੀ ਖੁਸ਼ੀਆਂ ਦੇਣ ਵਾਲਾ ਹੈ, ਸਹਿਜ ਦੀਆਂ ਖੁਸ਼ੀਆਂ। ਪਸ਼ੂ ਪੰਛੀਆਂ ਦੇ ਵਿਚ ਪਰਿਵਰਤਨ ਆਉਂਦਾ ਹੈ। ਸਭ ਦੇ ਵਿਚ ਆਉਂਦਾ ਹੈ। ਮਹਾਰਾਜ ਕਹਿੰਦੇ ਬਸੰਤ ਰੁੱਤ ਆਉਂਦੀ ਹੈ, ਹਰ ਬੰਦੇ ਦੇ ਖਿਆਲਾਂ ਦੇ ਵਿਚ, ਖ਼ੂਨ ਦੇ ਵਿਚ ਕੁਝ ਨਵੀਂ ਚੀਜ਼ ਦਾਖਲ ਹੁੰਦੀ ਹੈ। ਨਵੇਂ ਖਿਆਲ ਆਉਂਦੇ ਨੇ, ਨਵੇਂ ਵਲਵਲੇ ਉਠਦੇ ਨੇ, ਨਵੇਂ ਇਰਾਦੇ ਬਣਦੇ ਨੇ, ਜੀਅ ਕਰਦਾ ਹੈ ਕਿ ਹੁਣ ਭਜਨ ਕਰੀਏ। ਕੁਦਰਤੀ ਮਨ ਵਿਚ ਆਉਂਦਾ ਹੈ ਕਿ ਉਠ ਕੇ ਇਸ਼ਨਾਨ ਕਰੀਏ ਤੇ ਭਜਨ ਕਰਨ ਦਾ ਬਾਨਣੂੰ ਬੰਨੀਏ, ਮਾਘ ਦਾ ਮਹੀਨਾ ਆ ਗਿਆ। ਗੁਰੂ ਮਹਾਰਾਜ ਨੇ ਜੋ ਉਪਦੇਸ਼ ਦਿਤਾ ਹੈ ਸਾਨੂੰ, ਉਹਦੀ ਜਿਹੜੀ ਮੁਖ ਲਾਈਨ ਹੈ ਉਹ ਹੈ ਕਿ ਪਿਆਰਿਓ ਪੋਹ ਦੇ ਵਿਚ ਜੀਵਨ Freeze ਹੋ ਗਿਆ ਸੀ, ਹਰ ਪਾਸਿਓਂ। ਦਰਖਤਾਂ ਦੇ ਪੱਤੇ ਝੜਨੇ ਸ਼ੁਰੂ ਹੋ ਗਏ, ਪਾਣੀ ਜੰਮਣ ਲਗ ਗਿਆ, ਬਹੁਤ ਜ਼ਿਆਦਾ ਤੁਖਾਰ, ਕੋਰਾ ਵੀ ਪੈਂਦਾ ਸੀ, ਬਰਫ ਵੀ ਗਿਰਦੀ ਸੀ, ਠੰਢੀਆਂ ਹਵਾਵਾਂ ਵੀ ਆਉਂਦੀਆ ਸੀ, ਉਹ ਸਰੀਰ ਨੂੰ ਨੁਕਸਾਨ ਪਹੁੰਚਾਉਂਦੀਆਂ ਸੀ, ਠਾਰਦੀਆਂ ਸੀ, ਮਾਘ ਦੀ ਜਿਹੜੀ ਹਵਾ ਹੁੰਦੀ ਹੈ, ਬੇਸ਼ਕ ਠੰਢੀ ਹੋਵੇ ਉਹਦੀ ਤਾਸੀਰ ਹੋਰ ਹੁੰਦੀ ਹੈ। ਪੋਹ ਵਾਲੀ ਤਾਸੀਰ ਨਹੀਂ ਹੁੰਦੀ, ਹਵਾ ਦੀ ਵੀ ਤਾਸੀਰ ਬਦਲਦੀ ਹੈ। ਇਹਦੇ 'ਚ ਖੁਸ਼ੀ ਆਉਂਦੀ ਹੈ, ਨਵੇਂ ਇਰਾਦੇ ਆਉਂਦੇ ਨੇ, ਨਵਾਂ ਉਤਸ਼ਾਹ ਆਦਮੀ ਦੇ ਅੰਦਰ ਆਉਂਦਾ ਹੈ। ਬੜੇ ਸਿਆਣੇ ਲੋਕ ਨੇ ਜਿਨ੍ਹਾਂ ਨੇ ਵਿਦਿਆਰਥੀਆਂ ਦੇ ਇਮਤਿਹਾਨ ਆ ਕੇ ਫੱਗਣ ਤੇ ਮਾਘ ਦੇ ਅੰਤ ਵਿਚ ਰੱਖੇ ਨੇ। ਉਹ ਇਹ ਹੈ ਕਿ ਇਸ ਵੇਲੇ ਦਿਮਾਗ ਪੂਰੀ ਤਰ੍ਹਾਂ ਖਿੜਦਾ ਹੁੰਦਾ ਹੈ। ਜੇਠ, ਹਾੜ੍ਹ ਦੇ ਵਿਚ ਮੁਰਝਾਉਂਦਾ ਹੁੰਦਾ ਹੈ। ਚੰਗੇ ਭਲੇ ਅਕਲ ਵਾਲੇ ਬੰਦੇ ਦੀ ਅਕਲ ਮਾਰੀ ਜਾਂਦੀ ਹੈ, ਸਾਉਣ ਵਿਚ, ਵੱਟਾਂ 'ਚ। ਭਾਦੋਂ ਵਿਚ ਤਾਂ ਬਿਲਕੁਲ ਹੀ ਜਾਂਦਾ ਰਹਿੰਦਾ ਹੈ। ਹੁਣ ਇਹ ਸਰੀਰ 'ਤੇ ਅਸਰ ਕਰਦੀ ਹੈ ਚੀਜ਼। ਮਹਾਰਾਜ ਕਹਿੰਦੇ ਪਿਆਰਿਓ! ਮਾਘ ਦਾ ਮਹੀਨਾ ਹੈ, ਇਹਦੇ ਵਿਚ ਤੁਸੀਂ ਪ੍ਰੋਗਰਾਮ ਬਣਾਓ। ਉਹ ਇਹ ਹੈ ਕਿ ਤੁਸੀਂ ਇਸ਼ਨਾਨ ਕਰੋ। ਇਸ਼ਨਾਨ ਤਾਂ ਰੋਜ਼ ਹੀ ਕਰਦੇ ਓਂ। ਪਰ ਤੁਸੀਂ ਸਾਧੂਆਂ ਦੀ ਸੰਗਤ 'ਚ ਜਾਣ ਰੂਪੀ ਇਸ਼ਨਾਨ ਕਰੋ।

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥

ਅੰਗ - ੧੩੬

ਸਾਧੂ ਦੀ ਸੰਗਤ ਕਰੋ ਤੁਸੀਂ ਇਰਾਦਾ ਬਣਾ ਕੇ। ਦੋਵੇਂ ਤਰ੍ਹਾਂ ਦੀ ਧੂੜੀ। ਇਹ ਨਹੀਂ ਕਿ ਚਰਨ ਧੂੜ ਦੀ ਹੀ। ਚਰਨ ਧੂੜ ਤਾਂ ਬਹੁਤ ਪਵਿੱਤਰ ਹੈ। ਬਾਰ-ਬਾਰ ਗੁਰੂ ਗ੍ਰੰਥ ਸਾਹਿਬ ਵਿਚ ਚਰਨ ਧੂੜ ਦਾ ਜ਼ਿਕਰ ਆਉਂਦਾ ਹੈ।

ਗੁਰਸਿਖਾਂ ਕੀ ਹਰਿ ਧੂੜਿ ਦੇਹਿ
ਹਮ ਪਾਪੀ ਭੀ ਗਤਿ ਪਾਂਹਿ ॥ ਅੰਗ - ੧੪੨੪
ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
ਨਾਨਕ ਦਾਸੁ ਇਹੈ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ ॥ ਅੰਗ - ੧੩

ਕੋਈ ਬੜਾ process ਹੈ ਜਿਹੜਾ ਹਾਲੇ ਤਕ ਸਾਡੇ ਸਮਝ ਵਿਚ ਨਹੀਂ ਆਇਆ ਕਿ ਗੁਰੂ ਮਹਾਰਾਜ ਨੇ ਸੰਤਾਂ ਦੀ ਧੂੜ ਹੋਣ ਦਾ ਕਿਉਂ ਇਹ ਵਰ ਮੰਗਿਆ। ਕੋਈ ਬਹੁਤ ਉਚੀ ਚੀਜ਼ ਮੰਨੀ ਹੈ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਦੀਵਾਨ ਵਿਚ ਸ਼ੁਸ਼ੋਭਤ ਨੇ, ਦੂਰ ਦੀ ਸੰਗਤ ਆਈ। ਕਈ ਪ੍ਰੇਮੀ ਉਠੇ, ਮਹਾਰਾਜ ਕਹਿੰਦੇ ਪਿਆਰਿਓ! ਕੀ ਗੱਲ? ਕਹਿੰਦੇ ਸੱਚੇ ਪਾਤਸ਼ਾਹ! ਇਕ ਗੱਲ ਸਾਨੂੰ ਸਮਝ 'ਚ ਨਹੀਂ ਆ ਰਹੀ। ਸੰਸਾਰ ਦੇ ਜਦੋਂ ਹਾਲਾਤ ਦੇ ਵਿਚੀਂ ਲੰਘਦੇ ਹਾਂ ਤਾਂ ਅਸੀਂ ਭਾਗਸ਼ੀਲ ਉਹਨੂੰ ਕਹਿੰਦੇ ਹਾਂ ਜਿਸਨੂੰ ਸੋਹਣਾ ਸੁੰਦਰ ਬੇਟਾ ਦਿਤਾ ਹੋਵੇ। ਉਸ ਤੋਂ ਵੀ ਭਾਗਸ਼ੀਲ ਹੁੰਦਾ ਹੈ ਕਿ ਜਿਹਨੂੰ ਨਾਲ ਰਹਿਣ ਵਾਸਤੇ ਸੋਹਣੀ ਕੋਠੀ ਦਿਤੀ ਹੋਵੇ। ਓਸ ਤੋਂ ਵੀ ਭਾਗਸ਼ੀਲ ਉਹ ਹੁੰਦਾ ਹੈ ਜਿਹਨੂੰ ਇਨ੍ਹਾਂ ਦੋਹਾਂ ਚੀਜ਼ਾਂ ਦੇ ਨਾਲ ਪੈਸਾ ਵੀ ਦਿਤਾ ਹੋਵੇ ਖਰਚਣ ਵਾਸਤੇ। ਓਸ ਤੋਂ ਵੀ ਵੱਡੇ ਭਾਗ ਹੋਇਆ ਕਰਦੇ ਨੇ, ਜਿਹਦੇ ਕੋਲ ਪੈਸਾ ਵੀ ਹੋਵੇ

ਰਿਹਾਇਸ਼ ਵੀ ਸੋਹਣੀ ਹੋਵੇ। ਓਲਾਦ ਵੀ ਸਹੀ ਹੋਵੇ, ਤੇ ਨਾਲ ਕੋਈ ਚੰਗਾ ਅਹੁਦਾ ਵੀ ਹੋਵੇ, ਪਦਵੀ ਵੀ ਹੋਵੇ। ਕਿਸੇ ਨੇ ਕਿਹਾ ਕਿ ਸੱਚੇ ਪਾਤਸ਼ਾਹ! ਇਹ ਸਾਰੀਆਂ ਚੀਜ਼ਾਂ ਵੀ ਹੋਣ, ਪਦਵੀ ਵੀ ਹੋਵੇ ਤੇ ਉਹਦੀ ਮਹਿਮਾ ਵੀ ਹੁੰਦੀ ਹੋਵੇ। ਉਹਦਾ ਜਸ ਵੀ ਹੁੰਦਾ ਹੋਵੇ। ਇਸ ਤਰ੍ਹਾਂ ਆਪਣੇ-ਆਪਣੇ ਖਿਆਲਾਂ ਦੇ ਨਾਲ ਗੁਰੂ ਮਹਾਰਾਜ ਜੀ ਨੂੰ ਬੇਨਤੀ ਕਰਕੇ ਪੁੱਛਣ ਲੱਗੇ ਕਿ ਪਾਤਸ਼ਾਹ! ਅਸੀਂ ਤਾਂ ਆਪਣੇ ਮਨ ਦੀਆਂ ਸੋਚਾਂ ਨਾਲ ਹਿਸਾਬ ਲਾਉਂਦੇ ਹਾਂ ਕ੍ਰਿਪਾ ਕਰਕੇ ਆਪ ਹੀ ਫੁਰਮਾਨ ਕਰੋ ਕਿ ਸੰਸਾਰ ਦੇ ਅੰਦਰ ਭਾਗਸ਼ੀਲ ਕੌਣ ਹੋਇਆ ਕਰਦਾ ਹੈ?

ਮਹਾਰਾਜ ਕਹਿੰਦੇ, ਪਿਆਰਿਓ! ਭਾਗਸ਼ੀਲ ਉਹ ਹੁੰਦਾ ਹੈ ਜਿਹੜਾ ਸਭ ਤੋਂ ਵੱਡਾ ਹੋਵੇ। ਜਿਹਦੇ ਕੋਲ ਸਭ ਕੁਛ ਹੋਵੇ। ਜਿਸ ਕੋਲ ਕਿਸੇ ਚੀਜ਼ ਦਾ ਵੀ ਤੋਟਾ ਨਾ ਹੋਵੇ। ਉਸ ਵੇਲੇ ਮਹਾਰਾਜ ਨੇ ਫੁਰਮਾਨ ਕੀਤਾ ਕਿ -

ਭਾਗਠੜੇ ਹਰਿ ਸੰਤ ਤੁਮ੍ਾਰੇ ....।।

ਉਹ ਸੰਤ -

........ਜਿਨ੍ ਘਰਿ ਧਨੁ ਹਰਿ ਨਾਮਾ॥

ਉਨ੍ਹਾਂ ਤੋਂ ਤਾਂ ਵੱਡਾ ਕੋਈ ਹੈ ਹੀ ਨਹੀਂ ਦੁਨੀਆਂ ਦੇ ਅੰਦਰ, ਜਿਹਦੇ ਕੋਲ ਨਾਮ ਦਾ ਧਨ ਆ ਗਿਆ, ਜੋ ਸਿੱਕਾ ਹਰ ਥਾਂ ਦੇ ਉਤੇ ਚਲਦਾ ਹੈ। ਹੁਣ ਰੁਪਈਆ ਲੈ ਕੇ ਤੁਸੀਂ ਅਮਰੀਕਾ ਚਲੇ ਜਾਓ, ਇਕ ਕਾਗਜ਼ ਹੀ ਹੁੰਦਾ ਹੈ ਉਥੇ। ਜਦ ਤਕ ਤੁਸੀਂ convert ਨਹੀਂ ਕਰਾਉਂਦੇ। ਲੇਕਿਨ ਕੁਛ ਧਨ ਐਸਾ ਹੁੰਦਾ ਹੈ ਜਿਹੜਾ ਹਰ ਥਾਂ ਦੇ ਉਤੇ, ਪਹੁੰਚ ਕੇ ਸਭ ਤੋਂ ਸ੍ਰੇਸ਼ਟ ਮੁੱਲ ਲਗਦਾ ਹੈ। ਉਹ ਹੈ ਨਾਮ ਦਾ ਧਨ। ਮਹਾਰਾਜ ਕਹਿੰਦੇ -

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥ ਅੰਗ - ੨੬੪

ਜਦੋਂ ਸੰਸਾਰ ਤੋਂ ਜੀਵ ਜਾਂਦਾ ਹੈ, ਕੋਹ ਗਿਣੇ ਨਹੀਂ ਜਾਂਦੇ। ਉਥੇ ਤੋਸਾ ਨਾਮ ਦਾ ਹੈ।

ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜੀਆਰਾ ॥ ਅੰਗ - ੨੬੪

ਇਕ ਪ੍ਰੇਤ ਨਾਲ ਮੇਰੀ ਗੱਲਬਾਤ ਹੋਈ ਬੜੀ ਲੰਮੀ ਚੌੜੀ, ਪੜ੍ਹਿਆ ਲਿਖਿਆ ਪ੍ਰੇਤ ਸੀਗਾ। ਮੌਲਵੀ ਸੀ, ਪ੍ਰੇਤ ਬਣ ਗਿਆ, ਸੁਲੇਮਾਨ ਉਹਦਾ ਨਾਉਂ ਸੀ। ਮੈਂ ਕਿਹਾ ਕਿ ਤੂੰ ਐਉਂ ਦੱਸ ਜਦੋਂ ਤੈਨੂੰ ਲੈ ਕੇ ਗਏ ਨੇ, ਕੁਛ ਰਾਹ ਦਾ ਵੇਰਵਾ ਦੱਸ। ਗੱਲਬਾਤ ਫਲਸਫੇ ਦੀ ਕਰਦਾ ਸੀ, ਮਾੜਾ ਮੋਟਾ ਪ੍ਰੇਤ ਨਹੀਂ ਸੀ ਉਹ। ਬਹੁਤ ਪਤੇ ਦੀ ਗੱਲ ਕਰਦਾ ਸੀ।

ਇਕ ਵਾਰੀ ਮੈਂ ਕਿਹਾ ਬਈ ਤੂੰ ਬਾਬੇ ਫਰੀਦ ਦੇ ਦਰਸ਼ਨ ਕਰੇ ਨੇ ਕਿਉਂਕਿ ਉਹਦੀ ਉਮਰ ਇਕ ਹਜ਼ਾਰ ਸਾਲ ਸੀ। ਕਹਿੰਦਾ, ਕੌਨ ਸੇ ਫਰੀਦ ਕੋ। ਮੈਂ ਕਿਹਾ ਜਿਹੜਾ ਬਾਬਾ ਫਰੀਦ ਹੈ, ਜਿਸਦੀ ਬਾਣੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਹੈ। ਉਹ ਮੈਨੂੰ ਗਿੱਲ ਸਾਹਿਬ ਕਹਿੰਦਾ ਹੁੰਦਾ ਸੀ। ਹੱਸਿਆ, ਕਹਿੰਦਾ ਗਿੱਲ ਸਾਹਿਬ! ਆਪ ਕੋ ਭੀ ਨਹੀਂ ਪਤਾ ਕਿ ਬਾਣੀ ਕੌਨ ਸੇ ਫਰੀਦ ਕੀ ਗੁਰੂ ਗ੍ਰੰਥ ਸਾਹਿਬ ਮੇਂ ਹੈ? ਮੈਂ ਚੁੱਪ ਕਰ ਗਿਆ, ਮੈਂ ਕਿਹਾ ਇਹਨੂੰ ਪਤਾ ਹੈ। ਕਹਿੰਦਾ ਇਸ ਮੇਂ ਜੋ ਬਾਰ੍ਹਵਾਂ ਫਰੀਦ ਹੋਇਆ ਹੈ ਨਾ ਉਸ ਕੀ ਬਾਣੀ ਹੈ। ਆਪ ਉਸ ਕੋ ਸ਼ੇਖ ਬ੍ਰਹਮ ਕਹਤੇ ਹੋ, ਇਬਰਾਹੀਮ ਬੀ ਉਸ ਕੋ ਕਹਤੇ ਹੈਂ। ਹਾਂ, ਹੁਆ ਹੈ। ਤੇ ਮੈਂ ਉਹਨੂੰ ਪੁਛਿਆ ਕਿ ਹੁਣ ਦੱਸ ਤੂੰ ਕਿ ਅੱਗੇ ਕੀ ਹਾਲ ਸੀ। ਉਹ ਰੋਣ ਲਗ ਗਿਆ, ਉਚੀ-ਉਚੀ ਰੋਵੇ ਉਹਦੇ ਵਿਚ। ਮੈਂ ਕਿਹਾ ਰੋਂਦਾ ਕਿਉਂ ਹੈਂ, ਮੈਂ ਤਾਂ ਤੇਰੇ ਤੇ ਸਵਾਲ ਕਰਿਆ ਹੈ। ਕਹਿੰਦਾ ਮੈਨੂੰ ਨਾ ਯਾਦ ਕਰਾਉਂਦੇ ਤਾਂ ਚੰਗਾ ਸੀ। ਉਹ ਐਨਾ ਦੁਖ ਭਰਿਆ ਰਾਹ ਹੈ ਕਿ ਅਜੇ ਤਕ ਨਹੀਂ ਮੈਂ ਭੁੱਲ ਸਕਿਆ। ਕਹਿੰਦਾ ਇਕ ਵਣ ਪੱਤਰ ਆਉਂਦਾ ਹੈ ਉਥੇ ਉਹਦੇ ਪੱਤੇ ਤਲਵਾਰਾਂ ਦੇ ਬਣੇ ਹੋਏ ਨੇ, ਤਲਵਾਰਾਂ ਤੋਂ ਵੀ ਤਿੱਖੇ। ਉਹ ਐਨੇ ਸੰਘਣੇ ਪੱਤੇ ਝੜਦੇ ਨੇ, ਹਰ ਵਕਤ ਜਿਹੜਾ ਥੱਲੇ ਜਾਂਦਾ ਹੈ ਉਹਨੂੰ ਲਹੂ ਲੁਹਾਨ ਕਰ ਦਿੰਦੇ ਨੇ। ਕਹਿੰਦਾ ਜਦੋਂ ਮੈਂ ਉਥੋਂ ਦੀ ਲੰਘਿਆਂ ਮੇਰੇ ਸਿਰ ਦੇ ਵਿਚ ਤਲਵਾਰਾਂ, ਸੂਏ ਮੇਰੇ ਉਤੇ ਗਿਰੀ ਜਾਣ, ਖੁਭੀ ਜਾਣ, ਮੈਂ ਬਹੁਤ ਰੋਇਆ-ਬਹੁਤ ਰੋਇਆ। ਬੜਾ ਲੰਮਾ ਵਣ ਹੈ। ਫੇਰ ਕਹਿਣ ਲੱਗਿਆ ਉਸ ਤੋਂ ਬਾਅਦ ਹਨ੍ਹੇਰਾ ਆ ਗਿਆ। ਦੁਨੀਆਂ 'ਚ ਤਾਂ ਹੈ ਹੀ ਨਹੀਂ ਹਨ੍ਹੇਰਾ, ਇਥੇ ਤਾਂ ਘੱਟ ਚਾਨਣੇ ਨੂੰ ਹਨ੍ਹੇਰਾ ਕਹਿੰਦੇ ਨੇ। ਬਹੁਤ ਘੱਟ ਦਰਜੇ ਦਾ ਚਾਨਣਾ ਹੋਵੇ ਉਹਨੂੰ ਹਨ੍ਹੇਰਾ ਕਹਿੰਦੇ ਨੇ। ਹਨ੍ਹੇਰਾ ਤਾਂ ਉਥੇ ਹੈ ਜਿਥੇ ਪਤਾ ਹੀ ਨਹੀਂ ਹੈ ਕੁਛ। ਕਹਿੰਦਾ, ਉਥੇ ਮੈਨੂੰ ਘੜੀਸ-ਘੜੀਸ ਕੇ ਲੈ ਕੇ ਗਏ, ਮੈਨੂੰ ਰਾਹ ਨਾ ਲੱਭੇ, ਉਚੇ ਨੀਵੇਂ ਬਹੁਤ ਭੈੜਾ ਰਾਹ, ਮੇਰੇ ਗਲ 'ਚ ਸੰਗਲ ਪਾਇਆ ਹੋਇਆ ਸੀ, ਮੈਨੂੰ ਘੜੀਸੀਂ ਲਈਂ ਜਾਂਦੇ ਸੀ। ਇਸੇ ਕਰਕੇ ਮਹਾਰਾਜ ਐਸਾ ਫੁਰਮਾਨ ਕਰਦੇ ਨੇ -

ਧਾਰਨਾ - ਦਰਗਾਹ ਵਿਚ ਸੰਗਲ ਪੈਣਗੇ
ਉਥੇ ਕੌਣ ਛੁਡਾਊ ਤੇਰਾ ਦਰਦੀ।

ਆਪੀਨੈ ਭੋਗ ਭੋਗਿ ਕੈ ਹੋਇ
ਭਸਮੜਿ ਭਉਰੁ ਸਿਧਾਇਆ ॥
ਵਡਾ ਹੋਆ ਦੁਨੀਦਾਰੁ
ਗਲਿ ਸੰਗਲੁ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ
ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨ ਹੋਵੀ ਪਉਦੀਈ
ਹੁਣਿ ਸੁਣੀਐ ਕਿਆ ਰੂਆਇਆ ॥
ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪

ਸੰਗਲ ਪਾ ਲੈਂਦੇ ਨੇ ਜਿਵੇਂ ਜਾਨਵਰਾਂ ਦੇ ਪਾ ਲੈਂਦੇ ਨੇ। ਮੌਲਵੀ ਸੀ ਬੜਾ ਵਧੀਆ। ਕੁਰਾਨ ਸ਼ਰੀਫ ਦਾ ਸਭ ਕੁਛ ਜਾਣਦਾ ਸੀ, ਸ਼ਕਤੀਸ਼ਾਲ ਸੀ। ਕਹਿੰਦਾ ਅਠਾਰ੍ਹਾਂ ਸਾਲ ਬੈਠ ਕੇ ਮੈਂ ਇਥੇ ਤਪ ਕਰਿਆ ਸੀ। ਪਰ ਤੰਤਰ ਵਿਦਿਆ ਉਸ ਕੋਲ ਬਹੁਤ ਸੀ, ਭੂਤ-ਪ੍ਰੇਤ ਕਾਬੂ ਕਰੇ ਹੋਏ ਸੀ, ਮੈਨੂੰ ਵੀ ਕਹਿਣ ਲੱਗਿਆ ਕਿ ਮੈਂ ਤੁਹਾਨੂੰ ਤੰਤਰ ਵਿਦਿਆ ਸਿਖਾਉਣੀ ਹੈ। ਮੈਂ ਕਿਹਾ ਕਿਵੇਂ? ਉਹ ਜਦੋਂ ਮੈਨੂੰ ਦੱਸਣ ਲੱਗਿਆ ਮੈਂ ਕੰਨ ਬੰਦ ਕਰ ਲਏ। ਉਹ ਅੱਖਾਂ ਮੀਚ ਕੇ ਬੋਲਦਾ ਸੀ। ਮੈਨੂੰ ਕਹਿਣ ਲੱਗਿਆ ਕਿ ਆਪ

ਨੇ ਤੋ ਕਾਨ ਬੰਦ ਕਰ ਲੀਏ। ਮੈਂ ਕਿਹਾ ਮੈਂ ਨਹੀਂ ਸੁਣਨਾ, ਮੇਰੇ ਸੰਸਕਾਰ ਬਣ ਜਾਣਗੇ। ਐਵੇਂ ਕਿਤੇ ਮੈਂ ਕਰਨ ਬਹਿ ਜਾਵਾਂ। ਤੂੰ ਪ੍ਰੇਤ ਬਣ ਜਾ, ਮੈਂ ਵੀ ਪ੍ਰੇਤ ਨਾ ਬਣ ਜਾਵਾਂ। ਕਿਉਂਕਿ ਪ੍ਰਮੇਸ਼ਰ ਦੇ ਨਾਮ ਦੀ ਗੱਲ ਹੋਰ ਹੈ, ਮੰਤਰ ਸਾਧਣ ਦੀ ਗੱਲ ਹੋਰ ਹੈ। ਕਹਿਣ ਲੱਗਿਆ ਜਦ ਹਨ੍ਹੇਰਾ ਆਇਆ, ਉਥੇ ਸੰਗਲ ਪਾਇਆ ਹੋਇਆ ਸੀ ਤੇ ਮੈਨੂੰ ਧੂਹੀ ਜਾਣ, ਜਿਵੇਂ ਮਰੇ ਹੋਏ ਕੁੱਤੇ ਨੂੰ ਧੂਹੀ ਜਾਂਦੇ ਨੇ, ਤਕੜੇ ਬਹੁਤ ਸੀ ਉਹ। ਬਹੁਤ ਮੈਂ ਰੋਇਆ। ਫੇਰ ਰੋਣ ਲਗ ਗਿਆ। ਮੈਂ ਕਿਹਾ, ਹੁਣ ਕਿਉਂ ਰੋਂਦਾ ਹੈਂ। ਮੈਂ ਕਿਹਾ ਮੇਰੇ ਯਾਦ ਆ ਗਿਆ, ਉਹ ਰਸਤਾ ਬੜਾ ਮਾੜਾ ਹੈ। ਕਹਿੰਦਾ, ਗੁਰੂ, ਪੀਰ, ਪੈਗੰਬਰ, ਅਉਲੀਏ ਸਭ ਦਸਦੇ ਨੇ ਪਰ ਇਹ ਜੀਵ ਐਹੋ ਜਿਹਾ ਹੈ ਇਹਨੂੰ ਸੁਰਤ ਹੀ ਨਹੀਂ ਆਉਂਦੀ ਹੈ -

ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ
ਦਿਤੀਆਂ ਬਾਗਾਂ ਤੋਂ ਨਾ ਜਾਗਦੇ।

ਫਰੀਦਾ ਕੂਕੇਦਿਆ ਚਾਂਗੇਦਿਆ
ਮਤੀ ਦੇਦਿਆ ਨਿਤ ॥
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥
ਅੰਗ - ੧੩੭੮

ਚਾਰੇ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਿਤੀਆਂ, ਉਪਨਿਸ਼ਦਾਂ, ਗੁਰੂ ਗ੍ਰੰਥ ਸਾਹਿਬ, ਗੀਤਾ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਅਨੇਕਾਂ ਧਰਮ ਗ੍ਰੰਥ, ਅਨੇਕਾਂ ਮਹਾਤਮਾ; ਏਸ ਜੀਵ ਨੂੰ ਸਮਝਾ-ਸਮਝਾ ਕੇ ਦਸਦੇ ਨੇ ਕਿ ਪਿਆਰਿਆ! ਤੋਸਾ ਬੰਨ੍ਹ ਲੈ ਜਿਹੜਾ ਤੇਰਾ ਦਰਗਾਹ ਵਿਚ ਕੰਮ ਆਵੇ। ਆਹ ਚੀਜ਼ਾਂ ਜਿਹਦੇ ਵਿਚ ਤੂੰ ਪਰਚਿਆ ਹੋਇਆ ਹੈਂ ਤੇਰੇ ਨਾਲ ਨਹੀਂ ਜਾਣੀਆਂ -

ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥
ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥
ਅੰਗ - ੧੩੬੫

ਕਰੋੜਾਂ ਵਾਲੇ ਵੀ ਇਥੋਂ ਤੁਰ ਗਏ। ਬਣਾ ਲੈ ਜੇ ਤੇਰੇ ਤੋਂ ਕੁਛ ਬਣਦਾ ਹੈ ਆਪਣਾ। ਕਹਿੰਦੇ ਅਫਸੋਸ!

ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥
ਅੰਗ - ੧੩੭੮

ਜਿਹਦੇ ਮਨ ਵਿਚ ਸ਼ੈਤਾਨ ਬਹਿ ਗਿਆ ਕਹਿੰਦੇ ਉਹ ਚਿਤ ਫੇਰਨ ਕਿਵੇਂ ਦਿੰਦਾ ਹੈ। ਸਮਝਣਾ ਹੀ ਹੁੰਦਾ ਹੈ।

ਕਹਿਣ ਲੱਗਿਆ, ਹੁਣ ਮੈਂ ਗੱਲ ਦਸਦਾ ਹਾਂ, ਮੇਰੀ ਗੱਲ ਦਾ ਕਿੰਨਾ ਕੁ ਇਤਬਾਰ ਕਰਨਗੇ ਦੁਨੀਆਂ ਵਾਲੇ। ਇਕ ਨੇ ਵੀ ਨਹੀਂ ਕਰਨਾ।

ਪਰ ਸਾਡਾ ਜੋ ਮਤਲਬ ਹੈ ਉਹ ਇਹ ਹੈ ਕਿ ਪਿਆਰਿਓ! ਜਦੋਂ ਉਹ ਰਸਤਾ ਆਉਂਦਾ ਹੈ ਨਾ -

ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜੀਆਰਾ ॥ ਅੰਗ - ੨੬੪

ਹਰੀ ਦਾ ਨਾਮ ਉਥੇ ਸਹਾਇਤਾ ਕਰਦਾ ਹੈ, ਉਹ ਉਸੇ ਵੇਲੇ ਪ੍ਰਕਾਸ਼ ਕਰ ਦਿੰਦਾ ਹੈ। ਹਨ੍ਹੇਰੇ ਵਾਲਾ ਰਾਹ ਹੀ ਨਹੀਂ ਹੁੰਦਾ।

ਜਹ ਮਹਾ ਭਇਆਨ ਤਪਤਿ ਬਹੁ ਘਾਮ ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥
ਅੰਗ - ੨੬੪

ਉਹ ਘਾਮ ਵਾਲਾ ਰਸਤਾ ਹੀ ਨਹੀਂ ਆਉਂਦਾ, ਐਨੀ ਛਾਂ ਪੈਦਾ ਕਰ ਦਿੰਦਾ ਹੈ ਨਾਮ।

ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥
ਅੰਗ - ੨੬੪

ਸੋ ਮਹਾਰਾਜ ਕਹਿੰਦੇ ਪਿਆਰਿਓ! ਉਹ ਜਿਹੜਾ ਨਾਮ ਹੈ, ਐਥੇ ਵੀ ਸਹਾਇਤਾ ਕਰਦਾ ਹੈ -

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯

ਆਦਮੀ ਸਰੀਰ ਛੱਡਦਾ ਹੈ ਉਥੇ ਵੀ ਸਹਾਇਤਾ ਕਰਦਾ ਹੈ। ਦਰਗਾਹ ਵਿਚ ਜੈ-ਜੈਕਾਰ ਹੁੰਦੀ ਹੈ -

ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥
ਇਹੁ ਵਾਪਾਰੁ ਵਿਰਲਾ ਵਾਪਾਰੈ ॥
ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩

ਜਿਹਦੇ ਪੱਲੇ ਨਾਮ ਹੈ ਉਹ ਭਾਗਾਂ ਵਾਲਾ ਹੁੰਦਾ ਹੈ, ਬਾਕੀ ਨਹੀਂ ਹੁੰਦੇ। ਬਾਕੀ ਤਾਂ ਸਾਰੀਆਂ ਚੀਜ਼ਾਂ temporary ਨੇ, ਨਾਲ ਨਹੀਂ ਕੋਈ ਜਾਣੀ। ਬੱਚੇ ਜੀਉਂਦੇ-ਜੀਉਂਦਿਆਂ ਦੇ ਹੀ ਵੱਖਰੇ ਹੋ ਜਾਇਆ ਕਰਦੇ ਨੇ। ਪੈਸਾ ਰਹਿੰਦਾ ਨਹੀਂ, ਸਿਹਤ ਖਰਾਬ ਹੋ ਜਾਂਦੀ ਹੈ। ਸਭ ਜਵਾਬ ਦੇ ਜਾਂਦੇ ਨੇ। ਇਕ 'ਨਾਮ' ਰਹਿੰਦਾ ਹੈ ਨਾਲ, 'ਨਾਮ' ਸਭ ਤੋਂ ਵੱਡਾ ਹੈ। ਨਾਮ ਵਾਲੇ ਦੀ ਮਹਿਮਾ ਬਹੁਤ ਵੱਡੀ ਹੈ, ਨਾਮ ਦੇ ਬਰਾਬਰ ਕੋਈ ਸੰਸਾਰ ਦੀ ਚੀਜ਼ ਨਹੀਂ ਹੈ।

ਇਕ ਵਾਰੀ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜਹਾਂਗੀਰ ਦੇ ਨਾਲ ਆਗਰੇ ਗਏ ਹੋਏ ਨੇ। ਸ਼ਿਕਾਰ ਵਾਸਤੇ ਜਹਾਂਗੀਰ ਨੇ ਕਿਹਾ ਕਿ ਮੇਰੇ ਨਾਲ ਚੱਲਿਓ, ਵੱਡਾ ਸ਼ੇਰ ਹੈ ਇਕ ਸੁਣੀਦਾ। ਓਸ ਵੇਲੇ ਮਹਾਰਾਜ ਜੀ ਨਾਲ ਜਾਂਦੇ ਨੇ, ਸ਼ੇਰ ਬਹੁਤ ਵੱਡਾ ਹੈ। ਘੇਰਾ ਪੈ ਗਿਆ ਉਸ ਨੂੰ ਉਹ ਆਪਣੀ ਮੌਜ ਵਿਚ ਖੜ੍ਹਾ ਹੈ। ਕੱਦ-ਕਾਠ ਦੇਖ ਕੇ ਸਾਰੇ ਲਿੱਦ ਕਰਨ ਲੱਗ ਗਏ, ਪਿਸ਼ਾਬ ਕਰਨ ਲੱਗ ਗਏ, ਹਾਥੀ ਲਿੱਦ ਕਰਨ ਲੱਗ ਗਏ। ਜਹਾਂਗੀਰ ਦੇ ਹਾਥੀ ਨੇ ਚੀਕ ਮਾਰੀ। ਮਹਾਰਾਜ ਜੀ ਘੋੜੇ 'ਤੇ ਸਵਾਰ ਸੀ। ਚੀਕ ਮਾਰ ਕੇ ਹਾਥੀ ਪਿਛੇ ਨੂੰ ਹਟ ਗਿਆ। ਜਹਾਂਗੀਰ ਕਹਿੰਦਾ, ਮਹਾਰਾਜ ਹੀ ਪਿੱਛੇ ਹੱਟ ਜਾਓ। ਕੋਈ ਵਿਉਂਤ ਬਣਾਈਏ ਇਹ ਸ਼ੇਰ ਐਉਂ ਮਰਨ ਵਾਲਾ ਨਹੀਂ ਹੈ। ਕਹਿੰਦਾ ਦੇਖੋ ਤਾਂ ਸਹੀ ਕਿਵੇਂ ਤਣਿਆ ਖੜ੍ਹਾ ਹੈ, ਭੋਰਾ ਵੀ ਅੱਖ ਨਹੀਂ ਨੀਵੀਂ ਕਰ ਰਿਹਾ। ਇਹ ਕਰਦੇ ਹਾਂ ਕਿ ਘੇਰਾ ਪਾ ਲੈਂਦੇ ਹਾਂ ਤੇ ਸਾਰੇ ਇਕੱਠੇ ਹੋ ਕੇ ਇਸ ਉਪਰ ਵਾਰ ਕਰ ਦੇਵਾਂਗੇ, ਮਰ ਜਾਵੇਗਾ। ਮਹਾਰਾਜ ਕਹਿੰਦੇ ਇਹ

ਸੂਰਮਿਆਂ ਦਾ ਕੰਮ ਨਹੀਂ ਹੁੰਦਾ। ਉਤਰ ਕੇ ਲੜ ਤਾਂ? ਕਹਿੰਦਾ ਮੇਰੇ ਵਿਚ ਤਾਂ ਤਾਕਤ ਨਹੀਂ। ਕਹਿੰਦੇ ਫੇਰ ਆਪਣੇ ਬੰਦਿਆਂ ਨੂੰ ਕਹਿ, ਸਾਰਿਆਂ ਨੂੰ ਕਹਿ। ਕਹਿੰਦਾ ਨਾ ਮਹਾਰਾਜ ਏਸ ਸ਼ੇਰ ਨਾਲ ਨਹੀਂ ਲੜਿਆ ਜਾ ਸਕਦਾ। ਇਹ ਤਾਂ ਬੇ-ਪਨਾਹ ਤਾਕਤ ਦਾ ਮਾਲਕ ਲਗਦਾ ਹੈ। ਜਹਾਂਗੀਰ ਕਹਿਣ ਲੱਗਿਆਂ ਕਿ ਚੰਗਾ ਤਾਂ ਇਹ ਹੈ ਕਿ ਆਪਾਂ ਮੁੜ ਚੱਲੀਏ, ਵਿਉਂਤ ਬਣਾਈਏ। ਨਹੀਂ ਫੇਰ ਤੁਹਾਡੇ ਬਿਨਾਂ ਤਾਂ ਕੋਈ ਇਹਨੂੰ ਮਾਰ ਨਹੀਂ ਸਕਦਾ। ਮਹਾਰਾਜ ਕਹਿੰਦੇ ਅਸੀਂਓ ਕਰਾਂਗੇ ਇਹਦੇ ਨਾਲ ਲੜਾਈ। ਉਸ ਵੇਲੇ ਮਹਾਰਾਜ ਜੀ ਘੋੜੇ ਤੋਂ ਉਤਰੇ, ਕਹਿੰਦਾ ਮਹਾਰਾਜ ਘੋੜਾ ਤਾਂ ਲੈ ਲਓ। ਮਹਾਰਾਜ ਕਹਿੰਦੇ, ਨਹੀਂ ਘੋੜਾ ਨਹੀਂ। ਉਤਰੇ, ਉਤਰ ਕੇ ਸ਼ੇਰ ਦੇ ਨੇੜੇ ਚਲੇ ਗਏ। ਸ਼ੇਰ ਨੇ ਬੜੀ ਗਰਜਨਾ ਕੀਤੀ। ਸਾਰੇ ਘੋੜੇ, ਹਾਥੀ ਡਰ ਕੇ ਪਿਛੇ ਹਟ ਗਏ। ਬਾਵਜੂਦ ਉਨ੍ਹਾਂ ਦੇ ਸਵਾਰ ਉਨ੍ਹਾਂ ਨੂੰ ਰੋਕ ਰਹੇ ਨੇ, ਪਰ ਉਹ ਪਿਛੇ ਨੂੰ ਨੱਠ ਰਹੇ ਨੇ। ਹਾਥੀਆਂ ਨੇ ਵੀ ਪਿੱਠ ਕਰ ਲਈ। ਤੇ ਮਹਾਰਾਜ ਜੀ ਦੇ ਉਤੇ ਉਹਨੇ jumped ਕਰਿਆ। ਮਹਾਰਾਜ ਜੀ ਨੇ ਢਾਲ 'ਤੇ ਲੈ ਲਿਆ ਉਹਦਾ ਪੰਜਾ, ਤੇ ਉਸ ਵੇਲੇ ਉਹ ਕੱਟ ਦਿਤਾ। ਇਕ ਪ੍ਰਕਾਸ਼ ਦੇਖਿਆ ਉਹਦੇ ਵਿਚ ਜਹਾਂਗੀਰ ਨੇ। ਸ਼ੇਰ ਗਿਰ ਗਿਆ ਕਹਿਣ ਲੱਗਿਆ ਕਿ ਮਹਾਰਾਜ ਇਕ ਅਜੀਬ ਗੱਲ ਦੇਖੀ ਹੈ ਸ਼ਿਕਾਰ ਤਾਂ ਅੱਗੇ ਵੀ ਬਹੁਤ ਖੇਡੇ ਨੇ। ਪਰ ਐਸ ਤਰ੍ਹਾਂ ਦੀ ਗੱਲ ਤਾਂ ਕਿਤੇ ਦੇਖੀ ਨਹੀਂ ਹੈ ਕਿ ਸ਼ੇਰ ਮਰਿਆਂ ਹੋਵੇ ਤੇ ਵਿਚੋਂ ਕੋਈ ਪ੍ਰਕਾਸ਼ ਜਿਹਾ ਨਜ਼ਰ ਆਇਆ ਹੋਵੇ, ਪਹਿਲਾਂ ਕਾਲਾ ਜਿਹਾ, ਫੇਰ ਚਿੱਟਾ ਹੋ ਗਿਆ। ਮਹਾਰਾਜ ਕਹਿੰਦੇ, ਹਾਂ ਐਸੀਓ, ਗੱਲ ਹੈ। ਕਹਿਣ ਲੱਗਿਆਂ, ਮਹਾਰਾਜ! ਸਾਨੂੰ ਵੀ ਕੁਛ ਪਤਾ ਲੱਗ ਸਕਦਾ ਹੈ? ਕਹਿੰਦੇ ਜੇ ਅਸੀਂ ਦੱਸਿਆ ਤਾਂ ਤੇਰਾ ਯਕੀਨ ਨਹੀਂ ਬੱਝਣਾ। ਇਹਦੇ ਜ਼ੁਬਾਨੀ ਹੀ ਤੈਨੂੰ ਦਿਖਾ ਦਿੰਦੇ ਹਾਂ। ਉਹਦੀ ਰੂਹ ਰੋਕ ਲਈ। ਸਤਿਆ ਦੇ ਦਿਤੀ ਕਿ ਇਹਨੂੰ ਦੱਸ ਕਿ ਤੂੰ ਕੌਣ ਹੈਂ, ਉਸ ਵੇਲੇ ਉਹ ਕਹਿਣ ਲੱਗਿਆ, ਜਹਾਂਗੀਰ! ਮੈਂ ਆਪਣੀ ਗਲਤੀ ਦੀ ਸਜ਼ਾ ਭੁਗਤਦਾ ਹਾਂ। ਮੈਂ ਤੇਰਾ ਚਾਚਾ ਹਾਂ ਕਾਸਮ ਬੇਗ। ਮੈਂ ਅਕਬਰ ਦੇ ਨਾਲ ਗੁਰੂ ਤੀਸਰੇ ਪਾਤਸ਼ਾਹ ਦੇ ਦਰਸ਼ਨਾਂ ਨੂੰ ਗਿਆ ਸੀ, ਅਕਬਰ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਹੈ, ਮੇਰੇ ਮਨ ਵਿਚ ਬੜੀ ਤਰਕ ਆਈ ਕਿ ਮੇਰਾ ਭਰਾ ਐਡਾ ਵੱਡਾ ਆਮ ਬੰਦਿਆਂ 'ਚ ਬੈਠਾ ਰੋਟੀ ਖਾਂਦਾ ਹੈ, ਹੱਥ ਉਪਰ। ਬੜੀ ਤਰਕ ਆਈ। ਖਾਸ ਕਰਕੇ ਗੁਰੂ 'ਤੇ ਆਈ ਜਿਹੜੇ ਬਿਰਦ ਸੀਗੇ। ਕਿ ਇਹ ਦੇਖੋ ਇਨ੍ਹਾਂ ਕੋਲ ਕੀ ਤਰੀਕਾ ਹੈ ਕਿ ਮੇਰੇ ਭਰਾ ਨੂੰ ਵੀ ਇਨ੍ਹਾਂ ਨੇ ਪੰਗਤ 'ਚ ਬਿਠਾ ਲਿਆ। ਮੈਂ ਨਿੰਦਿਆ ਕਰੀ ਉਨ੍ਹਾਂ ਦੀ, ਨਤੀਜਾ ਇਹ ਹੋਇਆ ਕਿ ਰਾਤ ਨੂੰ ਮੇਰੇ ਗਲ ਵਿਚ ਬੁਰਕੀ ਲੱਗ ਗਈ, ਸਾਹ ਦੀ ਨਾਲੀ 'ਚ ਦਾਖਲ ਹੋ ਗਈ, ਵੈਦ ਹਕੀਮ ਸਭ ਜ਼ੋਰ ਲਾ ਰਹੇ, ਮੈਂ ਚੜ੍ਹਾਈ ਕਰ ਗਿਆ। ਨਿੰਦਿਆਂ ਦਾ ਫਲ ਇਹ ਹੋਇਆ ਕਿ ਮੈਂ ਸ਼ੇਰ ਦੀ ਜੂਨੀ ਵਿਚ ਆ ਗਿਆ। ਇਥੇ ਹੀ ਮੈਂ ਫਿਰਦਾ ਹਾਂ ਬਹੁਤ ਸਾਲਾਂ ਦਾ। ਤੇ ਹੁਣ ਮੈਨੂੰ ਗੁਰੂ ਮਹਾਰਾਜ ਨੇ ਆ ਕੇ ਓਸ ਜੂਨੀ 'ਚੋਂ ਛੁਡਾਇਆ ਹੈ, ਮੈਂ ਧੰਨਵਾਦ ਕਰਦਾ ਹਾਂ, ਬੜੀ ਭਾਰੀ ਮੇਰੇ ਤੋਂ ਗਲਤੀ ਹੋਈ ਸੀ ਕਿ ਓਸ ਗਲਤੀ ਦਾ ਮੈਂ ਫਲ ਬਹੁਤ ਭੁਗਤਿਆ ਹੈ। ਜਹਾਂਗੀਰ ਓਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ! ਇਹ ਫੇਰ ਇਸਨੂੰ ਐਸੀ ਦਿਬਯ ਦੇ ਇਸਨੂੰ ਮਿਲ ਗਈ, ਤੁਹਾਡੇ ਖਿਆਲ ਦੇ ਅੰਦਰ ਤਾਂ ਇਹਨੇ ਗੁਰੂ ਦੀ ਨਿੰਦਿਆ ਕਰੀ ਸੀ। ਮਹਾਰਾਜ ਕਹਿੰਦੇ ਉਹਦਾ ਤਾਂ ਫਲ ਇਹਨੂੰ ਮਿਲ ਗਿਆ। ਜਿਹੜਾ ਗੁਰੂ ਦਾ ਦਰਸ਼ਨ ਕਰਿਆ ਸੀ ਨਾ ਉਹ ਫਲ ਨਹੀਂ ਸੀ ਮਿਲਿਆ। ਦਰਸ਼ਨ ਵੀ ਕਰਿਆ ਇਸਨੇ ਚਾਹੇ ਚੰਗੀ ਨਿਗ੍ਹਾਂ ਨਾਲ ਕਰਿਆ, ਚਾਹੇ ਮਾੜੀ ਨਾਲ ਕਰਿਆ। ਹੁਣ ਉਹਦਾ ਫਲ ਇਹ ਹੋਇਆ ਕਿ ਅਸੀਂ ਫਲ ਦੇਣਾ ਸੀ ਸਾਡੇ ਹੱਥੋਂ ਮਰਿਆ ਹੈ। ਇਹਦੇ ਪਾਪ ਕੱਟੇ ਗਏ ਸਾਰੇ, ਹੁਣ ਇਹ ਬਹਿਸ਼ਤ ਨੂੰ ਜਾ ਰਿਹਾ ਹੈ।

ਐਸੇ ਬਚਨ ਸੁਣ ਕੇ ਜਹਾਂਗੀਰ ਕੁਛ ਸ਼ਰਧਾ ਦੇ ਵਿਚ ਆਇਆ ਕਹਿਣ ਲੱਗਿਆ ਕਿ ਮਹਾਰਾਜ! ਮੇਰੇ ਮਨ ਵਿਚ ਇਕ ਬੜੀ ਗੱਲ ਰਹਿੰਦੀ ਹੈ। ਮਹਾਰਾਜ ਕਹਿੰਦੇ ਉਹ ਵੀ ਦੱਸ ਦੇ। ਕਹਿੰਦਾ ਇਹ ਰਹਿੰਦੀ ਹੈ ਦੇਖੋ, ਮੈਂ ਹਜ਼ਾਰਾਂ ਮੁਰੱਬਿਆਂ, ਮੀਲਾਂ, ਦਾ ਮਾਲਕ ਹਾਂ ਹਿੰਦੋਸਤਾਨ ਦਾ। ਖਜ਼ਾਨੇ ਮੇਰੇ ਕੋਲ ਨੇ, ਫੌਜਾਂ ਮੇਰੇ ਕੋਲ ਨੇ, ਸਾਰਾ ਹੱਕ ਹਕੂਕ, ਦੁਨੀਆਂ ਦਾ ਮੇਰੇ ਕੋਲ ਹੈ, ਇਕ ਜ਼ੁਬਾਨ ਹਿਲਾ ਦੇਵਾਂ ਕਿ ਕਤਲ ਕਰ ਦਿਓ, ਲੱਖ ਬੰਦਾ ਖੜ੍ਹਾਂ ਹੋਏ ਉਹ ਕਤਲ ਹੋ ਜਾਏਗਾ। ਇਕ ਵਾਰੀ ਜ਼ੁਬਾਨ ਹਿਲਾ ਦੇਵਾਂ; ਕਤਲ ਹੋ ਰਹੇ ਹੋਣ, ਕਹਿ ਦੇਵਾਂ ਠਹਿਰੋ, ਸਾਰੇ ਰੁਕ ਜਾਣਗੇ। ਤੇ ਤੁਹਾਡੇ ਕੋਲ ਕੁਛ ਵੀ ਨਹੀਂ ਹੈ। ਤੁਹਾਡਾ ਘਰ ਵੀ ਮੈਂ ਜ਼ਬਤ ਕਰਿਆ ਹੋਇਆ ਹੈ। ਕੋਈ ਚੀਜ਼ ਨਹੀਂ ਹੈ ਤੁਹਾਡੇ ਕੋਲ। ਫੇਰ ਵੀ ਤੁਹਾਨੂੰ ਸਭ ਸੱਚੇ ਪਾਤਸ਼ਾਹ, ਕਹਿੰਦੇ ਨੇ, ਇਹਦਾ ਮਤਲਬ ਮੇਰੇ ਮਨ ਵਿਚ ਹੋਰ ਤਰ੍ਹਾਂ ਹੁੰਦਾ ਹੈ ਕਿ ਮੈਂ ਝੂਠਾ ਪਾਤਸ਼ਾਹ ਤੇ ਤੁਸੀਂ ਸੱਚੇ ਪਾਤਸ਼ਾਹ। ਇਹ ਗੱਲ ਮੈਨੂੰ ਬੜੀ ਚੁਭਦੀ ਹੈ। ਦੁਨੀਆਦਾਰ ਸੀ, ਸੋਚ ਐਸੀ ਹੀ ਸੀ।

ਗੁਰੂ ਮਹਾਰਾਜ ਕਹਿੰਦੇ, ਜਹਾਂਗੀਰ! ਤੇਰੇ ਕੋਲ ਉਹ ਚੀਜ਼ਾਂ ਹੈ ਨਹੀਂ ਜਿਹੜੀਆਂ ਸੱਚੇ ਪਾਤਸ਼ਾਹ ਕੋਲ ਹੁੰਦੀਆਂ ਨੇ। ਅਸੀਂ ਤਾਂ ਨਹੀਂ ਕਹਾਉਂਦੇ ਕਿ ਸਾਨੂੰ ਕਹੋ ਸੱਚੇ ਪਾਤਸ਼ਾਹ। ਇਹ ਤਾਂ ਜਿਹੜੇ ਜਗਿਆਸੂ ਆਉਂਦੇ ਨੇ ਉਨ੍ਹਾਂ ਦੀ ਭਾਵਨਾ ਹੈ। ਉਹ ਭਾਵਨਾ ਦੇ ਮੁਤਾਬਿਕ ਫਲ ਲੈਂਦੇ ਨੇ ਜਿਹੋ ਜਿਹੀ ਸ਼ਰਧਾ ਹੈ, ਜਿਹੋ ਜਿਹਾ ਭਾਉ ਹੈ ਗੁਰੂ ਦੇ ਉਤੇ ਉਹੋ ਜਿਹਾ ਫਲ ਹੁੰਦਾ ਹੈ।

ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।
ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।
ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ।
ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।
ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।
ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ।

ਭਾਈ ਗੁਰਦਾਸ ਜੀ, ਵਾਰ ੩੪/੧

ਸੋ ਬਾਣੀ ਦੇ ਵਿਚ ਇਸ ਤਰ੍ਹਾਂ ਆਉਂਦਾ ਹੈ, ਪੜ੍ਹੋ ਪਿਆਰ ਨਾਲ –

ਧਾਰਨਾ –ਸੱਚੇ ਓਹ ਪਾਤਸ਼ਾਹ, ਸੱਚੇ ਨਾਲ ਰੱਤੇ ਜਿਹੜੇ।

ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥
ਸਚਾ ਸੁਖੁ ਸਚੀ ਵਡਿਆਈ
ਜਿਸ ਕੇ ਸੇ ਤਿਨਿ ਜਾਤੇ ॥੩॥ ਅੰਗ - ੭੪੯

ਐਸੇ ਜਿਹੜੇ ਪੁਰਸ਼ ਨੇ -

ਪਖਾ ਫੇਰੀ ਪਾਣੀ ਢੋਵਾ
ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥
ਅੰਗ - ੭੪੯

ਉਨ੍ਹਾਂ ਦੀ ਮੈਂ ਸੇਵਾ ਕਰਾਂ ਕਿਉਂਕਿ ਉਹ ਸੱਚੇ ਪਾਤਸ਼ਾਹ ਨੇ। ਮਹਾਰਾਜ ਕਹਿਣ ਲੱਗੇ, ਜਹਾਂਗੀਰ! ਅਸੀਂ ਤਾਂ ਕਿਸੇ ਨੂੰ ਨਹੀਂ ਕਹਿੰਦੇ। ਸੰਸਾਰ ਆਪੇ ਹੀ ਨਾਮ ਪਾ ਲੈਂਦਾ ਹੈ। ਸੱਚੇ ਪਾਤਸ਼ਾਹ ਕਹਿਣ ਲਗ ਜਾਂਦਾ ਹੈ, ਆਪਣੇ ਆਪ ਹੀ ਕਹੀ ਜਾਂਦੇ ਨੇ, ਕੋਈ ਆਪਣੇ ਇਹ ਗੱਲ ਲਿਖਿਆਂ ਤਾਂ ਨਹੀਂ ਹੁੰਦਾ ਕਿ ਆਹ ਗੱਲ ਜ਼ਰੂਰ ਬੋਲੋ। ਆਪਣੀ ਭਾਵਨਾ, ਆਪਣੀ ਸ਼ਰਧਾ ਉਹਦਾ ਆਪਣਾ ਫਲ। ਜਿੱਡੀ ਕੋਈ ਸ਼ਰਧਾ ਰੱਖੇਗਾ, ਜਿੰਨੀ ਕੋਈ ਨੇੜਤਾ ਰੱਖੇਗਾ, ਓਨਾਂ ਫਲ ਉਹਨੂੰ ਮਿਲ ਜਾਏਗਾ। ਦੂਸਰੇ ਨੂੰ ਹੁੰਦਾ ਨਹੀਂ। ਕੋਈ ਮਜ਼ਬੂਰੀ ਨਹੀਂ ਹੈ, ਅਸੀਂ ਨਹੀਂ ਕੁਛ ਕਹਿੰਦੇ। ਪਰ ਤੈਨੂੰ ਕਿਸੇ ਦਿਨ ਸਮਝਾਵਾਂਗੇ ਪ੍ਰੈਕਟੀਕਲੀ। ਸਮਾਂ ਲੰਘ ਗਿਆ।

ਇਕ ਦਿਨ ਗੁਰੂ ਮਹਾਰਾਜ ਜੀ ਦਾ ਟੈਂਟ ਲਗਿਆ ਹੋਇਆ ਹੈ। ਬਾਦਸ਼ਾਹ ਦਾ ਵੀ ਲੱਗਿਆ ਹੋਇਆ ਹੈ। ਉਥੈ ਇਕ ਘਾਹੀ ਨੂੰ ਪਤਾ ਲੱਗਿਆ ਕਿ ਗੁਰੂ ਸਾਹਿਬ ਆਏ ਨੇ। ਬਹੁਤ ਹੀ ਸੋਹਣਾ ਘਾਹ ਕੱਟ ਕੇ, ਤਿੰਗੜ ਵਿਚ ਪਾਇਆ ਤੇ ਪੰਡ ਬੰਨ੍ਹ ਕੇ ਸਿਰ 'ਤੇ ਚੁੱਕ ਕੇ, ਓਧਰ ਨੂੰ ਚੱਲ ਪਿਆ ਜਿਧਰ ਟੈਂਟ ਲੱਗਿਆ ਸੀ। ਉਥੇ ਜਾ ਕੇ ਪਹਿਲਾ ਟੈਂਟ ਸੀਗਾ ਲੱਗਿਆ ਹੋਇਆ ਜਹਾਂਗੀਰ ਦਾ ਉਹਨੇ ਕਿਹਾ ਕਿ ਆਹ ਹੋਣਾ ਹੈ ਸੱਚੇ ਪਾਤਸ਼ਾਹ ਦਾ ਟੈਂਟ। ਪਹਿਰੇਦਾਰ ਵੀ ਖੜ੍ਹੇ ਨੇ। ਉਹ ਜਦ ਓਧਰ ਨੂੰ ਜਾਣ ਲੱਗਿਆਂ ਤਾਂ ਉਹ ਕਹਿੰਦੇ ਓ ਘਾਹੀ! ਕਿੱਧਰ ਨੂੰ ਤੂੰ ਮੂੰਹ ਚੁੱਕਿਆ ਹੈ? ਬਾਹਰ ਨਿਕਲ ਪਿੱਛੇ ਨੂੰ। ਕਹਿੰਦਾ ਮੈਂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨੇ ਨੇ। ਮੈਨੂੰ ਰੋਕੋ ਨਾ, ਮੈਂ ਬਹੁਤ ਦੇਰ ਤੋਂ ਸਿਕਦਾ ਸੀ ਦਰਸ਼ਨਾਂ ਨੂੰ। ਅੱਜ ਮੇਰੇ ਭਾਗ ਜਾਗੇ ਨੇ, ਮੇਰੀ ਜ਼ਿੰਦਗੀ ਦੇ ਵਿਚ ਅੱਜ ਮੈਨੂੰ ਪਹਿਲੀ ਵਾਰੀ ਦਰਸ਼ਨ ਹੋਣ ਲੱਗੇ ਨੇ। ਤੁਸੀਂ ਕਹਿੰਦੇ ਓਂ ਏਧਰ ਨਾ ਜਾ? ਇਕ ਨੇ ਆ ਕੇ ਧੱਕਾ ਦੇਣਾ ਸ਼ੁਰੂ ਕਰਿਆ ਤਾਂ ਜਹਾਂਗੀਰ ਨਿਕਲ ਆਇਆ ਕਹਿੰਦਾ ਠਹਿਰੋ! ਠਹਿਰੋ। ਆਨੇ ਦੋ ਇਸੇ। ਉਥੇ ਚਲਿਆ, ਤੇ ਜਾ ਕੇ ਉਹਨੇ ਜਿਹੜੀ ਤਿੰਗੜ ਸੀ ਉਹ ਧਰਤੀ ਤੇ ਰੱਖ ਦਿਤੀ। ਜੇਬ 'ਚੋਂ ਇਕ ਟਕਾ ਕੱਢਿਆ, ਲੀਰ ਦੇ ਲੜ ਬੰਨਿਆ ਹੋਇਆ, ਦੋ ਤਿੰਨ ਗੰਢਾਂ ਦਿਤੀਆਂ ਹੋਈਆ ਸੀ, ਕੱਪੜੇ ਸਾਰੇ ਗਰਮੀ ਦੇ ਨਾਲ ਭਿੱਜੇ ਹੋਏ, ਬਦਬੂਦਾਰ ਹੋਏ-ਹੋਏ, ਗਰਮੀ ਹੀ ਗਰਮੀ ਸਰੀਰ 'ਤੇ ਅਰ ਚਿਹਰੇ 'ਤੇ ਆਈ ਹੋਈ ਹੈ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੇਰੀ ਭੇਟਾ ਪ੍ਰਵਾਨ ਕਰੋ, ਦੋ ਪੈਸੇ ਮੱਥਾ ਟੇਕ ਦਿਤਾ। ਜਹਾਂਗੀਰ ਕਹਿਣ ਲੱਗਿਆ ਕਿ ਇਹ ਆਇਆ ਤਾਂ ਓਧਰ ਹੈ ਪਰ ਮੇਰੇ ਕੋਲ ਆ ਗਿਆ, ਹੁਣ ਮੈਂ ਵੀ ਦੇਖਾਂ। ਕਹਿਣ ਲੱਗਿਆ, ਘਾਹੀ! ਜੋ ਮਾਂਗੋਗੇ ਆਪ ਕੋ ਮਿਲ ਜਾਏਗਾ। ਉਹ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਇਕ ਬਹੁਤ ਵੱਡਾ ਦੁਖ ਹੈ, ਉਹ ਮੇਰਾ ਦੁਖ ਕੱਟ ਮੇਰਾ। ਐਉਂ ਪੜ੍ਹ ਲਓ -

ਧਾਰਨਾ - ਕਾਟਉ ਮੇਰਾ ਇਕ ਦੁਖ ਰਾਮਰਾਇ।
ਅਗਨ ਦਹੈ ਅਰ ਗਰਬ ਬਸੇਰਾ।

ਹੈਰਾਨ ਹੋ ਗਿਆ ਕਿ ਬਾਰ-ਬਾਰ ਗਰਭ ਦੇ ਵਿਚ ਆ ਕੇ ਅਗਨ ਦੇ ਵਿਚ ਫੇਰ ਜਠਾ ਅਗਨ ਦੇ ਵਿਚ ਰਹਿਣਾ, ਫੇਰ ਪੁੱਠੇ ਲਟਕ ਕੇ ਨੌਂ ਮਹੀਨੇ ਤਕਲੀਫ ਸਹਿਣੀ, ਇਥੇ ਆ ਕੇ ਫੇਰ ਭੁੱਲ ਜਾਣਾ ਫੇਰ ਓਹੀ ਚੱਕਰ, ਫੇਰ ਓਹੀ ਚੱਕਰ। ਕਹਿਣ ਲੱਗਿਆ, ਪਾਤਸ਼ਾਹ! ਇਹ ਮੇਰਾ ਦੁਖ ਕੱਟ ਦਿਓ, ਜੰਮਣ-ਮਰਨ ਦਾ। ਜਹਾਂਗੀਰ ਨੇ ਮੂੰਹ ਵਿਚ ਉਂਗਲੀ ਲੈ ਲਈ ਕਿ ਹੈਂ ਇਹ ਦੁਖ ਤਾਂ ਮੇਰਾ ਹੀ ਨਹੀਂ ਕੱਟ ਹੋਇਆ। ਕਹਿਣ ਲੱਗਿਆਂ, ਘਾਹੀ! ਦੇਖ ਤੈਨੂੰ ਮੈਂ ਅੱਠ ਦੱਸ ਪਿੰਡਾਂ ਦੀ ਜਾਗੀਰ ਦੇ ਦਿੰਦਾ ਹਾਂ, ਉਹ ਲੈ ਲੈ। ਕਹਿੰਦਾ ਨਾ ਸੱਚੇ ਪਾਤਸ਼ਾਹ! ਇਹ ਦੁਨੀਆਂ ਤਾਂ ਫਾਨੀ ਹੈ, ਕੋਈ ਚੀਜ਼ ਨਾਲ ਨਹੀਂ ਜਾਣੀ। ਨਾਲ ਜਾਣਾ ਹੈ ਪ੍ਰਮੇਸ਼ਰ ਦੇ ਨਾਮ ਨੇ। ਨਾਮ ਹੈ ਅਮੁੱਲਾ। ਇਹ ਮੈਂ ਨਾਸ਼ਵੰਤ ਚੀਜ਼ਾਂ ਕੀ ਕਰਨੀਆਂ ਨੇ। ਕਹਿੰਦਾ, ਦੇਖ! ਤੈਨੂੰ ਸੂਬੇਦਾਰ, ਗਵਰਨਰ ਬਣਾ ਦਿੰਦਾ ਹਾਂ। ਵਿਆਹ ਕਰਾ ਲਵੀਂ ਬਹੁਤ ਖੂਬਸੂਰਤ ਬੇਗਮਾਂ ਦੇ ਨਾਲ, ਅਹੁਦਾ ਦਿੰਦਾ ਹਾਂ, ਕੋਠੀਆਂ ਬਣੀਆਂ ਬਣਾਈਆਂ ਤੈਨੂੰ ਦੇ ਦਿੰਦਾ ਹਾਂ। ਜੋ ਦੁਨੀਆਂ ਦਾ ਪਦਾਰਥ ਹੈ ਮੇਰੇ ਤੋਂ ਲੈ ਲੈ। ਕਹਿਣ ਲੱਗਿਆ, ਨਾ ਸੱਚੇ ਪਾਤਸ਼ਾਹ! ਮੈਨੂੰ ਤੁਸੀਂ ਭੁਲਾਓ ਨਾ ਇਹ ਚੀਜ਼ਾਂ ਭੁਲਾ ਦਿੰਦੀਆਂ ਨੇ, ਪ੍ਰਮੇਸ਼ਰ ਦਾ ਨਾਮ ਨਹੀਂ ਜਪਣ ਦਿੰਦੀਆਂ। ਜਿਵੇਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਹੈ -

ਧਾਰਨਾ - ਕਿਤੇ ਭੁੱਲ ਨਾ ਜਾਈਂ ਓਏ ਮਨਾਂ ਨਾਮ ਨੂੰ,
ਮੋਤੀਆਂ ਦੇ ਮੰਦਰ ਵੇਖ ਕੇ।

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ ॥ ਅੰਗ - ੧੪

ਕਹਿਣ ਲੱਗਿਆ ਮਹਾਰਾਜ! ਇਹ ਦੁਨੀਆਂ ਦੀਆਂ ਵਡਿਆਈਆਂ, ਦੁਨੀਆਂ ਦੀਆਂ ਪ੍ਰਾਪਤੀਆਂ, ਦੁਨੀਆਂ ਦੇ ਭੋਗ, ਦੁਨੀਆਂ ਦੀਆਂ ਮਾਨਸਿਕ ਸ਼ਕਤੀਆਂ ਇਹ ਸਭ ਜੀਵ ਨੂੰ ਭੁਲਾਉਣ ਵਾਲੀਆਂ ਨੇ, ਮੈਨੂੰ ਨਹੀਂ ਇਹ ਚਾਹੀਦੀਆਂ। ਹੈਰਾਨ ਹੋ ਗਿਆ, ਹੁਣ ਜਵਾਬ ਨਹੀਂ ਆਉਂਦਾ ਕੋਈ। ਕਹਿਣ ਲੱਗਿਆ, ਘਾਹੀ! ਮੈਂ ਤੈਨੂੰ ਸੱਚੀਓ ਗੱਲ ਦਸਦਾ ਹਾਂ ਕਿ ਮੈਂ ਤਾਂ ਹੈਗਾ ਹਿੰਦੋਸਤਾਨ ਦਾ ਪਾਤਸ਼ਾਹ, ਸੱਚੇ ਪਾਤਸ਼ਾਹ ਦਾ ਉਹ ਹੈ ਤੰਬੂ, ਜਿਹਦੇ ਕੋਲ ਇਹ ਚੀਜ਼ਾਂ ਨੇ, ਮੇਰੇ ਕੋਲ ਨਹੀਂ ਇਨ੍ਹਾਂ 'ਚੋਂ ਇਕ ਵੀ ਚੀਜ਼। ਟਕਾ ਚੁਕਿਆ, ਘਾਹ ਦਾ ਤੰਗੜ ਚੁੱਕ ਕੇ ਸਿਰ 'ਤੇ ਰੱਖਿਆ, ਉਚੀ-ਉਚੀ ਰੋਂਦਾ ਜਾਂਦਾ ਹੈ ਕਿ ਮੇਰਾ ਮਸਤਕ ਦੁਨੀਆਦਾਰ ਦੇ ਅੱਗੇ ਝੁਕ ਗਿਆ। ਉਸ ਵੇਲੇ ਗੁਰੂ ਸਾਹਿਬ ਵੀ ਸਾਰੀ ਗੱਲ ਸੁਣ ਰਹੇ ਸੀ। ਇਹ ਪਹੁੰਚਦਾ ਹੈ, ਮਹਾਰਾਜ ਜੀ ਤੰਬੂ ਤੋਂ ਬਾਹਰ ਆ ਗਏ।

ਇਹਨੇ ਉਹ ਘਾਹ ਦਾ ਤੰਗੜ ਰੱਖਿਆ ਧਰਤੀ 'ਤੇ, ਟਕਾ ਜਿਹੜਾ ਬੰਨ੍ਹ ਕੇ ਰੱਖਿਆ ਹੋਇਆ ਸੀ ਮਹਾਰਾਜ ਜੀ ਦੇ ਚਰਨਾਂ 'ਚ ਭੇਟਾ ਕੀਤਾ ਤੇ ਨਾਲ ਦੀ ਨਾਲ ਉਸ ਨੇ ਇਸ ਤਰ੍ਹਾਂ ਦੀ ਬੇਨਤੀ ਕਰੀ –

ਧਾਰਨਾ – ਜੀ ਮੈਂ ਬਹੁੜ ਜਨਮ ਨ ਆਵਾਂ,
ਇਹੋ ਮੇਰੀ ਬੇਨਤੀ ਗੁਰਾਂ।
ਕੇਸ ਕਾ ਕਰਿ ਚਵਰੁ ਢੁਲਾਵਾ
ਚਰਣ ਧੂੜਿ ਮੁਖਿ ਲਾਈ ॥ ਅੰਗ – ੭੪੯
ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ
ਬਾਹੁੜਿ ਜਨਮਿ ਨ ਆਵਾ ॥ ਅੰਗ – ੭੯੫

ਪਾਤਸ਼ਾਹ! ਮੇਰੇ 'ਤੇ ਕ੍ਰਿਪਾ ਕਰੋ, ਮੇਰੇ ਤੋਂ ਬੜੀ ਭਾਰੀ ਭੁੱਲ ਹੋ ਗਈ। ਦੁਨੀਆਂ ਦੇ ਬਾਦਸ਼ਾਹ ਦੇ ਚਰਨਾਂ 'ਚ ਮੈਂ ਭੇਟਾ ਰੱਖ ਦਿਤੀ। ਮਹਾਰਾਜ ਨੇ ਘਾਹੀ ਨੂੰ ਚਰਨਾਂ ਤੋਂ ਉਠਾਇਆ। ਦੇਖਿਆ ਨਹੀਂ ਹੈ ਕਿ ਇਹਦੇ ਬਦਬੂਦਾਰ ਕਪੜੇ ਗਰਮੀ ਨਾਲ ਭਰੇ ਪਏ ਹਨ, ਉਸੇ ਵੇਲੇ ਬੁਕਲ 'ਚ ਲੈ ਲਿਆ, ਕਹਿੰਦੇ ਘਾਹੀ! ਨਿਹਾਲ! ਨਿਹਾਲ! ਨਿਹਾਲ! ਤਿੰਨ ਵਾਰੀ ਕਹਿ ਦਿਤਾ। ਦੁਨੀਆਂ ਵਿਚ ਵੀ ਨਿਹਾਲ, ਦਰਗਾਹ ਵਿਚ ਵੀ ਨਿਹਾਲ ਤੇ ਮਾਨਸਿਕ ਤੇ ਆਤਮਿਕ ਜੋ ਮੰਜ਼ਲ ਹੈ ਉਹਦੇ ਉਤੇ ਵੀ ਨਿਹਾਲ। ਸਭ ਕੁਛ ਬਖਸ਼ ਦਿਤਾ ਤਿੰਨ ਵਾਰੀ ਨਿਹਾਲ ਕਹਿ ਕੇ। ਜਹਾਂਗੀਰ ਵੀ ਆ ਕੇ ਦੇਖ ਰਿਹਾ ਹੈ, ਕਹਿਣ ਲੱਗਿਆ ਕਿ ਅੱਜ ਤੋਂ ਮੈਂ ਵੀ ਤੁਹਾਨੂੰ ਸੱਚੇ ਪਾਤਸ਼ਾਹ ਹੀ ਕਹਾਂਗਾ। ਠੀਕ ਹੈ, ਮੇਰੀ ਸਮਝ ਵਿਚ ਆ ਗਿਆ, ਜਿਹੜੀਆਂ ਚੀਜ਼ਾਂ ਸਾਡੇ ਕੋਲ ਨਹੀਂ ਹਨ, ਸਾਡੇ ਕੋਲ ਨਾਸ਼ਵੰਤ ਚੀਜ਼ਾਂ ਹਨ, ਤੁਹਾਡੇ ਕੋਲ ਸਦਾ ਰਹਿਣ ਵਾਲੀਆ ਚੀਜ਼ਾਂ ਨੇ।

ਸੋ ਉਨ੍ਹਾਂ ਦਾ ਆਦਰ ਕਰਦੇ ਹੋਏ ਗੁਰੂ ਪੰਜਵੇਂ ਪਾਤਸ਼ਾਹ ਦਸਦੇ ਹਨ ਕਿ ਪਿਆਰਿਓ! –

ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥ ਅੰਗ – ੭੪੯

ਉਹ ਕਰਮਾਂ ਦੇ ਬੰਨ੍ਹੇ ਹੋਏ ਨਹੀਂ ਆਇਆ ਕਰਦੇ ਨੇ। ਉਹ ਪਰਉਪਕਾਰ ਕਰਨ ਵਾਸਤੇ ਆਉਂਦੇ ਨੇ ਲੇਕਿਨ ਪਰਉਪਕਾਰ ਵਿਚ ਹੰਗਤਾ ਤੇ ਮਮਤਾ ਦੋਵੇਂ ਨਹੀਂ ਧਾਰਨ ਕਰਦੇ ਕਿ ਮੈਂ ਕਰਦਾ ਹਾਂ। ਉਨ੍ਹਾਂ ਦਾ ਕੰਮ ਹੁੰਦਾ ਹੈ ਜੀਅ ਦਾਨ ਦੇਣਾ। ਜੀਉਂਦੇ ਕਰ ਦੇਣਾ ਮੁਰਦਾ ਜੀਵਨ ਨੂੰ। ਸੰਸਾਰ ਮੁਰਦਾਪੁਣ ਦਾ ਜੀਵਨ ਗੁਜ਼ਾਰ ਰਿਹਾ ਹੈ। ਬੰਦਗੀ ਕਰਨ ਦੀ ਜਿਹੜੀ ਕਰੰਟ ਚਲਦੀ ਹੈ ਨਾ ਆਪਣੇ ਅੰਦਰ, ਜੀਵਨ ਰੌ ਚਲਦੀ ਹੈ ਉਸ ਤੋਂ ਬਿਨਾਂ ਮਹਾਰਾਜ ਕਹਿੰਦੇ ਮੁਰਦੇ ਹੀ ਹੁੰਦੇ ਨੇ –

ਅਤਿ ਸੁੰਦਰ ਕੁਲੀਨ ਚਤੁਰ
ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ
ਜਿਹ ਪ੍ਰੀਤਿ ਨਹੀ ਭਗਵੰਤ ॥ ਅੰਗ – ੨੫੩

ਪ੍ਰੀਤ ਗੱਲਾਂ-ਬਾਤਾਂ ਦੀ ਨਹੀਂ ਹੁੰਦੀ, ਦੁਨੀਆਂਦਾਰੀ 'ਚ ਦੇਖ ਲਓ ਪ੍ਰੀਤ। ਜਿਹਦੇ ਅੰਦਰ ਪ੍ਰੀਤ ਹੈ ਉਹਦੇ ਅੰਦਰ ਕਿਵੇਂ ਲਹਿਰਾਂ ਚਲਦੀਆਂ ਨੇ। ਚਾਹੇ ਦੁਨੀਆਂਦਾਰੀ ਦਾ ਹੀ ਪਿਆਰ ਹੈ, ਪਰ ਉਹਦੇ ਅੰਦਰ ਕਿਵੇਂ ਲਹਿਰ ਚਲ ਰਹੀ ਹੈ। ਕਿਵੇਂ ਉਹਨੂੰ ਜੀਉਂਦਾ ਰੱਖ ਰਹੀ ਹੈ, ਅਸਚਰਜ ਬਣਾ ਰਹੀ ਹੈ। ਔਖੀ ਤੋਂ ਔਖੀ ਗੱਲ ਨੂੰ ਉਹ ਲਹਿਰ ਕਰਾ ਦਿੰਦੀ ਹੈ। ਸੋ ਜਿਹਦੇ ਅੰਦਰ ਨਾਮ ਦੀ ਰੌ ਚਲਦੀ ਹੈ, ਪ੍ਰਭੂ ਦਾ ਪਿਆਰ ਹੈ ਉਹ ਬਿਲਕੁਲ ਜ਼ਿੰਦਗੀ 'ਚ ਹੈ, ਬਾਕੀ ਤਾਂ ਹੈ ਹੀ ਨਹੀਂ।

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥ ਅੰਗ – ੧੪੨

ਸੋ ਮਹਾਰਾਜ ਕਹਿੰਦੇ ਐਸੇ ਜਿਹੜੇ ਹਨ ਉਨ੍ਹਾਂ ਦੀ ਅਸੀਂ ਚਰਨ ਧੂੜ ਮਸਤਕ 'ਤੇ ਲਾਉਂਦੇ ਹਾਂ।

ਕੇਸ ਕਾ ਕਰਿ ਚਵਰੁ ਢੁਲਾਵਾ
ਚਰਣ ਧੂੜਿ ਮੁਖਿ ਲਾਈ ॥ ੧ ॥ ਰਹਾਉ ॥
ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥ ੨ ॥
ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥
ਸਚਾ ਸੁਖੁ ਸਚੀ ਵਡਿਆਈ
ਜਿਸ ਕੇ ਸੇ ਤਿਨਿ ਜਾਤੇ ॥ ੩ ॥
ਪਖਾ ਫੇਰੀ ਪਾਣੀ ਢੋਵਾ
ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥
ਅੰਗ – ੭੪੯

ਮਹਾਰਾਜ ਕਹਿੰਦੇ, ਹੇ ਪ੍ਰਭੂ! ਐਸੇ ਜਿਹੜੇ ਜਨ ਨੇ, ਤੇਰੇ ਬਹੁਤ ਥੋੜ੍ਹੇ ਉਹ ਮੇਰੀ ਬੇਨਤੀ ਪ੍ਰਵਾਨ ਕਰ।

ਨਾਨਕ ਕੀ ਪ੍ਰਭ ਪਾਸਿ ਬੇਨੰਤੀ
ਤੇਰੇ ਜਨ ਦੇਖਣੁ ਪਾਵਾ ॥ ਅੰਗ – ੭੪੯

ਸੋ ਏਸ ਕਰਕੇ ਇਹ ਜੋ ਮਾਘ ਦਾ ਮਹੀਨਾ ਹੈ, ਮਹਾਰਾਜ ਫੁਰਮਾਨ ਕਰਦੇ ਨੇ ਕਿ –

ਮਾਘਿ ਮਜਨੁ ਸੰਗਿ ਸਾਧੂਆ
ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ
ਸਭਨਾ ਨੋ ਕਰਿ ਦਾਨੁ ॥ ਅੰਗ – ੧੩੫

ਉਹ ਐਸੇ ਪੁਰਸ਼ ਨੇ ਜਿਹਦੇ ਬਾਰੇ ਐਸਾ ਫੁਰਮਾਨ ਹੈ –

ਧਾਰਨਾ – ਮਹਿਮਾ ਸੰਤਾਂ ਦੀ ਵੇਦ ਨਾ ਜਾਣਦੇ।
ਸਾਧ ਕੀ ਮਹਿਮਾ ਬੇਦ ਨ ਜਾਨਹਿ ॥
ਜੇਤਾ ਸੁਨਹਿ ਤੇਤਾ ਬਖਿਆਨਹਿ ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥
ਸਾਧ ਕੀ ਉਪਮਾ ਰਹੀ ਭਰਪੂਰਿ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥

ਸਾਧ ਕੀ ਸੋਭਾ ਸਦਾ ਬੇਅੰਤ ॥ ਅੰਗ - ੨੭੨

ਇਕ ਰਾਜੇ ਦੇ ਦਰਬਾਰ ਵਿਚ ਇਕ ਮਹਾਂਪੁਰਸ਼ ਕਥਾ ਕਰਦੇ ਸੀ। ਰਾਜੇ ਨੇ ਕਿਹਾ ਕਿ ਠੀਕ ਹੈ ਇਹ ਬਾਣੀ ਤਾਂ ਗੁਰੂ ਦੀ ਹੈ। ਮੰਨਣੀ ਚਾਹੀਦੀ ਹੈ ਪਰ ਬਹੁਤ ਸਾਰੀਆਂ ਚੀਜ਼ਾਂ ਦੇ ਅਸਰ ਹੋਇਆ ਕਰਦੇ ਨੇ, ਵਾਹਿਗੁਰੂ ਨੇ ਸਾਨੂੰ ਵਿਚਾਰ ਦਿਤੀ ਹੈ, ਉਹ ਵਿਚਾਰ ਵੀ ਅਸੀਂ ਵਰਤ ਲਈਏ ਕੋਈ ਬੁਰੀ ਚੀਜ਼ ਨਹੀਂ ਹੈ। ਐਸਾ ਹੀ ਕਹਿੰਦੇ ਨੇ ਜਿਹੜੇ ਇਸ ਤਰ੍ਹਾਂ ਦੇ ਪੁਰਸ਼ ਹੋਇਆ ਕਰਦੇ ਨੇ। ਸੰਤ ਕਹਿੰਦੇ, ਤੇਰਾ ਮਤਲਬ ਕੀ ਹੈ? ਕਹਿੰਦਾ ਮਤਲਬ ਮੇਰਾ ਇਹ ਹੈ ਕਿ ਵੇਦ ਸਭ ਤੋਂ ਉਪਰ ਨੇ ਉਹ ਮਹਿਮਾ ਸੰਤਾਂ ਦੀ ਕਿਉਂ ਨਹੀਂ ਜਾਣਦੇ? ਤੁਹਾਡੇ ਕਹੇ ਨੂੰ ਮੈਂ ਮੰਨ ਲੈਂਦਾ ਹਾਂ ਪਰ ਮੇਰੀ ਤਰਕ ਨਹੀਂ ਦੂਰ ਹੁੰਦੀ। ਮਹਾਤਮਾ ਕਹਿੰਦੇ, ਚੰਗਾ ਤੇਰੀ ਤਰਕ ਅਸੀਂ ਤਾਂ ਨਹੀਂ ਦੂਰ ਕਰਨੀ, ਪਰ ਤੇਰਾ ਪੁੱਤਰ ਤਰਕ ਦੂਰ ਕਰੇਗਾ। ਉਹ ਕਹਿੰਦਾ, ਹਜ਼ੂਰ! ਮਹਾਂਪੁਰਸ਼ ਹੋ ਆਪ, ਪੁੱਤਰ ਦੀ ਪ੍ਰਾਪਤੀ ਵਾਸਤੇ ਮੈਂ ਬੜੇ ਜਗਰਾਤੇ ਕਰਾਏ ਨੇ। ਅਰਦਾਸਾਂ ਕਰਾਈਆਂ ਨੇ, ਵੇਦ ਵਿਧੀ ਨਾਲ ਯੱਗ ਕਰਾਏ ਨੇ, ਸਾਧੂ ਮਹਾਂਪੁਰਸ਼ਾਂ ਨੂੰ ਬੁਲਾ-ਬੁਲਾ ਕੇ ਬੇਨਤੀਆਂ ਕੀਤੀਆਂ ਨੇ। ਜੋਤਸ਼ੀਆਂ ਦੇ ਮੈਂ ਹਿਸਾਬ-ਕਿਤਾਬ ਜੁੜਵਾਏ ਨੇ, ਉਨ੍ਹਾਂ ਨੇ ਕਿਹਾ ਹੈ ਕਿ ਸੱਤ ਜਨਮ ਤਕ ਤੈਨੂੰ ਪੁਤਰ ਦੀ ਦਾਤ ਪ੍ਰਾਪਤ ਨਹੀਂ ਹੋਣੀ, ਤੇਰੇ ਤੋਂ ਐਸੀ ਕੋਈ ਅਵੱਗਿਆ ਹੋ ਗਈ। ਪੁੱਤਰ ਦਾ ਮੂੰਹ ਨਹੀਂ ਦੇਖੇਂਗਾ ਸੱਤ ਜਨਮ ਤਕ। ਮਹਾਤਮਾ ਕਹਿਣ ਲੱਗੇ ਕਿ ਉਹ ਤਾਂ ਠੀਕ ਹੈ। ਪਰ ਅਸੀਂ ਜੋ ਕਹਿੰਦੇ ਹਾਂ ਕਿ ਤੇਰਾ ਪੁੱਤਰ ਇਹਦਾ ਅਰਥ ਕਰੇਗਾ। ਕਹਿੰਦਾ ਮਹਾਰਾਜ! ਮੇਰੇ ਪੁੱਤਰ ਹੋ ਜਾਏਗਾ? ਕਹਿੰਦੇ ਹਾਂ। ਪਰ 11 ਸਾਲ, 11 ਮਹੀਨੇ, 11 ਦਿਨ ਦੀ ਆਯੂ ਭੁਗਤ ਕੇ ਉਹ ਚੜ੍ਹਾਈ ਕਰ ਜਾਏਗਾ। ਰਾਜੇ ਨੂੰ ਖੁਸ਼ੀ ਵੀ ਬਹੁਤ ਹੋਈ ਗਮੀ ਵੀ ਬਹੁਤ ਹੋਈ। ਖੁਸ਼ੀ ਤਾਂ ਇਹ ਹੋਈ ਕਿ ਮੈਂ ਇਸ ਜਨਮ ਦੇ ਵਿਚ ਆਪਣੇ ਪੁੱਤਰ ਦਾ ਮੂੰਹ ਦੇਖ ਲਵਾਂਗਾ। ਜਿਹੜਾ ਕਿ ਮੈਨੂੰ ਸੱਤ ਜਨਮ ਤਕ ਨਹੀਂ ਸੀ ਪ੍ਰਾਪਤ ਹੋਣਾ। ਪਤਾ ਨਹੀਂ ਕਿਹੜੇ ਜਨਮ 'ਚ ਹੁੰਦਾ, ਕਿਥੇ ਹੁੰਦਾ। ਪੁੱਤਰ ਹੁੰਦਾ ਨਾ ਹੁੰਦਾ। ਜਿਹੜੀ ਹੁਣ ਮੈਨੂੰ ਲੋਚਾ ਲੱਗੀ ਹੋਈ ਹੈ ਇਹਦਾ ਤਾਂ ਕੋਈ ਇਲਾਜ ਨਹੀਂ ਨਾ ਇਹ ਗੱਲ। ਹੁਣ ਸੰਤਾਂ ਨੇ ਇਹ ਕਹਿ ਦਿਤਾ। ਨਾਲੇ ਤਾਂ ਇਹ ਗੁਰੂ ਦੀ ਬਾਣੀ ਪਰਖੀ ਜਾਏਗੀ, ਨਾਲੇ ਮੇਰੇ ਘਰ ਪੁੱਤਰ ਹੋ ਜਾਏਗਾ। ਪਰ ਅਫਸੋਸ ਇਹ ਹੈ ਕਿ 11 ਸਾਲ, 11 ਮਹੀਨੇ, 11 ਦਿਨ ਦਾ ਹੋ ਕੇ ਮਰ ਜਾਏਗਾ, ਫੇਰ ਉਸ ਤੋਂ ਵੀ ਜ਼ਿਆਦਾ ਦੁਖ ਲੱਗਣਾ ਹੈ। ਸਮਾਂ ਪਾ ਕੇ ਪੁੱਤਰ ਹੋ ਗਿਆ, ਬੜਾ ਹੀ ਪਿਆਰ ਕਰਦਾ ਹੈ, ਨਾਲ ਚਿੰਤਾ ਵੀ ਹੋਈ ਜਾਂਦੀ ਹੈ, ਜਨਮ ਦਿਨ ਆਉਂਦਾ ਹੈ, ਉਹ ਕਹਿੰਦਾ ਹੈ ਹੁਣ ਤਾਂ ਇਕ ਸਾਲ ਹੋਰ ਘਟ ਗਿਆ।

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ
ਇਤਨਾ ਕੁ ਨ ਜਾਨੈ
ਜਿ ਦਿਨ ਦਿਨ ਅਵਧ ਘਟਤੁ ਹੈ ॥
ਮੋਰ ਮੋਰ ਕਰਿ ਅਧਿਕ ਲਾਡੁ ਧਰਿ

ਪੇਖਤ ਹੀ ਜਮਰਾਉ ਹਸੈ ॥ ਅੰਗ - ੯੨

ਇਧਰ ਬੱਤੀਆਂ ਜਗਾਈਆਂ ਜਾਂਦੀਆਂ ਨੇ। ਬੁਝਾਈਆਂ ਜਾਂਦੀਆਂ, ਗਿਆਰ੍ਹਵੀਂ ਬੱਤੀ, ਪੰਦਰਵੀਂ ਬੱਤੀ, ਵੱਡੇ ਤੋਂ ਵੱਡੇ ਕੇਕ ਲਿਆਂਦੇ ਜਾਂਦੇ ਨੇ, ਓਧਰਲੇ ਪਾਸੇ ਧਰਮਰਾਜ ਕਹਿੰਦਾ ਹੈ ਕਿ ਕਿਹੋ ਜਿਹੇ ਕਮਲੇ ਲੋਕ ਨੇ ਇਹ ਤਾਂ ਮੇਰੇ ਵਲ ਨੂੰ ਆ ਰਿਹਾ ਹੈ, ਇਹਦੀ ਉਮਰ ਵਧ ਰਹੀ ਹੈ ਕਿ ਘਟ ਰਹੀ ਹੈ। ਐਨਾ ਹੀ ਨਹੀਂ ਇਨ੍ਹਾਂ ਨੂੰ ਪਤਾ। ਜੇ 80 ਸਾਲ ਉਮਰ ਸੀ ਤਾਂ 10ਵੇਂ ਜਨਮਦਿਨ 'ਤੇ 70 ਰਹਿ ਗਈ। ਫਿਕਰ ਨਹੀਂ ਕਰ ਰਹੇ, ਖੁਸ਼ੀਆਂ ਮਨਾ ਰਹੇ ਨੇ ਕਿ ਮੌਤ ਵਲ ਨੂੰ ਚਲ ਰਿਹਾ ਹੈ।

ਉਹ ਰਾਜਾ ਹਰ ਸਾਲ ਉਦਾਸ ਹੋ ਜਾਂਦਾ ਹੈ ਕਿ ਹੁਣ ਤਾਂ ਗਿਆਰ੍ਹਵਾਂ ਸਾਲ ਵੀ ਆ ਗਿਆ। ਉਹਨੇ ਕਿਹਾ ਕਿ ਹੁਣ ਕੀ ਹੋਏਗਾ। 11 ਮਹੀਨੇ ਰਹਿ ਗਏ, ਜਿਥੇ ਗਿਆਰ੍ਹਾਂ ਸਾਲ ਲੰਘ ਗਏ, ਉਥੇ ਇਹ ਵੀ ਲੰਘ ਜਾਣੇ ਨੇ। ਉਹ ਜਿਹੜਾ ਰਾਜਕੁਮਾਰ ਸੀ, ਸਾਧੂਆਂ ਦੀ ਸੰਗਤ ਕਰਦਾ ਹੁੰਦਾ ਸੀ ਬੜੇ ਹੀ ਪਿਆਰ ਨਾਲ, ਸਾਧੂ ਰਾਜੇ ਦੇ ਘਰ ਆਉਂਦੇ ਹੀ ਹੁੰਦੇ ਸੀ। ਜਦ ਇਹ ਗਿਆਰ੍ਹਾਂ ਸਾਲ, ਗਿਆਰ੍ਹਾਂ ਮਹੀਨੇ ਦਾ ਹੋਇਆ ਤਾਂ ਪਿਤਾ ਨੂੰ ਕਹਿਣ ਲੱਗਿਆ ਕਿ ਮੈਂ ਹੁਣ ਚੜ੍ਹਾਈ ਕਰ ਜਾਣੀ ਹੈ। ਮੈਨੂੰ ਥੋੜ੍ਹਾ ਸੁਤੰਤਰ ਫਿਰ ਲੈਣ ਦਿਓ। ਨੇੜੇ ਹੀ ਜੰਗਲ ਦੇ ਵਿਚ ਇਕ ਬਹੁਤ ਉਚ ਕੋਟੀ ਦੇ ਮਹਾਂਪੁਰਸ਼ ਰਿਹਾ ਕਰਦੇ ਸੀ, ਬੀਤਰਾਗ ਅਵਸਥਾ ਦੇ; ਜਿਨ੍ਹਾਂ ਦੇ ਅੰਦਰ ਰਾਗ ਤੇ ਦਵੈਸ਼ ਨੇੜੇ ਤਕ ਵੀ ਨਹੀਂ ਸੀ ਆਉਂਦੀ। ਪੂਰਨ ਸੰਤ ਸੀਗੇ। ਉਥੇ ਜਾ ਕੇ ਇਸ ਨੇ ਨਮਸ਼ਕਾਰ ਕਰੀ। ਬੜੇ ਪਿਆਰ ਦੇ ਨਾਲ ਉਠਾਇਆ ਇਸ ਨੂੰ ਮਹਾਂਪੁਰਸ਼ਾਂ ਨੇ, ਕਹਿਣ ਲੱਗੇ ਕਿ ਬੇਟਾ! ਕੀ ਮਨੋਰਥ ਲੈ ਕੇ ਆਇਆ ਹੈਂ? ਇਸ ਨੇ ਕਿਹਾ, ਮਹਾਰਾਜ! ਸਾਰੀ ਗੱਲ ਮੈਂ ਦਸਦਾ ਹਾਂ। ਮੇਰੇ ਪਿਤਾ ਦੇ ਦਰਬਾਰ ਵਿਚ ਇਕ ਮਹਾਂਪੁਰਸ਼ ਸੁਖਮਨੀ ਸਾਹਿਬ ਦੀ ਕਥਾ ਕਰਦੇ ਜਦੋਂ ਇਸ ਤੁਕ ਦੀ ਕਥਾ ਕਰੀ ਕਿ -

ਸਾਧ ਕੀ ਮਹਿਮਾ ਬੇਦ ਨ ਜਾਨਹਿ ॥
ਜੇਤਾ ਸੁਨਹਿ ਤੇਤਾ ਬਖਿਆਨਹਿ ॥ ਅੰਗ - ੨੭੨

ਉਸ ਵਕਤ ਮੇਰੇ ਪਿਤਾ ਦੇ ਮਨ ਵਿਚ ਤਰਕ ਆ ਗਈ। ਕਹਿਣ ਲੱਗਿਆ ਕਿ ਵੇਦਾਂ ਦੇ ਉਤੋਂ ਤਾਂ ਕੋਈ ਗਿਆਨ ਹੀ ਨਹੀਂ ਹੈ, ਵੇਦ ਸਭ ਕੁਛ ਜਾਣਦੇ ਨੇ। ਉਹ ਵਕਤ ਮਹਾਂਪੁਰਸ਼ਾਂ ਨੇ ਕਿਹਾ ਕਿ ਵੇਦ ਜਿਹੜੇ ਨੇ, ਇਹ ਤਿੰਨਾਂ ਗੁਣਾਂ ਦੇ ਅੰਦਰ ਨੇ। ਇਨ੍ਹਾਂ ਨੂੰ ਚਉਥੇ ਪਦ ਦਾ ਗਿਆਨ ਨਹੀਂ ਹੈ। ਚੌਥੇ ਪਦ ਦਾ ਗਿਆਨ ਕੇਵਲ ਸਾਧੂਆਂ ਨੂੰ ਹੋਇਆ ਕਰਦਾ ਹੈ। ਕਹਿੰਦਾ, ਮੇਰਾ ਮਨ ਨਹੀਂ ਮੰਨਦਾ। ਮਹਾਂਪੁਰਸ਼ਾਂ ਨੇ ਕਿਹਾ ਕਿ ਚੰਗਾ, ਤੇਰਾ ਪੁੱਤਰ ਤੈਨੂੰ ਇਸ ਗੱਲ ਦਾ ਜਵਾਬ ਦੇਵੇਗਾ। ਮਹਾਰਾਜ! ਮੇਰੇ ਪਿਤਾ ਨੂੰ ਤਾਂ ਸਭ ਇਹੀ ਕਹਿੰਦੇ ਸੀ ਕਿ ਤੇਰੇ ਪੁੱਤਰ ਨਹੀਂ ਹੋ ਸਕਦਾ। ਪਰ ਮਹਾਂਪੁਰਸ਼ਾਂ ਦਾ ਬਚਨ ਅਟੱਲ ਸੀ, ਉਹਦੇ ਨਾਲ ਮੇਰਾ ਜਨਮ ਹੋਇਆ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ 11 ਸਾਲ, 11 ਮਹੀਨੇ, 11 ਦਿਨ ਆਯੂ ਹੈ ਇਹਦੀ। ਜੋਤਸ਼ੀਆਂ ਨੇ ਵੀ ਇਹ ਗੱਲ ਕਹੀ ਹੈ। ਮੇਰਾ ਅੰਤ ਸਮਾਂ ਨੇੜੇ ਆ ਗਿਆ, ਮੈਨੂੰ ਜਮਾਂ

ਤੋਂ ਭੈ ਲਗਦਾ ਹੈ। ਕ੍ਰਿਪਾ ਕਰੋ ਮੇਰੇ 'ਤੇ। ਉਹ ਮਹਾਂਪੁਰਸ਼ ਕਹਿਣ ਲੱਗੇ ਕਾਕਾ! ਇਕ ਮਹਾਂਪੁਰਸ਼ ਨੇ ਤੈਨੂੰ ਬੰਜਰ ਜ਼ਮੀਨ 'ਚ ਪੈਦਾ ਕਰਕੇ ਦਿਖਾ ਦਿਤਾ। ਚੱਲ, ਤੂੰ ਇਥੇ ਸਾਧੂਆਂ ਦੇ ਦਰਸ਼ਨ ਕਰੇ ਨੇ, ਤੈਨੂੰ ਸੌ ਸਾਲ ਹੋਰ ਦਿੰਦੇ ਹਾਂ। ਇਕ ਸੌ ਗਿਆਰ੍ਹਾਂ ਸਾਲ, ਗਿਆਰ੍ਹਾਂ ਮਹੀਨੇ, ਗਿਆਰ੍ਹਾਂ ਦਿਨ ਦੀ ਤੇਰੀ ਆਯੂ ਹੈ, ਜਾਹ ਪਿਤਾ ਨੂੰ ਕਹਿ ਦੇ। ਬਾਰ੍ਹਾਂ ਸਾਲ ਦਾ ਜਿਸ ਦਿਨ ਹੋਇਆ, ਕਹਿਣ ਲੱਗਿਆ, ਮਹਾਰਾਜ ਮੈਂ ਉਸ ਵੇਲੇ ਮੁੜਾਂਗਾ। 12 ਸਾਲ ਦਾ ਹੋ ਗਿਆ, ਜਾ ਕੇ ਪਿਤਾ ਨੂੰ ਕਹਿਣ ਲੱਗਿਆ, ਪਿਤਾ! ਇਹ ਜੋ ਬਚਨ ਹੈ -

ਸਾਧ ਕੀ ਮਹਿਮਾ ਬੇਦ ਨ ਜਾਨਹਿ ॥
ਜੇਤਾ ਸੁਨਹਿ ਤੇਤਾ ਬਖਿਆਨਹਿ ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥
ਸਾਧ ਕੀ ਉਪਮਾ ਰਹੀ ਭਰਪੂਰਿ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥
ਸਾਧ ਕੀ ਸੋਭਾ ਸਦਾ ਬੇਅੰਤ ॥
ਸਾਧ ਕੀ ਸੋਭਾ ਊਚ ਤੇ ਊਚੀ ॥
ਸਾਧ ਕੀ ਸੋਭਾ ਮੂਚ ਤੇ ਮੂਚੀ ॥
ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ਅੰਗ - ੨੭੨

ਸੋ ਮਹਾਰਾਜ ਕਹਿੰਦੇ ਇਨ੍ਹਾਂ ਤੋਂ ਵੱਡਾ ਕੌਣ ਹੈ ਦੁਨੀਆਂ ਦੇ ਅੰਦਰ, ਹੈ ਕੋਈ? ਕੋਈ ਨਹੀਂ ਇਨ੍ਹਾਂ ਦੀ ਬਰਾਬਰੀ ਕਰ ਸਕਦਾ -

ਧਾਰਨਾ - ਪੰਡਤ ਸੂਰ ਛਤ੍ਰਪਤ ਰਾਜਾ,
ਭਗਤ ਬਰਾਬਰ ਕੋਈ ਨਾ।
ਪੰਡਿਤ ਸੂਰ ਛਤ੍ਰਪਤਿ ਰਾਜਾ
ਭਗਤ ਬਰਾਬਰਿ ਅਉਰੁ ਨ ਕੋਇ ॥ ਅੰਗ - ੮੫੮

ਸਭ ਤੋਂ ਜੋ ਸ਼੍ਰੇਸਟ ਦੁਨੀਆਂ ਦੇ ਅੰਦਰ ਹੈ, ਜਿਹਦੇ ਵਾਸਤੇ ਵਾਹਿਗੁਰੂ ਜੀ ਨੇ ਇਹ ਸੰਸਾਰ ਬਣਾਇਆ ਹੈ ਉਹ ਸੰਤ ਨੇ।

ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਅੰਗ - ੨੨੪

ਸੰਤਾਂ ਦੇ ਪਿਆਰ ਨੂੰ ਮਾਨਣ ਵਾਸਤੇ ਵਾਹਿਗੁਰੂ ਜੀ ਨੇ ਆਹ ਦੁਨੀਆਂ ਰਚੀ ਹੈ, ਕਿਉਂਕਿ ਵਾਹਿਗੁਰੂ ਆਪ ਨਿਰਾ ਪਿਆਰ ਹੈ। ਉਹ ਪਿਆਰ ਹੀ ਚਾਹੁੰਦਾ ਹੈ, ਪਿਆਰ ਦੀ ਉਹਨੂੰ ਭੁੱਖ ਲਗੀ ਹੋਈ ਹੈ। ਸੋ ਸੰਤ ਜਿਹੜੇ ਨੇ ਉਹ ਗਰਜ ਦਾ ਪਿਆਰ ਨਹੀਂ ਕਰਦੇ, ਸੱਚਾ ਪਿਆਰ ਕਰਦੇ ਨੇ। ਦੁਨੀਆ ਦਾ ਪਿਆਰ ਗਰਜ ਦਾ ਪਿਆਰ ਹੁੰਦਾ ਹੈ। ਕੋਈ ਕਿਸੇ ਆਸ਼ੇ ਨੂੰ ਮੁਖ ਰੱਖ ਕੇ ਕਰਦਾ ਹੈ, ਕੋਈ ਕਿਸੇ ਨੂੰ ਕਰਦਾ ਹੈ। ਜਿਹੜਾ ਪਿਆਰ ਵਾਲਾ ਹੁੰਦਾ ਹੈ ਉਹਦੇ ਅੱਗੇ ਕੋਈ ਵੀ ਆਸ਼ਾ ਨਹੀਂ ਹੋਇਆ ਕਰਦਾ। ਉਹ ਆਪਣਾ ਤਨ ਵੀ ਵਾਰ ਦਿੰਦਾ ਹੈ, ਧਨ ਵੀ ਵਾਰ ਦਿੰਦਾ ਹੈ, ਮਨ ਵੀ ਵਾਰ ਦਿੰਦਾ ਹੈ, ਆਪਣਾ ਆਪਾ ਵੀ ਵਾਰ ਦਿੰਦਾ ਹੈ। ਉਸ ਪਿਆਰ ਨੂੰ ਚਾਹੁੰਦਾ ਹੈ ਪ੍ਰਮੇਸ਼ਰ। ਓਸ ਪਿਆਰ ਵਾਸਤੇ ਉਹਨੇ ਸੰਸਾਰ ਦੀ ਰਚਨਾ ਕਰੀ ਹੈ ਤੇ ਇਨ੍ਹਾਂ ਦੀ ਬਰਾਬਰੀ ਕੋਈ ਵੀ ਨਹੀਂ ਕਰ ਸਕਦਾ ਨਾ ਕੋਈ ਦੇਵੀ ਨਾ ਕੋਈ ਦੇਵਤਾ, ਨਾ ਕੋਈ ਬ੍ਰਹਮਾ, ਨਾ ਵਿਸ਼ਨੂੰ, ਨਾ ਸ਼ਿਵ ਜੀ। ਇਕ ਵੀ ਨਹੀਂ ਕਰ ਸਕਦਾ, ਦੇਵਤਿਆਂ ਨੇ ਸੰਸਾਰ ਦੇ ਉਧਾਰ ਵਾਸਤੇ ਸੰਸਾਰ ਦੇ ਵਿਚ 999 ਤੀਰਥ ਬਣਾਏ ਨੇ ਜਿਨ੍ਹਾਂ ਦੇ ਵਿਚੋਂ 68 ਤੀਰਥ ਭਾਰਤ ਵਰਸ਼ ਵਿਚ ਨੇ। ਇਕ ਦੋ ਤੀਰਥ ਜਿਵੇਂ ਬਾਹਰ ਸੀ, ਜਿਵੇਂ ਕਾਹਬਾ ਹੈ। ਇਹ ਹੁਣ ਹੋਰ ਪਾਸੇ ਚਲੇ ਗਏ। ਮਤ ਹੋਰ ਹੈ ਉਨ੍ਹਾਂ ਦਾ, ਉਥੇ ਵੀ ਲੋਕ ਮੰਨਦੇ ਨੇ ਉਨ੍ਹਾਂ ਨੂੰ। ਇਹ ਤੀਰਥਾਂ ਦੇ ਵਿਚ ਇਹ ਸੱਤਾ ਹੈ ਕਿ ਇਕ ਤੀਰਥ ਦੇ ਉਤੇ ਇਕ ਪਾਪ ਲਹਿ ਜਾਂਦਾ ਹੈ। ਇਹ ਜਿਹੜੀ ਗੰਗਾ ਹੈ ਇਹਨੂੰ ਪਾਪਨਾਸ਼ਨੀ ਕਹਿੰਦੇ ਸੀ। ਹੁਣ ਤਾਂ ਭਾਰਤ ਵਰਸ਼ ਨੇ ਬਹੁਤ ਮਾੜਾ ਕੰਮ ਕਰਿਆ ਹੈ, ਇਹ ਜਿਹੜੇ ਦਰਿਆ ਸੀ ਇਨ੍ਹਾਂ ਨੇ ਜ਼ਿੰਦਗੀ ਦਿਤੀ ਸੀ ਦੇਸ਼ ਨੂੰ। ਇਨ੍ਹਾਂ ਨੇ ਓਸੇ ਪਾਣੀ ਵਿਚ ਗੰਦ-ਮੰਦ ਬਣਾ ਦਿਤਾ, ਗੰਦ-ਮੰਦ ਬਣਾਉਣ ਦੇ ਨਾਲ ਧਰਤੀ 'ਚ ਚਲਿਆ ਗਿਆ, ਧਰਤੀ 'ਚ ਜਾ ਕੇ ਦੂਸ਼ਿਤਾ ਆ ਗਈ। ਜਿਹਦੇ ਨਾਲ ਦੁਨੀਆਂ ਵਿਚ ਬੀਮਾਰੀਆਂ ਹੀ ਬੀਮਾਰੀਆਂ ਫੈਲ ਜਾਣੀਆਂ ਨੇ, ਕੀਤੇ ਦਾ ਫਲ ਪਾ ਲੈਣਾ ਹੈ। ਪਾਣੀ ਨਾਲ ਗੰਦਗੀ ਰਲਾ ਦਿਤੀ, ਜਿਹੜਾ ਪਵਿੱਤਰ ਸੀਗਾ। ਦਰਿਆਵਾ ਦਾ ਸਤਿਆ ਨਾਸ਼ ਕਰ ਦਿਤਾ ਜਿਥੇ ਜਾ ਕੇ ਇਸ਼ਨਾਨ ਕਰਦੇ ਸੀ। ਪਹਿਲਾਂ ਤਾਂ ਮਾੜੀ ਮੋਟੀ ਮੈਲ ਸੀਗੀ, ਹੁਣ ਤਾਂ ਮੈਲ ਦੂਰ ਹੀ ਨਹੀਂ ਹੁੰਦੀ। ਪਹਿਲਾਂ ਉਹ ਮੈਲ ਪ੍ਰਮੇਸ਼ਰ ਕੋਲ ਬੇਨਤੀ ਕਰਕੇ, ਪ੍ਰਮੇਸ਼ਰ ਤੋਂ ਇਹ ਕਰਵਾ ਲੈਂਦੇ ਸੀ ਕਿ ਉਹ ਆਪਣੇ ਸਾਧੂ ਨੂੰ ਇਸ਼ਨਾਨ ਕਰਨ ਵਾਸਤੇ ਭੇਜ ਦਿੰਦਾ ਸੀ। ਸਾਧੂ ਨੂੰ ਇਸ਼ਨਾਨ ਕਰਨ ਦੀ ਲੋੜ ਨਹੀਂ ਹੈ, ਨਾ ਕਿਸੇ ਦਰਿਆ ਤੇ, ਨਾ ਕਿਸੇ ਹੋਰ ਥਾਂ।

ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥
ਅੰਗ - ੭੮੯

ਸਾਧੂ ਦਾ ਇਸ਼ਨਾਨ ਪੁੰਨਾਂ-ਪਾਪਾਂ ਵਾਸਤੇ ਨਹੀਂ ਹੁੰਦਾ। ਸਰੀਰ ਦੀ ਸਫਾਈ ਵਾਸਤੇ ਹੁੰਦਾ ਹੈ। ਕਿਉਂਕਿ ਉਹ ਉਸ ਲਾਈਨ ਨੂੰ ਲੰਘ ਚੁਕਿਆ ਹੁੰਦਾ ਹੈ ਜਿਸ ਜਿਥੇ ਪੁੰਨ ਤੇ ਪਾਪ ਅਸਰ ਕਰਦੇ ਨੇ। ਉਹ ਪ੍ਰਮੇਸ਼ਰ ਦੇ ਦਰਜੇ ਤੇ ਪਹੁੰਚ ਚੁਕਿਆ ਹੁੰਦਾ ਹੈ। ਨਿਰਲੇਪਤਾ ਦੀ ਅਵਸਥਾ ਵਿਚ ਪਹੁੰਚ ਜਾਇਆ ਕਰਦਾ ਹੈ। ਸੋ ਇਹ ਜਿਹੜੇ ਮਹਾਤਮਾ ਬੰਦਗੀ ਕਰਨ ਵਾਲੇ ਨੇ। ਇਨ੍ਹਾਂ ਨੂੰ ਸਾਰਿਆਂ ਤੋਂ supreme ਜਾਣ ਕੇ ਦੇਵਤੇ ਵੀ ਲੋਚਾ ਕਰਦੇ ਨੇ -

ਧਾਰਨਾ - ਤੀਰਥ ਵੀ ਲੋਚਦੇ,
ਸੰਤਾਂ ਦੀ ਧੂੜੀ ਤਾਂਈ।
ਗੰਗਾ ਜਮੁਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥
ਅੰਗ - ੧੨੬੩

ਇਹ ਵੀ ਲੋਚ ਰਹੇ ਨੇ, ਕਿਉਂਕਿ ਮਹਾਂ-ਪਵਿਤਰ ਸਾਧੂਆਂ ਦੀ ਧੂੜੀ ਹੁੰਦੀ ਹੈ। ਸ੍ਰੀ ਰਾਮ ਚੰਦਰ ਜੀ ਮਹਾਰਾਜ ਬਨਵਾਸ ਦੇ ਦਿਨਾਂ ਵਿਚ ਮੱਧ-ਪ੍ਰਦੇਸ਼ ਵਿਚ, ਬਿਲਾਸਪੁਰ ਰਿਆਸਤ ਦੇ

ਏਰੀਏ ਵਿਚ ਇਕ ਜੰਗਲ ਵਿਚ ਪੰਚਵਟੀ ਜਿਸਦਾ ਨਾਮ ਹੈ ਉਥੇ ਕੁਟੀਆ ਪਾ ਕੇ ਰਹਿ ਰਹੇ ਸਨ। ਨੇੜੇ ਹੋਰ ਪਰਲੇ ਪਾਸੇ, ਬਹੁਤ ਸਾਰੇ ਮਹਾਤਮਾ ਜੰਗਲ 'ਚ ਰਹਿੰਦੇ ਸੀ, ਉਥੇ ਇਕ ਤੀਰਥ ਸੀ ਜਿਸਦਾ ਨਾਮ ਪੰਪਾਸਰ ਸੀ। ਉਹਦੇ ਵਿਚ ਕਿਰਮ ਪੈ ਗਏ, ਪਾਣੀ ਵਰਤਣਾ ਵੀ ਔਖਾ ਹੋ ਗਿਆ। ਨਾਹੁੰਣਾ ਵੀ ਔਖਾ ਹੋ ਗਿਆ, ਬਹੁਤ ਦੁਖੀ ਹੋ ਗਏ। ਉਪਾਅ ਬੜੇ ਕਰ, ਵੇਦ ਮੰਤਰਾਂ ਦੇ ਨਾਲ ਪਾਣੀ ਤਿਆਰ ਕਰਿਆ, ਉਹ ਵੀ ਪਾਏ। ਔਸ਼ਧੀਆਂ ਵੀ ਪਾਈਆਂ, ਪਾਣੀ ਕੱਢਣ ਦਾ ਵੀ ਯਤਨ ਕਰਿਆ ਪਰ ਪਾਣੀ ਸਾਫ ਨਾ ਹੋਇਆ। ਉਸ ਵੇਲੇ ਇਨ੍ਹਾਂ ਨੂੰ ਪਤਾ ਲੱਗਿਆ ਕਿ ਸ੍ਰੀ ਰਾਮਚੰਦਰ ਜੀ ਤੇ ਲਛਮਣ ਜੀ, ਸੀਤਾ ਮਾਤਾ ਸਮੇਤ ਨੇੜੇ ਹੀ ਆਏ ਹੋਏ ਨੇ ਪੰਚਵਟੀ 'ਚ। ਉਥੇ ਜਾ ਕੇ ਬੇਨਤੀ ਕਰੀ ; ਜਿਹੜੇ ਮੁਖੀ-ਮੁਖੀ ਰਿਸ਼ੀ-ਮੁਨੀ ਸੀ, ਉਹ ਸਾਰੇ ਸ੍ਰੀ ਰਾਮ ਚੰਦਰ ਜੀ ਦੇ ਪਾਸ ਪਹੁੰਚੇ। ਆਪ ਮਰਿਆਦਾ ਪੁਰਸ਼ੋਤਮ ਅਵਤਾਰ ਸਨ, ਉਨ੍ਹਾਂ ਦਾ ਬਹੁਤ ਹੀ ਆਦਰ ਕੀਤਾ, ਚਰਨ ਧੋਤੇ। ਹੋਰ ਅਨੇਕਾਂ ਕਿਸਮ ਦੀ ਸੇਵਾ ਕੀਤੀ, ਆਪ ਆਪਣੇ ਹੱਥ ਨਾਲ ਕਰਦੇ ਰਹੇ। ਉਸ ਤੋਂ ਬਾਅਦ ਆਪ ਨੇ ਪੁਛਿਆ ਕਿ ਹੁਣ ਆਪਣਾ ਮਨੋਰਥ ਦੱਸੋ ਕਹਿਣ ਲੱਗੇ ਮਹਾਰਾਜ! ਆਹ ਨੇੜੇ ਹੀ ਸਾਡਾ ਆਸ਼ਰਮ ਹੈ, ਥੋੜ੍ਹੀ ਦੂਰ 'ਤੇ। ਉਥੇ ਜੋ ਤੀਰਥ ਹੈ, ਜਿਥੋਂ ਅਸੀਂ ਪਾਣੀ ਵਰਤਦੇ ਸੀ ਉਸ ਵਿਚ ਕਿਰਮ ਪੈ ਗਏ। ਉਸ ਦੀ ਕਿਸੇ ਤਰੀਕੇ ਨਾਲ ਵੀ ਸਫਾਈ ਨਹੀਂ ਹੋ ਰਹੀ। ਅਸੀਂ ਔਸ਼ਧੀਆਂ ਵੀ ਪਾ ਕੇ ਦੇਖ ਲਈਆਂ, ਪਾਣੀ ਕੱਢ-ਕੱਢ ਕੇ ਵੀ ਦੇਖ ਲਿਆ। ਕੋਈ ਤਰੀਕਾ ਨਹੀਂ ਹੈ, ਐਨੀ ਗਿਣਤੀ ਹੋ ਗਈ ਉਸ ਵਿਚ ਕਿਰਮਾਂ ਦੀ ਕਿ ਉਹ ਪਾਣੀ ਵਰਤਣ ਦੇ ਕਾਬਿਲ ਹੀ ਨਹੀਂ ਹੈ, ਨੇੜੇ-ਤੇੜੇ ਪਾਣੀ ਕਿਤੇ ਨਹੀਂ, ਅਸੀਂ ਬਹੁਤ ਦੁਖੀ ਹਾਂ। ਆਪ ਇਸ ਯੁੱਗ ਦੇ ਚੌਦਾਂ ਕਲਾ ਸੰਪੂਰਨ ਅਵਤਾਰ ਹੋ, ਕ੍ਰਿਪਾ ਕਰੋ। ਕਹਿਣ ਲੱਗੇ, ਅੱਛਾ! ਅਸੀਂ ਤੁਹਾਡੇ ਪਾਸ ਆਵਾਂਗੇ, ਕੋਈ ਗੱਲ ਨਹੀਂ ਜੇ ਸਾਡੇ ਚਰਨਾਂ ਨਾਲ ਛੂੰਹਣ ਤੇ ਉਹ ਠੀਕ ਹੋ ਜਾਏ, ਤਾਂ ਇਹ ਬੜੀ ਭਾਰੀ ਸੇਵਾ ਹੈ ਤੁਹਾਡੀ। ਜ਼ਰੂਰ ਕਰਾਂਗੇ। ਉਸ ਵੇਲੇ ਰਿਸ਼ੀ-ਮੁਨੀ ਚਲੇ ਗਏ, ਨਿਯਤ ਦਿਨ ਦੇ ਉਤੇ ਸ੍ਰੀ ਰਾਮਚੰਦਰ ਜੀ ਜਾਂਦੇ ਨੇ, ਲਛਮਣ ਜੀ ਨਾਲ ਨੇ, ਸੀਤਾ ਮਾਤਾ ਜੀ ਨਾਲ ਨੇ। ਜਾਂਦੇ-ਜਾਂਦੇ ਉਸ ਜੰਗਲ ਵਿਚ ਅਚਾਨਕ ਇਕ ਛੋਟੀ ਜਿਹੀ ਪਗਡੰਡੀ, ਥੋੜ੍ਹੀ ਜਿਹੀ ਚੌੜ੍ਹੀ ਫੁੱਟ-ਡੇਢ ਫੁੱਟ, ਪੈਰਾਂ ਦੇ ਨਿਸ਼ਾਨਾ ਨਾਲ ਪਗਡੰਡੀ ਬਣੀ ਹੋਈ, ਆਪ ਵੱਡੇ ਰਸਤੇ ਨੂੰ ਛੱਡ ਕੇ ਓਸ ਪਗਡੰਡੀ ਤੇ ਪੈ ਗਏ। ਜਿਹੜਾ ਰਸਤ ਦੱਸਣ ਵਾਲਾ ਰਿਸ਼ੀ ਸੀ ਉਹ ਕਹਿੰਦਾ ਕਿ ਮਹਾਰਾਜ ਆਸ਼ਰਮ ਤਾਂ ਓਹ ਸਾਮ੍ਹਣੇ ਨੇ। ਇਧਰ ਨਹੀਂ ਹੈ ਕੁਛ ਵੀ, ਸ੍ਰੀ ਰਾਮਚੰਦਰ ਜੀ ਕਹਿਣ ਲੱਗੇ, ਤੁਸੀਂ ਜਾਓ ਖਬਰ ਕਰੋ ਉਨ੍ਹਾਂ ਨੂੰ ਅਸੀਂ ਆਵਾਂਗੇ, ਥੋੜ੍ਹੀ ਦੇਰ ਤਕ, ਸਾਨੂੰ ਪਤਾ ਹੈ ਕਿ ਓਧਰ ਹੈ। ਓਸ ਵੇਲੇ ਲਛਮਣ ਜੀ ਨੇ ਵੀ ਕਿਹਾ ਕਿ ਮਹਾਰਾਜ! ਆਪ ਖੁਲ੍ਹਾ ਰਸਤਾ ਛੱਡ ਕੇ ਆਪ ਪਗਡੰਡੀ 'ਚ ਪੈ ਗਏ। ਕੰਡੇ ਚਿੰਬੜਦੇ ਨੇ, ਸੀਤਾ ਜੀ ਦੇ ਵੀ ਕਪੜਿਆਂ ਦੇ ਨਾਲ ਚਿੰਬੜ ਰਹੇ ਨੇ। ਸੀਤਾ ਜੀ ਨੇ ਵੀ ਕਿਹਾ ਕਿ ਇਹ ਕੋਈ ਕੌਤਕ ਹੈ? ਕਹਿੰਦੇ ਹਾਂ। ਉਥੇ ਗਏ ਤਾਂ ਸ਼ਿਵਰੀ ਨੂੰ ਵੀ ਪਤਾ ਲੱਗ ਗਿਆ ਸੀ ਕਿ ਸ੍ਰੀ ਰਾਮਚੰਦਰ ਜੀ ਨੇ ਆਉਣਾ ਹੈ। ਉਸਦੀ ਸਮਾਧੀ ਲੱਗੀ ਹੋਈ ਹੈ ਸ੍ਰੀ ਰਾਮਚੰਦਰ ਜੀ ਦੇ ਚਰਨ ਸੁਰਤ ਨਾਲ ਫੜ੍ਹੇ ਹੋਏ ਨੇ, ਅੱਖਾਂ ਦੇ ਵਿਚੋਂ ਨੀਰ ਵਹਿ ਰਿਹਾ ਹੈ, ਅੰਦਰ ਹੀ ਅੰਦਰ ਅਰਦਾਸਾਂ ਕਰਦੀ ਹੈ। ਬਹੁਤ ਹੀ ਲੋਚਾ ਪ੍ਰਬਲ ਹੋਈ ਹੋਈ ਹੈ। ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਕਦੋਂ ਹੋਣਗੇ ਦੀਦਾਰੇ ਤੇਰੇ,
ਅੱਖੀਆਂ ਤਰਸਦੀਆਂ।

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥ ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥

ਅੰਗ - ੧੦੯੪

ਐਸੀ ਹਾਲਤ ਹੈ ਮਾਨੋਂ ਐਉਂ ਲਗਦਾ ਹੈ ਜਿਵੇਂ ਗੰਗਾ ਤੇ ਜਮਨਾ ਬਹਿ ਰਹੀਆਂ ਹੋਣ। ਐਨਾ ਨੀਰ ਅੱਖਾਂ 'ਚੋਂ ਜਾ ਰਿਹਾ ਹੈ ਕਿ ਮੈਂ ਛੋਟੀ ਜਾਤ ਦੀ ਹਾਂ। ਰਿਸ਼ੀ-ਮੁਨੀ ਤਾਂ ਮੈਨੂੰ ਨੇੜੇ ਹੀ ਲੱਗਣ ਦਿੰਦੇ। ਸ਼ਿਵਰੀ ਬਹੁਤ ਹੀ ਭਗਤੀ ਕਰਿਆ ਕਰਦੀ ਸੀ, ਮਸ਼ਹੂਰ ਹੈ ਇਹਦੀ ਭਗਤੀ। ਗੁਰੂ ਇਹਦੇ ਉਤੇ ਬਹੁਤ ਪ੍ਰਸੰਨ ਸੀ, ਜਦੋਂ ਗੁਰੂ ਸਰੀਰ ਛੱਡਣ ਲੱਗੇ, ਕਹਿਣ ਲੱਗੇ ਸ਼ਿਵਰੀ ਬੇਟਾ! ਇਹ ਜਿਹੜੇ ਰਿਸ਼ੀ-ਮੁਨੀ ਨੇ ਇਹ ਜਾਤ ਅਭਿਮਾਨੀ ਨੇ ਇਨ੍ਹਾਂ ਨੂੰ ਅਜੇ ਤੱਤ ਦੀ ਸੋਝੀ ਨਹੀਂ ਆਈ। ਅਜੇ ਰਾਗ-ਦਵੈਸ਼ ਦੇ ਚੱਕਰ 'ਚ ਫਸੇ ਹੋਏ ਨੇ। ਬੇਟਾ! ਮੇਰੇ ਜਾਣ ਤੋਂ ਬਾਅਦ ਤੈਨੂੰ ਇਹ ਤੰਗ ਕਰਨਗੇ। ਤੂੰ ਡੋਲੀ ਨਾ, ਭਗਤੀ ਕਰੀਂ ਜਾਈਂ ਤੇ ਦੂਰ ਚਲੀ ਜਾਈਂ। ਮਹਾਤਮਾ ਸਰੀਰ ਛੱਡ ਗਏ। ਉਸੇ ਤਰ੍ਹਾਂ ਹੀ ਹੋਇਆ, ਕਹਿੰਦੇ ਇਹ ਨੀਚ ਜਾਤ ਦੀ ਇਥੇ ਕਿਉਂ ਰਹਿੰਦੀ ਹੈ ਆਸ਼ਰਮ ਵਿਚ, ਇਹਨੂੰ ਕੱਢੋ ਬਾਹਰ, ਬਾਹਰ ਕੱਢ ਦਿਤੀ, ਉਸ ਨੇ ਕਿਹਾ ਕਿ ਮੇਰੀ ਸੇਵਾ ਖੋਹ ਲਈ। ਉਹ ਦਿਨੇ ਲੱਕੜੀਆਂ ਚੁਗ ਲਿਆ ਕਰੇ, ਰਾਤ ਨੂੰ ਭਰਾ ਇਕੱਠਾ ਕਰਕੇ ਅੱਧੀ ਰਾਤ ਜਦੋਂ ਹੋਵੇ ਜੰਗਲ 'ਚੋਂ ਜਾ ਕੇ ਇਨ੍ਹਾਂ ਦਾ ਜਿਥੇ ਲੰਗਰ ਸੀ ਉਥੇ ਸੁੱਟ ਆਵੇ। ਦੋ ਚਾਰ ਮਹੀਨੇ ਲੰਘ ਗਏ, ਇਕ ਦਿਨ ਹੋਇਆ ਕਿ ਲੱਕੜੀਆਂ ਦੀ ਸੇਵਾ ਕੌਣ ਕਰ ਰਿਹਾ ਹੈ ਆਪਣੇ ਵਿਚੋਂ? ਪੁਛਿਆ ਸਾਰਿਆਂ ਨੂੰ ਕਹਿੰਦੇ ਅਸੀਂ ਤਾਂ ਕਰ ਹੀ ਨਹੀਂ ਰਹੇ, ਪਤਾ ਨਹੀਂ ਕੌਣ ਕਰ ਰਿਹਾ ਹੈ। ਕਹਿੰਦੇ ਪਹਿਰਾ ਲਾਓ, ਰਾਤ ਨੂੰ ਪਹਿਰਾ ਲਾਇਆ, ਜਦ ਸ਼ਿਵਰੀ ਆਈ ਉਹਨੂੰ ਫੜ ਲਿਆ। ਦਿਨ ਚੜ੍ਹ ਗਿਆ, ਰਿਸ਼ੀਆ-ਮੁਨੀਆ ਦੇ ਪੇਸ਼ ਕਰੀ ਉਨ੍ਹਾਂ ਨੇ ਬਹੁਤ ਮਾਰੀ। ਕਹਿੰਦੇ ਤੂੰ ਲੰਗਰ ਭ੍ਰਿਸ਼ਟ ਕਰਦੀ ਹੈਂ, ਲੱਕੜਾਂ ਲਿਆ ਕੇ। ਉਹ ਵਿਚਾਰੀ ਹੱਟ ਗਈ। ਮੁੜ ਕੇ ਉਹਨੇ ਕਿਹਾ ਕਿ ਇਹ ਅੰਮ੍ਰਿਤ ਵੇਲੇ ਉਠਦੇ ਨੇ ਤੇ ਜਿਹੜਾ ਰਸਤਾ ਜਾਂਦਾ ਹੈ ਪੰਪਾਸਰ ਨੂੰ, ਉਹਦੇ ਵਿਚ ਝਾੜੀਆਂ ਨੇ, ਕੰਡੇ ਨੇ, ਹੋਵੇ ਨਾ ਤਾਂ ਮੈਂ ਸਾਫ ਕਰ ਦਿਆ ਕਰਾਂ। ਰਾਤ ਨੂੰ ਜਦੋਂ ਇਹ ਸੌਂ ਜਾਣ ਗਿਆਰ੍ਹਾਂ ਵਜੇ ਉਸ ਵੇਲੇ ਮੈਂ ਸਾਰਾ ਰਸਤਾ ਸਿਰੇ ਤਕ ਸਾਫ ਕਰਕੇ ਕੰਡੇ ਦੂਰ ਕਰ ਦਿਆ ਕਰਾਂ। ਬੇਮਤਲਬਾ ਘਾਹ ਉਖਾੜ ਦਿਆ ਕਰੇ, ਟਾਹਣੀਆਂ ਕੱਟ ਦਿਆ ਕਰੇ। ਖਿਆਲ ਕਰਿਆ ਉਨ੍ਹਾਂ ਨੇ ਇਕ ਦਿਨ ਕਿ ਰਸਤਾ ਸਾਫ ਕੌਣ ਕਰਦਾ ਹੈ? ਪਹਿਰਾ ਲਾ ਕੇ ਦੇਖਿਆ ਕਿ ਸ਼ਿਵਰੀ ਫੇਰ ਵਿਚਾਰੀ 'ਤੇ ਮਾਰ ਪਈ। ਕਹਿੰਦੇ ਤੂੰ ਹੁਣ ਵੀ ਨਹੀਂ ਹਟਦੀ?

ਉਸ ਤੋਂ ਬਾਅਦ ਉਹ ਭਜਨ ਵਿਚ ਲੀਨ ਹੋ ਗਈ, ਹਰ ਵਕਤ ਰਾਮ ਭਗਤੀ ਵਿਚ ਲੀਨ ਰਹਿੰਦੀ ਹੈ ਤੇ ਉਸ ਨੂੰ ਪਤਾ ਲੱਗਿਆ ਕਿ ਸ੍ਰੀ ਰਾਮਚੰਦਰ ਜੀ ਆਉਣਗੇ। ਖਿੱਚ ਸੀ ਅੰਦਰ ਹੀ ਅੰਦਰ, ਤੇ ਉਸ ਨੇ ਕਿਹਾ ਕਿ ਮੇਰੇ ਕੋਲ ਜ਼ਰੂਰ ਆਉਣਗੇ। ਹੋ ਨਹੀਂ ਸਕਦਾ ਕਿ ਮੇਰੇ ਕੋਲ ਨਾ ਆਉਣ। ਉਸ ਵੇਲੇ ਉਸ ਨੇ ਸੋਚਿਆ ਕਿ ਮੈਂ ਭੇਟਾ ਕੀ ਕਰਾਂਗੀ ਉਨ੍ਹਾਂ ਦੀ? ਗਰੀਬਣੀ ਸੀ, ਕੋਈ ਚੀਜ਼ ਨਹੀਂ ਸੀ। ਉਹਨੇ ਕਿਹਾ ਕਿ ਚੀਜ਼ ਤਾਂ ਮੇਰੇ ਕੋਲ ਕੋਈ ਹੈ ਨਹੀਂ, ਜੰਗਲੀ ਫਲ ਨੇ। ਉਹਨੇ ਬੇਰ ਤੋੜਨੇ ਸ਼ੁਰੂ ਕਰੇ। ਐਨੀ ਭਾਵਨਾ ਦੇ ਵਿਚ ਮਸਤ ਹੋ ਗਈ, ਉਹਨੇ ਕਿਹਾ ਮੈਂ ਮਿੱਠੇ ਬੇਰ ਸ੍ਰੀ ਰਾਮਚੰਦਰ ਜੀ ਦੀ ਭੇਟਾ ਕਰਨੇ ਨੇ। ਉਹ ਹਰ ਬੇਰ ਨੂੰ ਸੂਆ ਲਾ ਕੇ, ਦੰਦਾ ਥੱਲੇ ਲੈ ਕੇ ਉਹਦਾ ਰਸ ਪਹਿਚਾਣ ਲਿਆ ਕਰੇ ਕਿ ਖੱਟਾ ਹੈ ਕਿ ਮਿੱਠਾ ਹੈ। ਮਿੱਠੇ ਇਕ ਪਾਸੇ ਕਰੀ ਗਈ, ਖੱਟੇ ਸੁੱਟ ਦਿਤੇ। ਮਨ ਵਿਚ ਹੌਂਸਲਾ ਹੋ ਗਿਆ ਕਿ ਮਹਾਂਪੁਰਸ਼ ਆਉਣਗੇ ਉਸ ਵੇਲੇ ਮੈਂ ਇਹ ਭੇਟਾ ਕਰਾਂਗੀ, ਕਿਉਂਕਿ ਇਹ ਮਰਿਆਦਾ ਹੈ। ਮਹਾਂਪੁਰਸ਼ਾਂ ਨੂੰ ਘਰ ਬੁਲਾਉਣਾ ਹੈ ਤਾਂ ਕੁਛ ਨਾ ਕੁਛ ਭੇਟਾ ਦੇਣੀ ਹੀ ਪੈਂਦੀ ਹੈ। ਆਦਰ ਸਤਿਕਾਰ ਮਹਾਂਪੁਰਸ਼ ਦਾ ਨਹੀਂ ਹੁੰਦਾ, ਉਹਦੇ ਮਾਲਕ ਦਾ ਹੁੰਦਾ ਹੈ।

ਦੁਨੀਆਂ ਵਿਚ ਵੀ ਇਹ ਰਿਵਾਜ ਹੈ। ਇਕ ਵਾਰੀ ਜਦ ਮੈਂ ਦੇਹਰਾਦੂਨ ਹੁੰਦਾ। ਰਾਣੀ ਸੀ, ਮੈਨੂੰ ਕਹਿਣ ਲੱਗੀ ਕਿ ਕਲਸੀਆ ਵਾਲੇ ਰਾਜੇ ਨੂੰ ਮੇਰਾ ਇਕ ਸੰਦੇਸ਼ਾ ਦੇ ਆ। ਚਿੱਠੀ ਦੇ ਦਿਤੀ ਮੈਂ ਚਲਿਆ, ਉਹ ਜਦੋਂ ਮੈਂ ਦੇ ਕੇ ਜਾਣ ਲੱਗਿਆ ਤਾਂ ਪ੍ਰਾਈਵੇਟ ਸੈਕਟਰੀ ਨੇ ਕਿਹਾ ਕਿ ਇਜਾਜ਼ਤ ਮੰਗਾ ਲਈਏ। ਉਹਨੇ ਪੰਜਾਹ ਰੁਪਈਏ ਮੈਨੂੰ ਦੇਣੇ ਚਾਹੇ, ਮੈਂ ਲੈਂਦਾ ਨਹੀਂ ਸੀ, ਉਹ ਕਹਿੰਦੇ ਜੀ ਇਹ ਤਾਂ ਲੈਣੇ ਪੈਣਗੇ, ਰਾਜਿਆਂ ਦਾ ਰਿਸ਼ਤਾ ਹੈ। ਪੰਜਾਹ ਨੂੰ ਹੁਣ ਸੌ ਨਾਲ ਜ਼ਰਬ ਦੇ ਦਿਓ, ਪੰਜ ਹਜ਼ਾਰ ਦੇ ਕਰੀਬ ਹੋ ਗਿਆ। ਜਦ ਜ਼ਿਆਦਾ ਹੀ ਉਨ੍ਹਾਂ ਨੇ ਕਿਹਾ ਮੈਂ ਲੈ ਲਏ। ਲੈ ਕੇ ਮੈਂ ਆ ਗਿਆ, ਸਭ ਤੋਂ ਪਹਿਲਾਂ ਰਾਣੀ ਨੇ ਮੈਨੂੰ ਪੁਛਿਆ ਕਿ ਚਿਠੀ ਦੇ ਦਿਤੀ? ਮੈਂ ਕਿਹਾ, ਹਾਂ। ਕਹਿੰਦੀ ਭੇਟਾ ਕੀ ਕਰੀ ਹੈ ਉਨ੍ਹਾਂ ਨੇ? ਮੈਂ ਕਿਹਾ ਕਿ ਜੀ, ਮੈਂ ਤਾਂ ਲੈਂਦਾ ਨਹੀਂ ਸੀਗਾ, ਪੰਜਾਹ ਰੁਪਏ ਦਿਤੇ ਨੇ। ਤਨਖਾਹ ਉਸ ਵਕਤ ੧੨ ਰੁਪਏ, ਪੰਦਰਾ ਰੁਪਏ ਹੁੰਦੀ ਸੀ। ਅੱਗ-ਬਗੋਲਾ ਹੋ ਗਈ ਕਹਿੰਦੀ ਹੈਂ ਉਹਨੇ ਸਾਨੂੰ ਕੁਛ ਵੀ ਨਾ ਜਾਣਿਆਂ। ਪੰਜਾਹ ਰੁਪਈਏ ਦਿਤੇ? ਬਹੁਤ ਨਰਾਜ਼ ਹੋ ਗਈ। ਟੈਲੀਫੋਨ ਚੁਕਿਆ ਉਨ੍ਹਾਂ ਨਾਲ ਲੜਨ ਲੱਗ ਗਈ। ਕਹਿੰਦੀ, ਹਸਤੀ ਕੀ ਸਮਝੀ ਤੁਸੀਂ? ਉਹ ਮਾਲਕ ਨਰਾਜ਼ ਹੋ ਜਾਇਆ ਕਰਦਾ ਹੈ, ਸੰਤ ਨਹੀਂ ਨਰਾਜ਼ ਹੁੰਦੇ। ਸੰਤਾਂ ਨੂੰ ਤਾਂ ਕੋਈ ਪਰਵਾਹ ਹੀ ਨਹੀਂ ਕਿਸੇ ਚੀਜ਼ ਦੀ। ਜੇ ਉਨ੍ਹਾਂ ਦਾ ਆਦਰ ਕਰੋ ਤਾਂ ਉਨ੍ਹਾਂ ਦਾ ਮਨ ਖੁਸ਼ ਹੁੰਦਾ ਹੈ। ਜੇ ਨਿਰਾਦਰ ਕਰੋ ਤਾਂ ਉਨ੍ਹਾਂ ਦਾ ਮਾਲਕ ਨਰਾਜ਼ ਹੁੰਦਾ ਹੈ। ਸੰਤਾਂ ਨੂੰ ਨਹੀਂ ਹੁੰਦੀ ਕੋਈ ਗੱਲ ਵੀ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਰਾੜਾ ਸਾਹਿਬ ਦੇ ਨੇੜੇ 10-15 ਮੀਲ ਤੇ ਇਕ ਸਰਦਾਰ ਸੀ। ਉਹਨੇ ਅਖੰਡਪਾਠ ਕਰਾਇਆ, ਨਾਲੇ ਕਹਿੰਦਾ ਕਿ ਮਹਾਰਾਜ! ਤੁਸੀਂ ਕੀਰਤਨ ਵੀ ਉਥੇ ਜ਼ਰੂਰ ਕਰਨਾ ਹੈ, ਮਹਾਰਾਜ ਕਹਿੰਦੇ ਠੀਕ ਹੈ। ਕੀਰਤਨ ਵੀ ਕਰਿਆ, ਅਖੰਡਪਾਠ ਵੀ ਕਰਿਆ ਜਦੋਂ ਭੇਟਾ ਉਹਨੇ ਸਵਾ ਰੁਪਿਆ ਦਿਤੀ ਸਾਰੀ। ਅਖੰਡਪਾਠਾਂ ਤੇ ਦੀਵਾਨਾਂ ਦੋਹਾਂ ਦੀ। ਕਾਰਾਂ ਵਾਲਾ ਸਰਦਾਰ। ਬਾਬੂ ਜੀ ਉਨ੍ਹਾਂ ਦੇ ਅਰਦਲੀ ਹੁੰਦੇ, ਗੜਵਈ। ਤੇ ਮਹਾਰਾਜ ਜੀ ਕੋਲ ਬੇਨਤੀ ਕੀਤੀ ਕਿ ਮਹਾਰਾਜ! ਨੇ ਸਵਾ ਰੁਪਿਆ ਹੀ ਭੇਟਾ ਕਰਿਆ ਹੈ ਪਾਠ ਤੇ ਦੀਵਾਨਾਂ ਦਾ। ਸੰਤ ਮਹਾਰਾਜ ਜੀ ਕਹਿੰਦੇ ਕੋਈ ਨਾ, ਆਪਾਂ ਭੇਟਾ ਨਹੀਂ ਲੈਣੀ। ਭੇਟਾ ਤਾਂ ਆਪਣੇ ਮਾਲਕ ਨੂੰ ਪ੍ਰਸੰਨ ਕਰਨਾ ਹੁੰਦਾ ਹੈ। ਸੰਤ ਖੁਸ਼ ਹੋ ਜਾਣ, ਰੱਬ ਖੁਸ਼ ਹੋ ਜਾਂਦਾ ਹੈ। ਉਨ੍ਹਾਂ ਦਾ ਮਨ ਨਰਾਜ਼ ਹੋ ਜਾਵੇ, ਰੱਬ ਦਾ ਵੀ ਹੋ ਜਾਂਦਾ ਹੈ। ਬਰਕਤਾਂ ਖਤਮ ਹੋ ਜਾਂਦੀਆਂ ਨੇ। ਮਹਾਰਾਜ ਜੀ ਆ ਗਏ। ਦੱਸ-ਪੰਦਰਾਂ ਦਿਨ ਬਾਅਦ ਉਹ ਦੋਰਾਹੇ ਨੂੰ ਜਾ ਰਿਹਾ ਸੀ ਨਹਿਰ-ਨਹਿਰ। ਰਾੜਾ ਸਾਹਿਬ ਦੇ ਨੇੜੇ ਜਦ ਆਇਆ ਕੀ ਹੋਇਆ ਪਤਾ ਨਹੀਂ ਕੀ ਹੋਇਆ। ਉਹਦਾ ਸਟੇਰਿੰਗ ਦੇ ਪਹੀਏ, ਇਧਰ ਨੂੰ ਸਿੱਧੇ ਹੀ ਹੋ ਗਏ। ਦੜੰਮ ਨਹਿਰ ਵਿਚ ਗਿਰ ਗਿਆ। ਸਾਰਾ ਹੀ ਟੱਬਰ ਬੈਠਾ ਸੀ। ਲੋਕ ਆਏ, ਰੱਸੇ ਜੋੜੇ, ਬਲਦ ਜੋੜੇ, ਜੋੜੀਆਂ ਜੋੜ-ਜੋੜ ਕੇ ਕਾਰ ਖਿੱਚ ਕੇ ਬਾਹਰ ਲਿਆਂਦੀ। ਸਾਰਾ ਹੀ ਟੱਬਰ ਮਰਿਆ ਪਿਆ।

ਮਹਾਰਾਜ ਜੀ ਨੂੰ ਖਬਰ ਕੀਤੀ ਕਿ ਉਨ੍ਹਾਂ ਵਿਚੋਂ ਤਾਂ ਕੋਈ ਵੀ ਨਹੀਂ ਬਚਿਆ। ਮਹਾਰਾਜ ਜੀ ਕਹਿੰਦੇ ਕਿ ਭਾਈ ਭਾਵਨਾ ਸੀ ਇਨ੍ਹਾਂ ਦੀ, ਮਾਲਕ ਨਰਾਜ਼ ਹੋ ਗਿਆ।

ਸੋ ਕੁਛ ਵੀ ਚਾਹੇ ਆਪਣੀ ਸ਼ਰਧਾ ਦੇ ਨਾਲ ਭੇਟਾ ਰੱਖੋ, ਰੱਖਣੀ ਪੈਂਦੀ ਹੈ ਨਹੀਂ ਤਾਂ ਨਿਰਾਦਰ ਗਿਣਿਆ ਜਾਂਦਾ ਹੈ। ਇਹ ਮਰਿਆਦਾ ਚਲੀ ਆਉਂਦੀ ਹੈ ਮੁੱਢ ਤੋਂ ਜਿਹੜੀ ਮੈਂ ਬੇਨਤੀ ਕਰੀ ਹੈ। ਸੋ ਇਹਨੇ ਕਿਹਾ ਕਿ ਮੈਂ ਖਾਲੀ ਹੱਥ ਤਾਂ ਮਿਲਣਾ ਨਹੀਂ ਭਗਵਾਨ ਨੂੰ। ਕੁਛ ਨਾ ਕੁਛ ਤਾਂ ਚਾਹੀਦਾ ਹੈ ਭਗਵਾਨ ਨੂੰ। ਜਦੋਂ ਰਾਮਚੰਦਰ ਜੀ ਗਏ, ਰੋ ਰਹੀ ਹੈ, ਹੰਝੂ ਬਹਿ ਰਹੇ ਨੇ, ਉਸ ਵੇਲੇ ਆਵਾਜ਼ ਦਿਤੀ, ਸ਼ਿਵਰੀ! ਨੇਤਰ ਖੋਲ੍ਹ। ਨੇਤਰ ਖੋਲ੍ਹੇ, ਹੈਰਾਨ ਹੋ ਗਈ ਕਿ ਮਾਤਾ ਸੀਤਾ ਜੀ, ਲਛਮਣ ਜੀ ਤੇ ਸ੍ਰੀ ਰਾਮਚੰਦਰ ਜੀ ਖੜ੍ਹੇ ਨੇ। ਚਰਨਾਂ ਤੇ ਨਮਸ਼ਕਾਰ ਕਰੀ, ਉਸ ਤੋਂ ਬਾਅਦ ਆਸਣ ਦਿਤਾ। ਜਾ ਕੇ ਬੇਰ ਲਿਆਈ। ਉਹ ਬੇਰ ਲਿਆ ਕੇ ਸ੍ਰੀ ਰਾਮ ਚੰਦਰ ਜੀ ਦੇ ਉਂਜਲ 'ਚ ਦੇ ਦਿਤੇ। ਉਨ੍ਹਾਂ ਨੇ ਵੀ ਲੈ ਲਏ, ਬੜੇ ਪਿਆਰ ਨਾਲ ਖਾ ਰਹੇ ਨੇ। ਉਨ੍ਹਾਂ ਨੇ ਥੋੜ੍ਹੇ ਜਿਹੇ ਲਛਮਣ ਜੀ ਨੂੰ ਦੇ ਦਿਤੇ। ਲਛਮਣ ਨੇ ਜਦ ਦੇਖਿਆ ਕਿ ਬੇਰ ਤਾਂ ਜੂਠਾ ਹੈ ਇਹ। ਹਰ ਬੇਰ ਦੇ ਉਤੇ ਗਲੀ ਹੈ। ਉਹ ਬਹਾਨੇ ਨਾਲ ਉਠ ਕੇ ਬਾਹਰ ਆਇਆ ਤੇ ਬੇਰ ਵਗਾਹ ਕੇ ਮਾਰੇ। ਰਮਾਇਣ 'ਚ ਆਉਂਦਾ ਹੈ ਕਿ ਇਹ ਓਹੀ ਬੂਟੀ ਸੀ ਜਿਸ ਨਾਲ ਇਹਦੀ ਮੂਰਛਾ ਖੁਲ੍ਹੀ ਸੀ। ਸੋ ਰਾਮਚੰਦਰ ਜੀ ਨੇ ਬੜੇ ਪਿਆਰ ਨਾਲ ਬੇਰ ਛਕੇ। ਕੋਈ ਮਰਿਆਦਾ ਨਹੀਂ, ਕਿਉਂਕਿ ਪਿਆਰ ਦੇ ਵਿਚ ਮਰਿਆਦਾ ਜਿਹੜੀ ਹੈ ਨਾ ਉਹ ਵਿਘਨਕਾਰੀ ਹੋਇਆ ਕਰਦੀ ਹੈ, ਪਿਆਰ ਹੋਰ ਚੀਜ਼ ਹੈ, ਮਰਿਆਦਾ ਹੋਰ ਚੀਜ਼ ਹੈ ਜੀਵਨ ਦੀ। ਮਰਿਆਦਾ ਵਾਲੇ ਸੀ ਰਿਸ਼ੀ-ਮੁਨੀ। ਪਿਆਰ ਵਾਲਾ ਤਾਂ ਕੋਈ ਹੀ ਹੁੰਦਾ ਹੈ।

ਗੋਬਿੰਦ ਭਾਉ ਭਗਤ ਦਾ ਭੁੱਖਾ।

ਕ੍ਰਿਸ਼ਨ ਮਹਾਰਾਜ ਨੂੰ ਬਿਦਰ ਦੇ ਘਰੋਂ ਬੀਬੀ ਛਿਲੜ ਦੇਈ ਜਾਂਦੀ ਹੈ ਕੇਲਿਆਂ ਦੇ, ਉਹ ਖਾਈ ਜਾਂਦੇ ਨੇ ਆਰਾਮ ਨਾਲ। ਗੁਦਾ ਬਾਹਰ ਸੁੱਟੀ ਜਾਂਦੀ ਹੈ। ਬਿਦਰ ਜੀ ਆ ਗਏ, ਉਨ੍ਹਾਂ ਨੇ ਦੇਖਿਆ ਕਿ ਇਹ ਕੀ ਕਰਦੀ ਹੈ, ਉਹ ਜਦ ਸੁੱਟਣ ਲੱਗੀ ਫੜ ਲਿਆ। ਉਹ ਵੀ ਬੇਸੁਧ, ਕ੍ਰਿਸ਼ਨ ਮਹਾਰਾਜ ਵੀ ਪਿਆਰ ਦੇ ਵਿਚ ਮਸਤ। ਬਿਦਰ ਜੀ ਨੇ ਗੁਦਾ ਦੇ ਦਿਤਾ, ਜਦ ਕ੍ਰਿਸ਼ਨ ਮਹਾਰਾਜ ਜੀ ਨੇ ਛਕਿਆ, ਕਹਿੰਦੇ ਪਿਆਰਿਆ! ਉਹ ਸਵਾਦ ਨਹੀਂ ਇਹਦੇ ਵਿਚ ਜਿਹੜਾ ਛਿਲੜਾਂ 'ਚੋਂ ਆ ਰਿਹਾ ਸੀ। ਇਹ ਹੋਰ ਹੈ। ਇਹ ਅਕਲ ਦੀ ਬਾਤ ਹੈ, ਉਹ ਅਕਲ ਤੋਂ ਉਪਰਲੀ ਬਾਤ ਸੀ, ਭਾਵਨਾ ਦੀ ਗੱਲ ਹੈ, ਉਹ ਮੈਨੂੰ ਬਹੁਤ ਪਿਆਰਾ ਲੱਗ ਰਿਹਾ ਸੀ।

ਸੋ ਇਸ ਤਰ੍ਹਾਂ ਦੇ ਨਾਲ ਸ੍ਰੀ ਰਾਮਚੰਦਰ ਜੀ ਚਲੇ ਜਾਂਦੇ ਨੇ, ਅਸੀਸ ਦਿਤੀ ਓਸਨੂੰ। ਉਸ ਤੋਂ ਬਾਅਦ ਰਿਸ਼ੀਆਂ-ਮੁਨੀਆ ਨੇ ਬੇਨਤੀ ਕਰੀ ਕਿ ਮਹਾਰਾਜ! ਆਹ ਪੰਪਾਸਰ ਤੀਰਥ ਹੈ ਤੇ ਇਹਦੇ ਵਿਚ ਦੇਖੋ ਆਹ ਕਿਵੇਂ ਕੀੜੇ ਪਏ ਨੇ। ਉਹ ਕਹਿਣ ਲੱਗੇ ਕਿ ਦੇਖੋ, ਤੁਹਾਨੂੰ ਇਕ ਗੱਲ ਦਸ ਦਿੰਦੇ ਹਾਂ ਕਿ ਕੋਈ ਪ੍ਰੇਮੀ ਜਿਹਦੇ ਮਨ ਵਿਚ ਰਾਗ ਤੇ ਦਵੈਸ਼ ਨਾ ਹੋਵੇ, ਏਸ ਤੋਂ ਉਤੇ ਹੋਵੇ ਜੇ ਉਹਦੇ ਚਰਨਾਂ ਦਾ ਜਲ ਇਹਦੇ 'ਚ ਪਾਇਆ ਜਾਵੇ ਤਾਂ ਇਹ ਪਵਿੱਤਰ ਹੋ ਸਕਦਾ ਹੈ। ਕਹਿਣ ਲੱਗੇ, ਮਹਾਰਾਜ! ਤੁਹਾਡੇ ਤੋਂ ਵੱਡਾ ਤਾਂ ਕੋਈ ਨਹੀਂ ਹੈ। ਸ੍ਰੀ ਰਾਮਚੰਦਰ ਜੀ ਦੇ ਚਰਨ ਧੋਤੇ ਗਏ, ਉਸ ਵਿਚ ਪਾਏ ਗਏ, ਪਰ ਕੁਛ ਵੀ ਅਸਰ ਨਾ ਹੋਇਆ। ਲਛਮਣ ਜੀ ਦੇ ਚਰਨ ਧੋਤੇ ਉਸ ਨਾਲ ਵੀ ਕੋਈ ਅਸਰ ਨਾ ਹੋਇਆ। ਸ੍ਰੀ ਰਾਮਚੰਦਰ ਜੀ ਨੇ ਕਿਹਾ ਕਿ ਸਾਰੇ ਰਿਸ਼ੀ ਆਪਣੇ ਚਰਨ ਧੋ ਕੇ ਜਲ ਇਸ ਵਿਚ ਪਾਓ। ਇਕੱਲੇ-ਇਕੱਲੇ ਪਾਈ ਗਏ। ਪਰ ਕੁਛ ਨਾ ਹੋਇਆ। ਕਹਿੰਦੇ ਮਹਾਰਾਜ ਇਹ ਤਾਂ ਕੁਛ ਵੀ ਨਹੀਂ ਹੋ ਰਿਹਾ। ਰਾਮਚੰਦਰ ਜੀ ਨੇ ਕਿਹਾ! ਪਿਆਰਿਓ ਤੁਹਾਡੇ ਦਿਲਾਂ ਦੇ ਅੰਦਰ ਰਾਗ ਤੇ ਦਵੈਸ਼ ਹੈ। ਕਹਿੰਦੇ ਤੁਹਾਡੇ? ਕਹਿੰਦੇ, ਸਾਡੇ ਵੀ ਹੈ। ਸਾਡੀ ਰਾਵਣ ਦੇ ਨਾਲ ਦਵੈਸ਼ ਹੈ, ਮੇਘਨਾਥ ਦੀ ਲਛਮਣ ਨਾਲ ਦਵੈਸ਼ ਹੈ। ਦਵੈਸ਼ ਤੋਂ ਅਸੀਂ ਖਾਲੀ ਨਹੀਂ ਹਾਂ। ਕਹਿੰਦੇ ਇਹਦਾ ਇਲਾਜ ਕੀ ਹੈ ਫੇਰ? ਆਪ ਨੇ ਕਿਹਾ ਕਿ ਇਥੇ ਇਕ ਰਾਮ ਭਗਤ ਹੈ - ਸ਼ਿਵਰੀ। ਜਾਓ ਉਹਨੂੰ ਕਹੋ ਕਿ ਉਹ ਚਰਨ ਧੋ ਕੇ ਪਾ ਦੇਵੇ। ਉਹਦੇ ਵਿਚ ਕੋਈ ਰਾਗ-ਦਵੈਸ਼ ਨਹੀਂ। ਤੁਹਾਡੀ ਸੇਵਾ ਕਰਦੀ ਹੈ, ਜੇ ਰਾਗ-ਦਵੈਸ਼ ਹੁੰਦੀ ਤਾਂ ਤੁਹਾਡੇ ਬਾਲਣ ਕਿਉਂ ਸੁੱਟਦੀ। ਜੇ ਉਹਦੇ ਵਿਚ ਦਵੈਸ਼ ਹੁੰਦੀ ਤਾਂ ਝਾੜੂ ਕਿਉਂ ਦਿੰਦੀ? ਉਹ ਰਾਗ ਤੇ ਦਵੈਸ਼ ਦੋਹਾਂ ਤੋਂ ਉਪਰ ਹੈ। ਸ਼ਿਵਰੀ ਨੂੰ ਜਾ ਕੇ ਬੇਨਤੀ ਕਰੀ, ਅਖੀਰ ਉਹਦੇ ਚਰਨ ਧੋਤੇ, ਚਰਨ ਧੋ ਕੇ ਜਿਸ ਵਕਤ ਪੰਪਾਸਰ ਵਿਚ ਪਾਏ, ਉਸੇ ਵੇਲੇ ਜਲ ਸ਼ੁੱਧ ਹੋ ਗਿਆ, ਸਾਰੇ ਹੈਰਾਨ ਹੋ ਗਏ।

ਸੋ ਇਸ ਕਰਕੇ ਮਹਾਰਾਜ ਹੀ ਫੁਰਮਾਨ ਕਰਦੇ ਨੇ ਕਿ -

ਗੰਗਾ ਜਮੁਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥
ਅੰਗ - ੧੨੬੩

ਇਸ ਕਰਕੇ ਐਸਾ ਹੁਕਮ ਹੈ, ਪੜ੍ਹੋ ਸਾਰੇ -

ਧਾਰਨਾ - ਕਰ ਲੈ ਇਸ਼ਨਾਨ ਜੀ
ਸੰਤਾਂ ਦੀ ਧੂੜੀ ਅੰਦਰ।

ਚਰਨ ਸਾਧ ਕੇ ਧੋਇ ਧੋਇ ਪੀਉ ॥
ਅਰਪਿ ਸਾਧ ਕਉ ਅਪਨਾ ਜੀਉ ॥
ਸਾਧ ਕੀ ਧੂਰਿ ਕਰਹੁ ਇਸਨਾਨੁ ॥
ਸਾਧ ਊਪਰਿ ਜਾਈਐ ਕੁਰਬਾਨੁ ॥
ਸਾਧ ਸੇਵਾ ਵਡਭਾਗੀ ਪਾਈਐ ॥ ਅੰਗ - ੨੮੩

ਸੋ ਸਾਧੂਆਂ ਦੀ ਮਹਿਮਾ -

ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥
ਸਾਧ ਕੀ ਉਪਮਾ ਰਹੀ ਭਰਪੂਰਿ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥
ਸਾਧ ਕੀ ਸੋਭਾ ਸਦਾ ਬੇਅੰਤ ॥
ਸਾਧ ਕੀ ਸੋਭਾ ਊਚ ਤੇ ਊਚੀ ॥
ਸਾਧ ਕੀ ਸੋਭਾ ਮੂਚ ਤੇ ਮੂਚੀ ॥
ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ਅੰਗ - ੨੭੨

ਸੋ ਐਵੇਂ ਨਹੀਂ ਹੈ ਇਹ ਗੱਲ। ਅਲੰਕਾਰਕ ਕਰ ਲੈਂਦੇ ਹਾਂ ਅਸੀਂ। ਗੁਰੂ ਮਹਾਰਾਜ ਦਾ ਮਤਲਬ ਇਹੀ ਸੀ। ਚਰਨ ਧੂੜੀ ਦੇ ਅੰਦਰ ਹੀ ਬਹੁਤ ਜ਼ਿਆਦਾ ਮਹੱਤਤਾ ਹੈ। ਕ੍ਰਿਸ਼ਨ ਮਹਾਰਾਜ ਗੀਤਾ ਵਿਚ ਕਹਿੰਦੇ ਨੇ ਕਿ ਹੇ ਅਰਜਨ! ਜੋ ਮਹਾਤਮਾ ਨਿਰਲੇਪ ਹੈ ਤੇ ਮੰਨਣਸ਼ੀਲ ਹੈ।

ਮੰਨੇ ਕੀ ਗਤਿ ਕਹੀ ਨ ਜਾਇ ॥
ਜੇ ਕੋ ਕਹੈ ਪਿਛੈ ਪਛੁਤਾਇ ॥ ਅੰਗ - ੩

ਉਸ ਅਵਸਥਾ ਦਾ ਹੈ ਸ਼ਾਂਤ ਚਿਤ ਹੈ, ਨਿਰਵੈਰ ਹੈ ਤੇ ਸਮਦਰਸ਼ੀ ਹੈ। ਮੈਂ ਉਸ ਦੇ ਪਿਛੇ-ਪਿਛੇ ਜਾਂਦਾ ਹਾਂ ਤੇ ਮੈਂ ਉਨ੍ਹਾਂ ਦੀ ਚਰਨ ਧੂੜ ਲੈ ਕੇ ਆਪਣੇ ਸਰੀਰ ਨੂੰ ਪਵਿੱਤਰ ਕਰਦਾ ਹਾਂ ਹੇ ਅਰਜਨ! ਇਹ ਮੇਰੇ ਸਾਧੂਆਂ ਦੀ ਮਹਿਮਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ ਇਹ ਕੋਈ ਅਤਿਕਥਨੀ ਬਾਤ ਨਹੀਂ ਹੈ।

ਹੁਣ ਤਾਂ ਸਾਰੇ ਸਿੰਘ ਰਤਵਾੜਾ ਸਾਹਿਬ ਹੋਰ ਪਾਸੇ ਇਸ਼ਨਾਨ ਕਰਨ (ਸਰੋਵਰ) ਲਗ ਗਏ, ਗੁਸਲਖਾਨੇ ਬਣ ਗਏ। ਅੱਗੇ ਸਾਰੇ ਸਿੰਘ ਟਿਊਬਵੈਲ 'ਤੇ ਨਾਹੁੰਦੇ ਹੁੰਦੇ। ਇਥੇ ਆਉਣਾ ਕਈਆਂ ਨੇ ਕਿ ਬਾਬਾ ਜੀ! ਹੱਥ ਫਟੇ ਹੋਏ ਨੇ, ਮਾਸ ਲਹਿ ਗਿਆ, ਡਾਕਟਰਾਂ ਦੀ ਦਵਾਈ ਰਾਜ਼ੀ ਨਹੀਂ ਕਰ ਰਹੀ। ਅਸੀਂ ਕਹਿਣਾ ਕਿ ਸੁਖਾਲਾ ਜਿਹਾ ਤਰੀਕਾ ਹੈ ਜਿਥੇ ਸਿੰਘ ਇਸ਼ਨਾਨ ਕਰਦੇ ਨੇ, ਉਥੋਂ ਚੁੱਕ ਕੇ ਗਾਰਾ ਮਲ ਲੈ। ਗਾਰਾ ਮਲ ਲੈਂਦੇ ਸੀ, ਦੋ-ਤਿੰਨ ਦਿਨ ਤੋਂ ਬਾਅਦ ਕਹਿਣਾ ਕਿ ਮੈਂ ਤਾਂ ਠੀਕ ਹੋ ਗਿਆ। ਸੋ ਚਰਨ ਧੂੜ ਐਵੇਂ ਨਹੀਂ ਹੁੰਦੀ, ਨਾਮ ਦੀ ਕਰੰਟ, ਰੌ ਜਿਹੜਾ ਹੈ ਨਾ ਵਿਚ ਰਲਿਆ ਹੁੰਦਾ ਹੈ। ਸਭ ਤੋਂ ਜ਼ਿਆਦਾ effect ਧੂੜੀ

ਤੇ ਹੁੰਦਾ ਹੈ। ਚਾਰ ਥਾਂ ਨੇ, ਜਿਥੋਂ fiow ਹੁੰਦੀ ਹੈ ਐਨਰਜੀ ਸਾਧੂਆਂ ਦੀ। ਪਹਿਲਾਂ ਹੈ ਚਰਨਾਂ ਦੇ ਵਿਚ ਜਿਹੜਾ ਤਲੀ ਦੇ ਵਿਚ ਆ ਗਿਆ। ਚਰਨ ਧੂੜ ਜਦੋਂ ਉਹ ਲਗਦੀ ਹੈ, ਉਸੇ ਵੇਲੇ ਉਹਦਾ ਅਸਰ ਕਬੂਲ ਕਰਦੀ ਹੈ।

ਦੂਸਰੇ ਨੰਬਰ ਤੇ ਕਬੂਲ ਕਰਦਾ ਹੈ ਜਲ। ਸਾਮ੍ਹਣੇ ਜਲ ਰੱਖ ਕੇ ਪਾਠ ਕਰ ਲਓ। ਉਹ ਜਲ ਬੀਮਾਰ ਨੂੰ ਦੇ ਦਿਓ, ਕਿਸੇ ਹੋਰ ਨੂੰ ਦੇ ਦਿਓ। ਉਸ ਜਲ ਦੇ ਨਾਲ ਉਹਦੀ ਬੀਮਾਰੀ ਦੂਰ ਹੋ ਜਾਂਦੀ ਹੈ। ਅਸੀਂ ਐਵੇਂ ਜਿਵੇਂ ਕਰਾਉਂਦੇ ਹਾਂ। ਤੀਸਰਾ ਹੋਇਆ ਕਰਦਾ ਹੈ ਨੇਤਰ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਹੁਣ ਜਲ, ਅੰਮ੍ਰਿਤ ਕੀ ਹੈ? ਸਾਧਾਰਣ ਜਲ ਹੈ ਨਾ, ਪਤਾਸ਼ੇ ਬਜ਼ਾਰ ਦੇ ਨੇ, ਉਹਦੇ 'ਚ ਅਸਰ ਕਿਥੋਂ ਆ ਗਿਆ। ਉਹ ਅਸਰ ਆਇਆ ਜਦੋਂ ਇਕ ਸੁਰ ਹੋ ਕੇ ਇਕ ਹੱਥ ਨਾਲ ਬਾਟਾ ਫੜਿਆ ਹੋਇਆ ਹੈ। ਇਸ ਨਾਲ ਖੰਡਾ ਫੇਰਦਾ ਹੈ, ਉਹ ਕਰੰਟ flow ਕਰਦੀ ਹੈ। ਉਹੀ ਪਾਣੀ ਜਦੋਂ ਚਿੜੀਆਂ ਨੇ ਪੀਤਾ, ਬਾਜਾਂ ਦੇ ਉਤੇ ਝਪਟਣ ਲੱਗ ਗਈਆਂ। ਪ੍ਰਤੱਖ ਮਿਸਾਲ ਹੈ ਕੋਈ ਐਸੀ ਬਾਤ ਤਾਂ ਹੈ ਨਹੀਂ।

ਬੀਜੀ (ਸੰਤ ਮਾਤਾ ਬੀਬੀ ਰਣਜੀਤ ਕੌਰ ਜੀ, ਰਤਵਾੜਾ ਸਾਹਿਬ ਵਾਲੇ) ਦੇ ਪਿਤਾ ਜੀ ਅੰਮ੍ਰਿਤ ਛਕਾ ਰਹੇ ਸੀ, ਭਾਈ ਰਣਧੀਰ ਸਿੰਘ ਜੀ ਨਾਲ ਸੀ। ਬਾਪੂ ਜੀ ਨੇ ਜਿਸ ਵਕਤ ਜਲ ਸੀਸ ਵਿਚ ਪਾ ਦਿਤਾ, ਚੂਲੇ ਪਾ ਦਿਤੇ, ਉਹਦੇ ਬਾਅਦ ਜਦੋਂ ਅੱਖਾਂ ਦੇ ਉਪਰ ਛਿੱਟੇ ਮਾਰਨ ਲੱਗੇ ਤਾਂ ਆਖਰੀ ਵਾਰੀ ਜਦੋਂ ਨੇਤਰਾਂ ਵਲ ਦੇਖ ਜਦ ਜਲ ਮਾਰਿਆ, ਉਸ ਬੱਚੇ ਦੀ ਸਮਾਧੀ ਲੱਗ ਗਈ। ਭਾਈ ਸਾਹਿਬ ਕਹਿਣ ਲੱਗੇ ਕਿ ਹੁਣ ਕੀ ਹੋਏਗਾ। ਕਹਿੰਦੇ, ਹੁਣ ਤਾਂ 56 ਘੰਟੇ ਬਾਅਦ ਇਹਦੀ ਸੁਰਤ ਉਤਰਨੀ ਹੈ।

ਉਹ ਤਾਕਤ ਕਿਥੋਂ ਆਈ? ਕੀ ਕਰੰਟ ਸੀ ਉਹਦੇ ਵਿਚ। ਉਹਦੇ ਵਿਚ 'ਨਾਮ' ਦੀ ਕਰੰਟ ਸਮਾਅ ਗਈ ਸੀ। ਇਵੇਂ ਜਿਵੇਂ ਚਰਨ ਧੂੜ ਹੈ।

ਬਾਬਾ ਅਤਰ ਸਿੰਘ ਜੀ ਦੇ ਪਾਸ ਇਕ ਹੌਲਦਾਰ ਆਇਆ, ਘਰਵਾਲੀ ਬੀਮਾਰ, ਗਰਦਨ ਪਿਛੇ ਨੂੰ ਮੁੜ ਗਈ। ਕਹਿੰਦਾ ਮਹਾਰਾਜ ਤੁਹਾਡੀ ਸਿੱਖਣੀ ਤਾਂ ਬਹੁਤ ਦੁਖੀ ਹੈ, ਗਰਦਨ ਪਿਛੇ ਲੱਗੀ ਹੋਈ ਹੈ, ਸੇਵਾ ਕਰਦੀ ਸੀ ਇਥੇ। ਹੁਣ ਕ੍ਰਿਪਾ ਕਰੋ ਕਿ ਉਸਦਾ ਸਰੀਰ ਸ਼ਾਂਤ ਹੋ ਜਾਵੇ। ਮਹਾਂਪੁਰਸ਼ਾਂ ਦੀ ਮੌਜ ਹੈ, ਕਹਿੰਦੇ ਹੌਲਦਾਰਾ! ਹਾਲੇ ਤਾਂ ਇਹਨੇ ਬੜੇ ਰੰਗ ਦੇਖਣੇ ਨੇ, ਮੁਰੱਬੇ ਖਰੀਦਣੇ ਨੇ, ਜ਼ਮੀਨਾਂ ਦੇਖਣੀਆਂ ਨੇ। ਸਾਰਾ ਭਵਿੱਖ ਦੱਸ ਦਿਤਾ। ਕੀ ਕਰਿਆ ਆਪ ਨੇ, ਹੱਲ ਵਾਹ ਕੇ ਆਏ ਸੀ, ਲੱਤਾਂ ਨੂੰ ਮਿੱਟੀ ਲੱਗੀ ਹੋਈ ਸੀ। ਗੱਲ ਕਰੀ ਗਏ, ਲਾਹ ਲਈ ਮਿੱਟੀ, ਹਲ ਦੀ ਰਲਾ ਲਈ ਥੋੜ੍ਹੀ ਜਿਹੀ। ਕਹਿੰਦੇ ਲੈ, ਆਹ ਦਵਾਈ ਹੈ ਇਥੇ ਫੋੜੇ 'ਤੇ ਲਾ ਦੇਵੀਂ। ਲਾ ਦਿਤਾ, ਉਹ ਰਾਜ਼ੀ ਹੋ ਗਈ। ਛੇ-ਸੱਤ ਬੱਚੇ ਹੋਏ ਉਸਦੇ, ਬੜੀਆਂ ਜ਼ਮੀਨਾਂ-ਜਾਇਦਾਦਾਂ ਹੋ ਗਈਆਂ। ਜਦੋਂ ਉਸਦਾ ਅੰਤ ਸਮਾਂ ਆਇਆ ਉਹੀ ਫੋੜਾ ਫੇਰ ਜਾਗ ਪਿਆ। ਉਹੀ ਦੁਖਣ ਲਗ ਗਿਆ ਫੋੜਾ। ਉਹ ਕਹਿੰਦੀ ਹੁਣ ਨਹੀਂ ਮੈਂ ਬਚਦੀ। ਹੁਣ ਮੈਨੂੰ ਲੈ ਚੱਲੋ। ਜਾ ਕੇ ਉਹ ਰੇਰੂ ਸਾਹਿਬ ਵਲ ਮੂੰਹ ਕਰਕੇ ਕਹਿਣ ਲੱਗੀ ਮੇਰਾ ਮੰਜਾ ਐਉਂ ਡਾਹੋ ਕਿ ਮੇਰਾ ਮੂੰਹ ਓਧਰ ਰਹੇ। ਆਖਰੀ ਸਮੇਂ ਧੰਨ ਮਹਾਰਾਜ-ਧੰਨ ਮਹਾਰਾਜ ਕਰਦੀ ਨੇ ਸਰੀਰ ਛੱਡ ਦਿਤਾ। ਉਹ ਕਿਹੜੀ ਦਵਾਈ ਦਿਤੀ ਸੀ, ਉਹ ਚਰਨ ਧੂੜ ਸੀ, ਸਾਧੂ ਦੀ ਮੌਜ ਆ ਗਈ। ਸਾਧੂ ਦਿੰਦੇ ਨਹੀਂ ਚਰਨ ਧੂੜ ਤਾਂ।

ਇਥੇ ਮੇਰੇ ਕੋਲ ਇਕ ਵੱਡਾ ਆਫੀਸਰ ਆਇਆ, ਮੂੰਹ ਵਿਚ ਵਟੇ ਪਏ, ਹੋਏ ਬੜਾ ਡਰਿਆ ਹੋਇਆ, ਕੋਈ ਤਰੀਕਾ ਨਾ, ਕਾਲਾ ਮੂੰਹ ਹੋਇਆ-ਹੋਇਆ ਸੀ ਅੰਦਰੋਂ। ਮੈਂ ਕਿਹਾ ਕਿ ਤੂੰ ਐਉਂ ਕਰ ਚਰਨ ਧੂੜੀ ਵਿਚ ਵਿਸ਼ਵਾਸ਼ ਰੱਖ। ਅੰਬ ਸਾਹਿਬ ਗੁਰਦੁਆਰੇ ਜਾਹ, ਉਥੇ ਮੂਹਰੇ ਚਰਨ ਧੋਣ ਨੂੰ ਬਣਾਇਆ ਹੋਇਆ ਹੈ, ਉਹ ਜਲ ਲੈ ਕੇ ਕੁਰਲੀ ਕਰ ਲਈਂ। ਉਹਨੇ ਕੁਰਲੀ ਕਰੀ, ਨਾਲ ਸੀ ਚਹਿਲ ਸਾਹਿਬ, ਉਹ ਵੀ ਬੀਮਾਰ ਸੀ। ਉਹ ਕਹਿੰਦਾ ਚਹਿਲ! ਕਹਿੰਦਾ ਹੁਣ ਚੂਲੀ ਕੀ ਕਰਨੀ ਹੈ, ਜਦ ਬਾਬਾ ਜੀ ਨੇ ਕਹਿ ਹੀ ਦਿਤਾ, ਪਾਣੀ ਹੀ ਪੀ ਲਓ। ਉਹ ਬਿਲਕੁਲ ਰਾਜ਼ੀ ਹੋ ਗਿਆ। ਇਹ ਐਵੇਂ ਕੋਈ ਕਵਿਤਾ ਨਹੀਂ ਹੈ ਬਾਣੀ। ਇਹ ਬਿਲਕੁਲ ਸਹੀ ਬਾਤਾਂ ਨੇ। ਪ੍ਰਤਿਆ-ਪ੍ਰਤਿਆ ਕੇ ਸਾਡੀਆਂ ਦੇਖੀਆਂ ਹੋਈਆਂ। ਸੋ ਉਹਦੇ ਬਾਰੇ ਮਾਘਿ ਦੇ ਵਿਚ ਮਹਾਰਾਜ ਕਹਿੰਦੇ ਨੇ ਕਿ -

ਮਾਘਿ ਮਜਨੁ ਸੰਗਿ ਸਾਧੂਆ
ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ
ਸਭਨਾ ਨੋ ਕਰਿ ਦਾਨੁ ॥ *ਅੰਗ - ੧੩੫*

ਹਰੀ ਦਾ ਨਾਮ ਧਿਆਉਣਾ ਵੀ ਹੈ, ਸੁਣਨਾ ਵੀ ਹੈ, ਸਟੋਰ ਹੋ ਗਿਆ, ਹੁਣ ਕੋਲ ਨਹੀਂ ਰੱਖਣਾ ਆਪ ਵੀ ਜਪਣਾ ਹੈ ਤੇ ਦੂਸਰਿਆਂ ਨੂੰ ਜਪਾਉਣਾ ਵੀ ਹੈ ਤੇ ਇਸ ਰਸਤੇ ਤੇ ਸਭ ਨੂੰ ਪਾਉਣਾ ਹੈ। ਜਿਹੜਾ ਆਪ ਜਪਦਾ ਹੈ, ਦੂਸਰਿਆਂ ਨੂੰ ਜਪਾਉਂਦਾ ਹੈ, ਪਹਿਲਾਂ ਤਾਂ ਇਹ ਹੈ ਕਿ ਜੇ ਤਾਂ ਉਹ ਕੱਚਾ ਹੈ ਤਾਂ, ਤਾਂ ਉਹ ਰਹਿ ਜਾਂਦਾ ਹੈ। ਜੇ ਉਹ ਨਿਸ਼ਕਾਮ ਹੋ ਕੇ ਦੂਜਿਆ ਨੂੰ ਜਪਾ ਰਿਹਾ ਹੈ, ਮਹਾਰਾਜ ਕਹਿੰਦੇ -

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥
ਅੰਗ - ੩੦੬

ਜਿਹੜਾ ਦੂਜਿਆਂ ਨੂੰ ਰਸਤਾ ਦਿਖਾ ਰਿਹਾ ਹੈ, ਮੈਂ ਉਹਦੀ ਧੂੜੀ ਮੰਗਦਾ ਹਾਂ। ਸੋ ਇਸ ਮਹੀਨੇ ਦੇ ਅੰਦਰ ਚਰਨ ਧੂੜ ਦੇ ਬਾਰੇ ਮਾਘ ਦੇ ਵਿਚ ਫੁਰਮਾਨ ਕੀਤਾ ਹੈ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

(ਸਮਾਪਤ)

ਚਉਥੈ ਪਹਰਿ ਸਬਾਹ ਕੈ
ਸੁਰਤਿਆ ਉਪਜੈ ਚਾਉ

(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ

ਟੋਡੀ ਮਹਲਾ ੫ ॥
ਰਸਨਾ ਗੁਣ ਗੋਪਾਲ ਨਿਧਿ ਗਾਇਣ ॥
ਸਾਂਤਿ ਸਹਜੁ ਰਹਸੁ ਮਨਿ ਉਪਜਿਓ
ਸਗਲੇ ਦੂਖ ਪਲਾਇਣ ॥੧॥ ਰਹਾਉ ॥
ਜੋ ਮਾਗਹਿ ਸੋਈ ਸੋਈ ਪਾਵਹਿ
ਸੇਵਿ ਹਰਿ ਕੇ ਚਰਣ ਰਸਾਇਣ ॥
ਜਨਮ ਮਰਣ ਦੁਹਹੂ ਤੇ ਛੂਟਹਿ
ਭਵਜਲੁ ਜਗਤੁ ਤਰਾਇਣ ॥੧॥
ਖੋਜਤ ਖੋਜਤ ਤਤੁ ਬੀਚਾਰਿਓ
ਦਾਸ ਗੋਵਿੰਦ ਪਰਾਇਣ ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ
ਸਦਾ ਸਿਮਰਿ ਨਾਰਾਇਣ ॥ ਅੰਗ - ੭੧੪

ਸਾਧਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਅੰਮ੍ਰਿਤ ਵੇਲੇ ਤੋਂ ਆਪ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸਰਵਣ ਕਰ ਰਹੇ ਹੋ। ਗੁਰੂ ਮਹਾਰਾਜ ਜੀ ਨੇ ਅੰਮ੍ਰਿਤ ਵੇਲੇ ਦੀ ਸੰਭਾਲ ਜੀਵਨ ਦੇ ਅੰਦਰ ਬਹੁਤ ਜ਼ਰੂਰੀ ਚੀਜ਼ ਦੱਸੀ ਹੈ। ਅੰਮ੍ਰਿਤ ਵੇਲੇ ਬਾਰੇ ਕਈ ਅਰਥ ਕੱਢ ਲੈਂਦੇ ਨੇ ਕਿ ਮਨੁੱਖਾ ਜਨਮ ਵੀ ਅੰਮ੍ਰਿਤ ਵੇਲਾ ਹੈ। ਜਦੋਂ ਪ੍ਰਮੇਸ਼ਰ ਦੇ ਨਾਲ ਸੁਰਤ ਜੁੜ ਜਾਵੇ ਉਸ ਵੇਲੇ ਵੀ ਅੰਮ੍ਰਿਤ ਵੇਲਾ ਹੈ। ਜਿਸ ਵੇਲੇ ਹਰੀ ਦਾ ਜਸ ਸਰਵਣ ਕਰੀਏ ਉਸ ਵੇਲੇ ਨੂੰ ਵੀ ਅੰਮ੍ਰਿਤ ਵੇਲਾ ਆਖਦੇ ਨੇ ਪਰ ਜਦੋਂ ਅਸੀਂ ਸਮੇਂ ਦੀ ਲਿਹਾਜ਼ ਨਾਲ ਵੰਡ ਕਰਦੇ ਹਾਂ ਤਾਂ ਉਹ ਸਮਾਂ ਜਿਸ ਵੇਲੇ ਚਿਤ-ਬਿਰਤੀਆਂ ਸ਼ਾਂਤ ਹੋਈਆਂ ਹੋਣ, ਵਾਸ਼ਨਾਵਾਂ ਉਠੀਆਂ ਨਾ ਹੋਣ ਤੇ ਮਨ ਰਾਤ ਦੀ ਨੀਂਦ ਦੇ ਨਾਲ ਥਕੇਵਾਂ ਦੂਰ ਕਰਕੇ ਹਲਕਾ ਹੋਇਆ ਹੋਵੇ, ਉਸ ਨੂੰ ਪਿਛਲੀ ਰਾਤ ਜਾਂ ਅੰਮ੍ਰਿਤ ਵੇਲਾ ਆਖਦੇ ਨੇ।

ਇਸਲਾਮ ਦੇ ਅੰਦਰ ਤੇ ਗੁਰੂ ਨਾਨਕ ਮਹਾਰਾਜ ਹੀ ਦੇ ਮੱਤ ਵਿਚ ਤੇ ਹੋਰ ਸਾਰੇ ਮੱਤਾਂ ਦੇ ਵਿਚ ਅੰਮ੍ਰਿਤ ਵੇਲੇ ਨੂੰ ਖਾਸ ਮਹੱਤਤਾ ਦਿਤੀ ਗਈ ਹੈ।

ਫਰੀਦਾ ਪਿਛਲ ਰਾਤਿ ਨ ਜਾਗਿਓਹਿ
ਜੀਵਦੜੋ ਮੁਇਓਹਿ ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥
ਅੰਗ - ੧੩੮੩

ਇਥੋਂ ਤਕ ਕਿਹਾ ਹੈ ਕਿ ਜੇ ਪਿਛਲੀ ਰਾਤ ਨਹੀਂ ਜਾਗਦਾ ਤਾਂ ਜੀਉਂਦਾ ਹੀ ਚੜ੍ਹਾਈ ਕਰ ਗਿਆ ਉਹ, ਮਰਿਆ ਹੋਇਆ ਹੈ ਉਹ। ਜੋ ਰਸ ਹੈ ਜ਼ਿੰਦਗੀ ਦਾ, ਉਸ ਦੇ ਨਾਲ ਇਹ ਸੰਪਰਕ ਕਾਇਮ ਨਹੀਂ ਕਰ ਸਕਦਾ। ਸੋ ਅੰਮ੍ਰਿਤ ਵੇਲੇ ਦੀ ਮਹੱਤਤਾ ਬਹੁਤ ਜ਼ਿਆਦਾ ਹੈ ਕਿਉਂਕਿ ਬਾਅਦ ਵਿਚ ਤਾਂ ਮਨ ਦੀਆਂ ਮੱਤਾਂ ਖਿੰਡ ਜਾਂਦੀਆਂ ਨੇ -

ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥
ਅੰਗ - ੧੪੫

ਐਨੀ ਵਾਸ਼ਨਾ ਵਧ ਜਾਂਦੀ ਹੈ, ਐਨੇ ਫੁਰਨੇ ਵਧ ਜਾਂਦੇ ਨੇ, ਐਨਾ ਫੈਲਾਓ ਮਨ ਦਾ ਹੋ ਜਾਂਦਾ ਹੈ ਕਿ ਫੇਰ ਬੜਾ ਮੁਸ਼ਕਲ ਹੁੰਦਾ ਹੈ। ਜੋ ਆਦਮੀ ਦੇ ਸੰਸਕਾਰ ਨੇ, ਸਿਮ੍ਰਿਤੀ ਬਿਰਤੀ ਹੈ ਯਾਦਦਾਸ਼ਤ ਦੀ, ਉਨ੍ਹਾਂ ਬਿਰਤੀਆਂ ਦੇ ਨਾਲ ਇਸ ਦਾ ਮਨ ਭਟਕਦਾ ਤੇ ਦੌੜਦਾ ਫਿਰਦਾ ਹੈ। ਇਸ ਵੇਲੇ ਦੀ ਮਹੱਤਤਾ ਦਸਦੇ ਹੋਏ ਮਹਾਰਾਜ ਰਸਨਾ ਦੇ ਪ੍ਰਯੋਗ ਦਾ ਫਲ ਦਸਦੇ ਨੇ ਕਿ ਜੇ ਰਸਨਾ ਦਾ ਪ੍ਰਯੋਗ ਸਹੀ ਕੀਤਾ ਜਾਵੇ ਤਾਂ ਕਿੱਡਾ ਫਲ ਹੈ। ਜੇ ਇਸ ਦਾ ਪ੍ਰਯੋਗ ਗਲਤ ਕੀਤਾ ਜਾਵੇ ਤਾਂ ਕਿੰਨਾ ਦੁੱਖ ਹੈ। ਚਾਰ ਉਂਗਲ ਦੀ ਜ਼ੁਬਾਨ ਹੈ ਇਸ ਦੀ ਮਦਦ ਦੇ ਨਾਲ ਅਸੀਂ ਆਪਣੇ ਭਾਵਾਂ ਨੂੰ ਪ੍ਰਗਟ ਕਰ ਸਕਦੇ ਹਾਂ ਜੇ ਇਹ ਨਾ ਹੋਵੇ ਤਾਂ ਅਸੀਂ ਕੁਝ ਵੀ ਨਹੀਂ ਕਰ ਸਕਦੇ, ਇਸ਼ਾਰਿਆਂ ਨਾਲ ਬਾਤ ਕਰਾਂਗੇ। ਵਾਹਿਗੁਰੂ ਜੀ ਨੇ ਇਸ ਮਨੁੱਖ ਨੂੰ ਰਸਨਾ ਦਿਤੀ। ਇਸ ਦੇ ਨਾਲ ਫਿੱਕੇ ਤੋਂ ਫਿੱਕਾ, ਕੌੜੇ ਤੋਂ ਕੌੜਾ ਜੀਵਨ ਵੀ ਬਣ ਸਕਦਾ ਹੈ, ਚੜ੍ਹਦੀ ਕਲਾ ਵਾਲਾ ਜੀਵਨ ਬਣ ਸਕਦਾ ਹੈ। ਜੇ ਇਹੀ ਰਸਨਾ ਨਿੰਦਿਆ ਕਰਦੀ ਹੈ, ਦੂਸਰੇ ਦੇ ਔਗੁਣਾਂ ਨੂੰ ਪਹਿਲਾਂ ਚਿਤਵ ਕੇ ਫੇਰ ਉਸ ਨੂੰ ਰਸਨਾ ਦੇ ਨਾਲ ਧਿਆਨ ਕਰਦੇ ਹਾਂ ਤਾਂ ਉਸ ਦਾ ਮਾੜਾ ਅਸਰ ਹੁੰਦਾ ਹੈ। ਮਹਾਰਾਜ ਜੀ ਕਹਿੰਦੇ -

ਨਿੰਦਾ ਭਲੀ ਕਿਸੈ ਕੀ ਨਾਹੀ
ਮਨਮੁਖ ਮੁਗਧ ਕਰੰਨਿ॥ ਅੰਗ - ੭੫੫

ਮਹਾਂ-ਮੂਰਖ ਬੰਦੇ ਤੇ ਮਨ ਦੇ ਪਿੱਛੇ ਲੱਗਣ ਵਾਲੇ, ਗੁਰੂ-ਪੀਰ ਦੀ ਗੱਲ ਨਾ ਮੰਨਣ ਵਾਲੇ ਬੰਦੇ ਕਰਿਆ ਕਰਦੇ ਨੇ -

ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥
ਅੰਗ - ੭੫੫

ਘੋਰ ਨਰਕਾਂ ਦੇ ਵਿਚ ਉਨ੍ਹਾਂ ਨੂੰ ਪਚਣਾ ਪੈਂਦਾ ਹੈ।

ਸਾਧ ਕਾ ਨਿੰਦਕੁ ਕੈਸੇ ਤਰੈ ॥
ਸਰਪਰ ਜਾਨਹੁ ਨਰਕ ਹੀ ਪਰੈ ॥ ਅੰਗ - ੮੭੫

ਫਿੱਕਾ ਬੋਲਦਾ ਹੈ, ਕੌੜਾ ਬੋਲਦਾ ਹੈ। ਮਹਾਰਾਜ ਜੀ ਕਹਿੰਦੇ -

ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥
ਅੰਗ - ੪੭੩

ਗੁਰਮਤਿ ਸਿਧਾਂਤ ਦੇ ਮੁਤਾਬਿਕ ਫਿੱਕਾ ਬੋਲਣਾ, ਨਿੰਦਿਆ ਕਰਨੀ, ਚੁਗਲੀ ਕਰਨੀ, ਕੁ-ਰਸ ਦੀਆਂ ਬਾਤਾਂ ਕਰਨੀਆਂ ਇਹ ਢਹਿੰਦੀ ਕਲਾ ਪੈਦਾ ਕਰਦੀਆਂ ਨੇ, ਖੁਸ਼ਕੀ ਪੈਦਾ ਕਰਦੀਆਂ ਨੇ। ਦੂਸਰੇ ਪਾਸੇ ਜ਼ਿੰਦਗੀ ਦੇ ਅੰਦਰ ਜੇ ਰਸ ਨਹੀਂ ਆਇਆ ਤਾਂ ਉਸ ਜ਼ਿੰਦਗੀ ਦਾ ਕੋਈ ਬਹੁਤਾ ਲਾਭ ਨਹੀਂ ਹੈ, ਉਹ ਕੇਵਲ ਖਾਣ-ਪੀਣ ਵਾਲੀ ਤੇ ਪੈਸੇ ਕਮਾਉਣ ਵਾਲੀ ਮਸ਼ੀਨ ਹੈ ਇਸ ਤੋਂ ਵੱਧ ਕੁਝ ਵੀ ਨਹੀਂ ਹੈ ਕਿਉਂਕਿ ਉਸ ਦੇ ਅੰਦਰ ਜੀਵਨ ਕਰੰਟ ਨਹੀਂ ਹੈ।

ਰਸਨਾ ਗੁਣ ਗੋਪਾਲ ਨਿਧਿ ਗਾਇਣ ॥

ਇਹ ਰਸਨਾ ਪ੍ਰਮੇਸ਼ਰ ਦੇ ਗੁਣ ਗਾਉਂਦੀ ਹੈ ਤਾਂ ਉਸ ਦਾ ਫਲ ਦਸ ਰਹੇ ਨੇ ਕਿ -

ਸਾਂਤਿ ਸਹਜੁ ਰਹਸੁ ਮਨਿ ਉਪਜਿਓ
ਸਗਲੇ ਦੂਖ ਪਲਾਇਣ ॥

ਸ਼ਾਂਤੀ ਵੀ ਆ ਜਾਂਦੀ ਹੈ, ਜ਼ਿੰਦਗੀ 'ਚ ਸੰਤੁਲਨ ਆ ਜਾਂਦਾ ਹੈ ਤੇ ਖੇੜਾ ਆ ਜਾਂਦਾ ਹੈ ਤੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਬੜੇ-ਬੜੇ ਦੁਖ ਗਿਣੇ ਨੇ ਜਿਹੜੇ ਆਦਮੀ ਸਹਿ ਨਹੀਂ ਸਕਦਾ -

ਦੁਖੁ ਵੇਛੋੜਾ ਇਕੁ ਦੁਖੁ ਭੂਖ ॥
ਇਕੁ ਦੁਖੁ ਸਕਤਵਾਰ ਜਮਦੂਤ ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥
ਵੈਦ ਨ ਭੋਲੇ ਦਾਰੂ ਲਾਇ ॥ ਅੰਗ - ੧੨੫੬

ਦੂਜਾ ਜੰਮਣ-ਮਰਣ ਦਾ ਦੁੱਖ ਹੈ ਜੋ ਬਹੁਤ ਵੱਡਾ ਹੈ। ਸੋ ਇਹ ਸਾਰੇ ਜਿੰਨੇ ਵੀ ਦੁਖ ਨੇ ਇਨ੍ਹਾਂ ਸਾਰਿਆਂ ਦਾ ਨਾਸ਼ ਹੋ ਜਾਂਦਾ ਹੈ, ਰਸਨਾ ਦਾ ਪ੍ਰਯੋਗ ਕਰਕੇ ਪਰ ਉਸ ਦੇ ਨਾਲ ਸ਼ਰਤ ਹੈ, ਹੋਰ ਥਾਂ ਤੇ ਮਹਾਰਾਜ ਜੀ ਨੇ ਦੱਸੀ ਕਿ -

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ
ਹਰਿ ਹਰਿ ਊਤਮ ਬਾਨੀ ॥ ਅੰਗ - ੬੬੯

ਪੂਜਣ ਆਉਂਦੇ ਨੇ ਤੇ ਉਤਮ ਬਾਣੀ ਗਾਉਂਦੇ ਨੇ ਤੇ ਥਾਂ ਕਿਨ੍ਹਾਂ ਦਾ ਪੈਂਦਾ ਹੈ -

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ
ਸਤਿ ਸਤਿ ਕਰਿ ਮਾਨੀ ॥ ਅੰਗ - ੬੬੯

ਜੇ ਆਗਿਆ ਨਹੀਂ ਮੰਨੀ ਤਾਂ ਜੀਵਨ ਦੇ ਵਿਚ ਪਰਿਵਰਤਨ ਨਹੀਂ ਆਉਂਦਾ। ਆਗਿਆ ਮੰਨਣ ਤੋਂ ਬਾਅਦ ਉਸ ਨੂੰ ਅਭਿਆਸ ਵਿਚ ਲਿਆ ਕੇ ਵਰਤਣਾ ਹੈ। ਸੋ ਇਹ ਰਸਨਾ ਦੇ ਘੇਰੇ ਵਿਚ ਆ ਜਾਂਦਾ ਹੈ ਕੇਵਲ ਜੇ ਗਾਉਣ ਨੂੰ ਹੀ ਮਹੱਤਤਾ ਨਹੀਂ ਦਿਤੀ। ਬੇਅੰਤ ਥਾਵਾਂ ਦੇ ਉਤੇ ਮਹਾਰਾਜ ਜੀ ਨੇ ਦਸਿਆ ਹੈ ਕਿ ਕੇਵਲ ਗਾਉਣ ਦੇ ਨਾਲ ਕੁਝ ਨਹੀਂ ਬਣਦਾ, ਚਾਹੇ ਕੋਈ ਰਾਗ ਗਾ ਲਓ ਜਿੰਨੀ ਦੇਰ ਤਕ ਅੰਦਰੋਂ ਹਿਰਦਾ ਸਾਥ ਨਹੀਂ ਦਿੰਦਾ, ਮਨ ਸਾਥ ਨਹੀਂ ਦਿੰਦਾ, ਓਨੀਂ ਦੇਰ ਤਕ ਗਾਵਿਆ ਤੇ ਸੁਣਿਆ ਥਾਂ ਨਹੀਂ ਪਿਆ ਕਰਦਾ -

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ
ਨਹੀ ਹਰਿ ਹਰਿ ਭੀਜੈ ਰਾਮ ਰਾਜੇ॥ ਅੰਗ - ੪੫੦

ਨਹੀਂ ਭਿਜਦਾ ਚਾਹੇ ਕਿੰਨੇ ਹੀ ਰਾਗ ਗਾ ਲੈ, ਕਿੰਨੀਆਂ ਹੀ ਤਰਜ਼ਾਂ ਕੱਢ ਲੈ, ਪ੍ਰਮੇਸ਼ਰ ਨਾਲ ਇਸ ਦਾ ਸਬੰਧ ਨਹੀਂ, ਆਪਣਾ ਹਿਰਦਾ ਵੀ ਨਹੀਂ ਭਿਜਿਆ ਕਰਦਾ ਉਹ ਵੀ ਉਤੇ-ਉਤੇ ਹੀ ਹੈ। ਇਕ ਕਲਾ ਹੈ। ਕਲਾ ਦੇ ਤੌਰ ਤੇ action ਹੈ ਮੂੰਹ ਦਾ action ਹੈ, ਹੱਥਾਂ ਪੈਰਾਂ ਦਾ ਹੈ ਲੇਕਿਨ ਉਹ ਹਿਰਦੇ ਭਿੱਜਣ ਵਾਲੀ ਬਾਤ ਹੋਰ ਹੈ।

ਸੋ ਮਹਾਰਾਜ ਜੀ ਇਹ ਕਹਿੰਦੇ ਨੇ ਕਿ ਜੇ ਗੁਣਾਂ ਨੂੰ ਗਾਵੇ ਗੁਣਾਂ ਦਾ ਰੂਪ ਹੋ ਕੇ ਫੇਰ ਕਹਿੰਦੇ ਖੇੜਾ ਤੇ ਸ਼ਾਂਤੀ ਆਉਣੀ ਹੈ ਤੇ ਨਾਲ ਇਹ ਵੀ ਹੈ ਕਿ ਸਾਰੇ ਹੀ ਦੁਖਾਂ ਦਾ ਖਾਤਮਾ ਹੋ ਜਾਏਗਾ, ਜਿਹੜਾ ਵੀ ਕੁਝ ਮੰਗਦਾ ਹੈ -

ਜੋ ਮਾਗਹਿ ਸੋਈ ਸੋਈ ਪਾਵਹਿ
ਸੇਵਿ ਹਰਿ ਕੇ ਚਰਣ ਰਸਾਇਣ ॥ ਅੰਗ - ੭੧੪

ਦੂਸਰੇ ਵਿਚ ਕਿਉਂਕਿ ਮਨੁੱਖ ਦਾ ਮਨ ਅਜੇ ਮੰਗਾਂ ਤੋਂ ਉਪਰ ਨਹੀਂ ਗਿਆ। ਮੰਗਾਂ ਦੇ ਵਿਚ ਹੀ ਜਿਸ ਦਾ ਜੀਵਨ ਜਾ ਰਿਹਾ ਹੈ, ਵਾਸ਼ਨਾਵਾਂ ਦੇ ਵਿਚ, ਵਾਸ਼ਨਾਵਾਂ ਅਧੂਰੀਆਂ ਰਹਿੰਦੀਆਂ ਨੇ ਪੂਰੀਆਂ ਨਹੀਂ ਹੁੰਦੀਆਂ। ਉਸ ਦੇ ਵਾਸਤੇ ਗੁਰਬਾਣੀ ਦੇ ਅੰਦਰ ਬਹੁਤ ਥਾਂ ਆਉਂਦਾ ਹੈ ਕਿ ਵਾਸ਼ਨਾਵਾਂ ਜਿਨ੍ਹਾਂ ਨੂੰ ਕਾਮਨਾਵਾਂ ਵੀ ਆਖਦੇ ਨੇ -

ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬

ਧਰਮ, ਅਰਥ, ਕਾਮ ਤੇ ਮੋਖਸ਼ - ਚਾਰ ਚੀਜ਼ਾਂ ਸਾਧੂਆਂ ਦੀ ਸੰਗਤ ਤੇ ਸੇਵਾ ਵਿਚੋਂ ਪ੍ਰਾਪਤ ਹੋਇਆ ਕਰਦੀਆਂ ਹਨ। ਸੋ ਸਾਰੀਆਂ ਵਾਸ਼ਨਾਵਾਂ ਪੂਰੀਆਂ ਹੋ ਜਾਂਦੀਆਂ ਹਨ ਕੁਝ ਵੀ ਮੰਗ ਲੈ ਵਾਹਿਗੁਰੂ ਦੇ ਘਰ ਕੋਈ ਘਾਟਾ ਨਹੀਂ -

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
ਘਰਿ ਤ ਤੇਰੈ ਸਭੁ ਕਿਛੁ ਹੈ
ਜਿਸੁ ਦੇਹਿ ਸੁ ਪਾਵਏ॥ ਅੰਗ - ੯੧੭

ਜਿਸ ਨੂੰ ਦਿੰਦਾ ਹੈ ਉਸ ਨੂੰ ਮਿਲ ਹੀ ਜਾਂਦਾ ਹੈ ਕਿਉਂਕਿ ਕੋਈ ਵੀ ਚੀਜ਼ ਨਹੀਂ ਹੈ ਜੋ ਰੱਬ ਦੇ ਘਰ ਨਾ ਹੋਵੇ। ਸੋ ਮਹਾਰਾਜ ਜੀ ਕਹਿੰਦੇ ਜੋ ਵੀ ਮੰਗ ਲਵੇਂ ਉਹ ਤੈਨੂੰ ਪ੍ਰਾਪਤ ਹੋ

ਜਾਏਗਾ -

ਜੋ ਮਾਗਹਿ ਸੋਈ ਸੋਈ ਪਾਵਹਿ
ਸੇਵਿ ਹਰਿ ਕੇ ਚਰਣ ਰਸਾਇਣ ॥ ਅੰਗ - ੭੧੪

ਜੋ ਵਾਹਿਗੁਰੂ ਜੀ ਦੇ ਚਰਣ, ਮੰਤਰ ਹੈ ਜਿਸ ਨੂੰ ਨਾਮ ਆਖਦੇ ਨੇ ਉਸ ਦੀ ਸੇਵਾ ਕਰ ਉਹ ਰਸਾਇਣ ਰੂਪ ਹੈ। ਸੁਖਮਨੀ ਸਾਹਿਬ ਦੇ ਅੰਦਰ ਸਿਮਰਨ ਦੀ ਮਹਿਮਾ ਪਹਿਲੀ ਅਸ਼ਟਪਦੀ ਵਿਚ ਮਹਾਰਾਜ ਜੀ ਨੇ ਦੱਸੀ ਹੈ। ਦੂਸਰੀ ਦੇ ਅੰਦਰ ਉਸ ਦੀਆਂ ਬਰਕਤਾਂ ਦੱਸੀਆਂ ਨੇ ਕਿ ਉਸ ਨੂੰ ਤੂੰ ਯਾਦ ਕਰ ਜੇ ਕੁਝ ਲੈਣਾ ਹੈ, ਸਭ ਕੁਝ ਮਿਲੇਗਾ ਤੈਨੂੰ -

ਜਨਮ ਮਰਣ ਦੁਹਹੂ ਤੇ ਛੂਟਹਿ
ਭਵਜਲੁ ਜਗਤੁ ਤਰਾਇਣ ॥ ਅੰਗ - ੭੧੪

ਸਾਰਿਆਂ ਤੋਂ ਜੋ ਵੱਡਾ ਦੁਖ ਹੈ ਉਹ ਜੰਮਣ ਤੇ ਮਰਨ ਦਾ ਹੈ ਕਿਉਂਕਿ ਸਾਨੂੰ ਇਹ ਨਹੀਂ ਪਤਾ ਕਿ ਕਦੋਂ ਤੋਂ ਸਾਡਾ ਵਜੂਦ ਬਣਿਆ ਹੈ, ਕਿੰਨੀ ਕੁ ਦੇਰ ਤੋਂ ਅਸੀਂ ਤੁਰੇ ਹੋਏ ਹਾਂ?

ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥
ਏਤੀ ਨ ਜਾਨਉ ਕੇਤੀਕ ਮੁਦਤਿ
ਚਲਤੇ ਖਬਰਿ ਨ ਪਾਇਓ ॥ ਅੰਗ - ੯੯੯

ਤੈਨੂੰ ਤਾਂ ਇਹ ਪਤਾ ਹੀ ਨਹੀਂ ਕਿ ਮੈਨੂੰ ਕਿੰਨਾ-ਕੁ ਚਿਰ ਹੋ ਗਿਆ ਚਲਦੇ ਨੂੰ ਤੇ ਅਜੇ ਕਿੰਨਾ-ਕੁ ਚਿਰ ਚੱਲਣਾ ਹੈ? ਕਦੇ ਸ਼ਾਂਤੀ ਵੀ ਮਿਲੇਗੀ? ਕਦੇ ਕੋਈ ਐਸਾ ਸਥਾਨ ਵੀ ਮਿਲੇਗਾ ਜਿਸ ਥਾਂ ਤੇ ਜਾ ਕੇ ਪਰਮ ਅਨੰਦ ਦਾ ਸਾਨੂੰ ਅਨੁਭਵ ਹੋਵੇ ਤੇ ਅਸੀਂ ਜੰਮਣ-ਮਰਨ ਦੇ ਚੱਕਰ 'ਚੋਂ ਛੁਟ ਜਾਈਏ ਕਿਉਂਕਿ ਮਰਨ ਦਾ ਦੁੱਖ ਦਸਦੇ ਨੇ ਕਿ 400 ਬਿੱਛੂ ਇਕ ਥਾਂ ਤੇ ਲੜ ਜਾਵੇ, 1000 ਤਲਵਾਰ ਇਕੋ ਥਾਂ ਤੇ ਫੱਟ ਤੇ ਲੱਗੀ ਜਾਵੇ ਐਨਾ ਹੀ ਦੁਖ ਆਦਮੀ ਨੂੰ ਮੌਤ ਵੇਲੇ ਸਰੀਰ 'ਚੋਂ ਨਿਕਲਣ ਵੇਲੇ ਹੁੰਦਾ ਹੈ, ਮੂਰਸ਼ਤ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਇਹ ਬੜਾ ਭਾਰਾ ਦੁਖ ਹੈ। ਮਹਾਰਾਜ ਜੀ ਕਹਿੰਦੇ ਇਸ ਤੋਂ ਵੀ ਛੁਟਕਾਰਾ ਹੋ ਜਾਂਦਾ ਹੈ ਇਹ ਜੋ ਭਵਜਲ ਜਗਤ ਹੈ ਬਹੁਤ ਔਖਾ ਹੈ ਤਰਨਾ -

ਪਾਵਕ ਸਾਗਰ ਅਥਾਹ ਲਹਰਿ ਮਹਿ
ਤਾਰਹੁ ਤਾਰਨਹਾਰੇ ॥ ਅੰਗ - ੬੧੩

ਅੱਗ ਦਾ ਸਮੁੰਦਰ ਤੇ ਲਹਿਰਾਂ ਦਾ ਕੋਈ ਥਾਹ ਨਹੀਂ, ਲੰਘ ਨਹੀਂ ਸਕਦਾ ਜੀਵ, ਕੇਵਲ ਗੁਣ ਗਾਉਣ ਦੇ ਨਾਲ ਲੰਘ ਸਕਦਾ ਹੈ। ਦੂਸਰਾ ਹੈ, ਹਰਿ ਕੇ ਚਰਣ ਰਸਾਇਣ' ਦੀ ਪੂਜਾ ਕਰਨ ਦੇ ਨਾਲ, ਸਿਮਰਨ ਦੇ ਨਾਲ, ਨਾਮ ਦਾ, ਗੁਰਮੰਤਰ ਦਾ ਜਾਪ ਕਰਨ ਦੇ ਨਾਲ, ਨਾਮ ਦੇ ਪੰਡਾਲ ਵਿਚ ਪ੍ਰਵੇਸ਼ ਕਰਨ ਦੇ ਨਾਲ ਕਹਿੰਦੇ ਇਹ ਜੰਮਣਾ-ਮਰਨਾ ਛੁਟ ਜਾਏਗਾ ਕਿਉਂਕਿ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ -

ਕਬਹੂ ਸਾਧਸੰਗਤਿ ਇਹੁ ਪਾਵੈ ॥
ਉਸੁ ਅਸਥਾਨ ਤੇ ਬਹੁਰਿ ਨ ਆਵੈ ॥
ਅੰਤਰਿ ਹੋਇ ਗਿਆਨ ਪਰਗਾਸੁ ॥
ਉਸੁ ਅਸਥਾਨ ਕਾ ਨਹੀ ਬਿਨਾਸੁ ॥
ਮਨ ਤਨ ਨਾਮਿ ਰਤੇ ਇਕ ਰੰਗਿ ॥
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥
ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸ੍ਰਾਮ ॥
ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ - ੨੭੮

ਆਉਣਾ-ਜਾਣਾ ਖਤਮ ਹੋ ਕੇ ਪੱਕੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਫੇਰ ਨਹੀਂ ਗਿਰਦਾ। ਮਹਾਰਾਜ ਜੀ ਕਹਿੰਦੇ ਤੈਨੂੰ ਤਾਂ ਇਹੀ ਨਹੀਂ ਪਤਾ ਕਿ ਮੈਂ ਕਿੰਨਿਆਂ ਜਨਮਾਂ ਵਿਚ, ਕਿੰਨਿਆਂ ਸਰੀਰਾਂ ਨੂੰ ਧਾਰਨ ਕਰਿਆ ਹੈ -

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ - ੧੭੬

ਇਹੋ ਜਿਹੀਆਂ ਨਖਿੱਧ ਇਕ ਘੱਟ ਚੌਰਾਸੀ ਲੱਖ ਜੂਨਾਂ, ਇਹੋ ਜਿਹੇ ਸਰੀਰ ਹੰਢਾਉਣ ਤੋਂ ਬਾਅਦ -

ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬

ਹੁਣ ਤੇਰੀ ਵਾਰੀ ਆਈ ਹੈ ਪ੍ਰਮੇਸ਼ਰ ਨੂੰ ਮਿਲਣ ਵਾਸਤੇ, ਪਤਾ ਨਹੀਂ ਪਹਿਲਾਂ ਕਦੋਂ ਤੈਨੂੰ ਇਹ ਦੇਹੀ ਮਿਲੀ ਸੀ। ਨਾ ਕਰੋੜਾਂ ਸਾਲਾਂ ਦਾ ਅੰਦਾਜ਼ਾ ਹੈ, ਨਾ ਅਰਬਾਂ ਸਾਲਾਂ ਦਾ ਕੋਈ ਕਹਿ ਨਹੀਂ ਸਕਦੇ।

ਸੋ ਇਹ ਹੁਣ ਪ੍ਰਾਪਤ ਹੋਈ ਹੋਈ ਹੈ ਤੇ ਤੈਨੂੰ ਚਾਹੀਦਾ ਹੈ ਕਿ ਤੂੰ ਪ੍ਰਮੇਸ਼ਰ ਨੂੰ ਪ੍ਰਾਪਤ ਕਰੇਂ। ਫੇਰ ਸਵਾਲ ਆਉਂਦਾ ਹੈ ਕਿ ਜਦੋਂ ਅਸੀਂ ਜਾਣਦੇ ਹੀ ਨਹੀਂ ਹਾਂ ਕਿ ਰੱਬ ਰਹਿੰਦਾ ਕਿੱਥੇ ਹੈ? ਉਸ ਦਾ ਸਾਡੇ ਨਾਲ ਕੀ ਸਬੰਧ ਹੈ? ਕਿਸ ਤਰ੍ਹਾਂ ਦੇ ਨਾਲ ਅਸੀਂ ਮਿਲ ਸਕਦੇ ਹਾਂ? ਮਹਾਰਾਜ ਜੀ ਕਹਿੰਦੇ ਤੂੰ ਬਾਹਰ ਨਾ ਟੋਲ੍ਹ, ਉਹ ਤੇਰੇ ਅੰਦਰ ਹੀ ਹੈ ਜਿਥੇ ਤੂੰ ਰਹਿੰਦਾ ਹੈਂ। ਪਹਿਲਾਂ ਤੂੰ ਆਪਣੀ ਪਛਾਣ ਕਰ ਕਿ ਮੈਂ ਕੌਣ ਹਾਂ? ਜਿੰਨੀ ਦੇਰ ਤਕ ਤੈਨੂੰ ਇਹ ਸੋਝੀ ਨਹੀਂ ਪੈਂਦੀ ਕਿ ਮੈਂ ਕੌਣ ਹਾਂ ਉਦੋਂ ਤਕ ਗੱਲ ਨਹੀਂ ਬਣਦੀ। ਪੁਛੋ ਕਿਸੇ ਨੂੰ ਕਿ ਤੂੰ ਕੌਣ ਹੈਂ? ਤਾਂ ਉਹ ਆਪਣਾ ਨਾਉਂ ਦੱਸ ਦਏਗਾ ਕਿ ਮੈਂ ਫਲਾਣਾ ਹਾਂ। ਜੇ ਛੁਹ ਕੇ ਦੱਸੋ ਬਾਂਹ ਫੜ ਕੇ ਕਿ ਆਹ ਹੈਂ ਤੂੰ ਤਾਂ ਇਹ ਕੀ ਹੈ? ਕਹਿੰਦਾ ਇਹ ਮੇਰੀ ਬਾਂਹ ਹੈ। ਆਹ ਕੀ ਹੈ? ਮੇਰੀ ਲੱਤ ਹੈ। ਇਹ ਮੇਰਾ ਪੇਟ ਹੈ, ਇਹ ਮੇਰੀ ਛਾਤੀ ਹੈ, ਆਹ ਮੇਰਾ ਸਿਰ ਹੈ। ਫੇਰ ਤੂੰ ਕੀ ਹੋਇਆ? ਜਿੰਨੀ ਦੇਰ ਤਕ ਇਸ ਚੀਜ਼ ਦਾ ਗਿਆਨ ਹਿਰਦੇ ਵਿਚ ਨਹੀਂ ਬੈਠਦਾ, ਨਿਸ਼ਚੇਪੂਰਵਕ ਨਹੀਂ ਹੁੰਦਾ ਕਿਉਂਕਿ ਦੇਹ-ਹੰਗਤਾ ਤੇ ਮਮਤਾ ਇਹ ਗੱਲ ਨਾਲ ਨਹੀਂ ਜਾਇਆ ਕਰਦੀ। ਨਾ ਪੜ੍ਹ ਕੇ ਜਾਂਦੀ ਹੈ, ਨਾ ਬੁੱਧੀ ਮੰਡਲ ਨਾਲ ਸੋਚਣ ਤੇ ਜਾਂਦੀ ਹੈ, ਇਸ ਦਾ ਰਸਤਾ ਹੋਰ ਹੈ। ਜਦੋਂ ਤਕ ਉਹ ਚੀਜ਼ ਪ੍ਰਾਪਤ ਨਹੀਂ

ਹੁੰਦੀ ਓਨੀਂ ਦੇਰ ਤਕ ਦੇਹ-ਹੰਗਤਾ ਤੇ ਮਮਤਾ ਨੇ ਜਾਣਾ ਨਹੀਂ ਇਸ ਦੇ ਅੰਦਰੋਂ ਭਰਮ ਦਾ ਨਾਸ਼ ਨਹੀਂ ਹੋਣਾ। ਜਿੰਨਾਂ ਚਿਰ ਭਰਮ ਕਾਇਮ ਹੈ ਇਸ ਨੇ ਜੰਮਦਾ-ਮਰਦਾ ਰਹਿਣਾ ਹੈ, ਦੁਖ-ਸੁਖ ਭੋਗਣੇ ਨੇ।

ਸੋ ਮਹਾਰਾਜ ਜੀ ਕਹਿੰਦੇ ਪਿਆਰਿਆਂ! ਪਹਿਲਾਂ ਤੂੰ ਆਪਣੇ ਆਪ ਨੂੰ ਜਾਣ। ਜਦੋਂ ਆਪਣੇ-ਆਪ ਨੂੰ ਜਾਣ ਗਿਆ ਫੇਰ ਤੈਨੂੰ ਪ੍ਰਮੇਸ਼ਰ ਵੀ ਲੱਭ ਜਾਏਗਾ ਕਿਉਂਕਿ ਨਾਲ-ਨਾਲ ਰਹਿੰਦੇ ਨੇ ਦੋਵੇਂ -

ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ
ਤੋਰੀ ਜਨ ਨਾਨਕ ਮਿਲੇ ਬਨਵਾਰੀ ॥

ਅੰਗ - ੧੨੬੩

ਸਮਰੱਥ ਗੁਰੂ ਦੀ ਸ਼ਰਨ ਵਿਚ ਜਾ ਕੇ ਹਉਮੈ ਦੀ ਕੰਧ ਟੁੱਟਦੀ ਹੈ ਹੋਰ ਕੋਈ ਤਰੀਕਾ ਨਹੀਂ ਹੈ ਇਸਨੂੰ ਤੋੜਨ ਦਾ, theortically ਇਹ ਨਹੀਂ ਜਾਂਦੀ -

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥

ਅੰਗ - ੧

ਕੋਈ ਸਾਧਨ ਨਹੀਂ ਹੈ ਇਸ ਕੰਧ ਨੂੰ ਤੋੜਨ ਦਾ। ਫੇਰ ਮਹਾਰਾਜ ਜੀ ਸਵਾਲ ਕਰਦੇ ਨੇ ਕਿ ਸੱਚੇ ਪਾਤਿਸ਼ਾਹ! ਜੇ ਕੋਈ ਸਾਧਨ ਨਹੀਂ ਹੈ ਤਾਂ ਇਹ ਫੇਰ ਕਿਸ ਤਰ੍ਹਾਂ ਦੇ ਨਾਲ ਟੁੱਟੇਗੀ?

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥

ਅੰਗ - ੧

ਮਹਾਰਾਜ ਜੀ ਕਹਿੰਦੇ -

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥

ਅੰਗ - ੧

ਜਦੋਂ ਤਕ ਹੁਕਮ ਦੇ ਨਾਲ ਇਕ-ਮਿਕ ਨਹੀਂ ਹੁੰਦਾ, ਰਜ਼ਾ ਨਹੀਂ ਮੰਨਦਾ ਓਨਾਂ ਚਿਰ ਮੈਂ ਭਾਵ ਨਹੀਂ ਖਤਮ ਹੁੰਦਾ, ਜਦੋਂ ਤਕ ਮੈਂ ਭਾਵ ਖਤਮ ਨਹੀਂ ਹੁੰਦਾ ਉਦੋਂ ਤਕ ਇਹ ਕੰਧ ਨਹੀਂ ਟੁੱਟਦੀ-

ਹਉ ਹਉ ਭੀਤਿ ਭਇਓ ਹੈ ਬੀਚੋ
ਸੁਨਤ ਦੇਸਿ ਨਿਕਟਾਇਓ ॥
ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥

ਅੰਗ - ੬੨੪

ਬਹੁਤ ਹੀ ਬਰੀਕ, ਇਕ ਖਿਆਲ ਦੀ ਕੰਧ ਬਣੀ ਹੋਈ ਹੈ। ਸੋ ਇਹ ਟੁੱਟਣੀ ਹੈ ਪੂਰੇ ਗੁਰੂ ਦੇ ਉਪਦੇਸ਼ ਨਾਲ। ਸੋ ਮਹਾਰਾਜ ਜੀ ਕਹਿੰਦੇ ਨੇ -

ਖੋਜਤ ਖੋਜਤ ਤਤੁ ਬੀਚਾਰਿਓ
ਦਾਸ ਗੋਵਿੰਦ ਪਰਾਇਣ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ
ਸਦਾ ਸਿਮਰਿ ਨਾਰਾਇਣ ॥ ਅੰਗ - ੭੧੪

ਤੱਤ ਦੀ ਬਾਤ ਤੁਹਾਨੂੰ ਅਸੀਂ ਸਮਝਾਉਂਦੇ ਹਾਂ ਜਿਹੜੀ ਖੋਜ-ਖੋਜ ਕੇ, ਖੋਜ-ਖੋਜ ਕੇ ਕੀਤੀ ਗਈ ਹੈ।

ਸੋਧਤ ਸੋਧਤ ਸੋਧਤ ਸੀਝਿਆ ॥
ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥ ਅੰਗ - ੨੮੧

ਤੱਤ ਕੀ ਬੁਝਿਆਂ?

ਜਬ ਦੇਖਉ ਤਬ ਸਭੁ ਕਿਛੁ ਮੂਲੁ ॥
ਨਾਨਕ ਸੋ ਸੂਖਮੁ ਸੋਈ ਅਸਥੂਲੁ ॥ ਅੰਗ - ੨੮੧

ਜਦੋਂ ਦੇਖਦੇ ਹਾਂ ਤਾਂ ਸਾਰੇ ਪਸਾਰੇ ਦੀ ਜੜ੍ਹ ਜੋ ਹੈ ਉਹ ਇਕੋ ਹੀ ਹੈ। ਓਹੀ ਬੀਜ ਜਿਹੜਾ ਹੈ -

ਤੂੰ ਪੇਡੁ ਸਾਖ ਤੇਰੀ ਫੂਲੀ ॥
ਤੂੰ ਸੂਖਮੁ ਹੋਆ ਅਸਥੂਲੀ ॥
ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ
ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥

ਅੰਗ - ੧੦੨

ਤੂੰ ਸਮੁੰਦਰ ਹੈਂ, ਸਮੁੰਦਰ ਦੇ ਉਤੇ ਲਹਿਰਾਂ ਵੀ ਤੂੰ ਹੀ ਹੈਂ। ਜੋ ਆਪੇ ਹੀ ਆਪਣਾ ਪਸਾਰਾ ਪ੍ਰਮੇਸ਼ਰ ਨੇ ਕਰਕੇ, ਅਨੇਕ ਰੂਪਾਂ ਵਿਚ ਪ੍ਰਗਟ ਹੋ ਕੇ ਖੇਲ੍ਹ ਰਿਹਾ ਹੈ -

ਪਾਰਬ੍ਰਹਮ ਕੇ ਸਗਲੇ ਠਾਉ ॥
ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥
ਆਪੇ ਕਰਨ ਕਰਾਵਨ ਜੋਗੁ ॥
ਪ੍ਰਭ ਭਾਵੈ ਸੋਈ ਫੁਨਿ ਹੋਗੁ ॥
ਪਸਰਿਓ ਆਪਿ ਹੋਇ ਅਨਤ ਤਰੰਗ ॥
ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥
ਜੈਸੀ ਮਤਿ ਦੇਇ ਤੈਸਾ ਪਰਗਾਸ ॥ ਅੰਗ - ੨੭੫

ਜਿੰਨੀ ਇਹ ਸ੍ਰਿਸਟੀ ਰਚੀ ਹੋਈ ਹੈ ਚੇਤਨ, ਜਿਹੋ ਜਿਹੀ ਕਿਸੇ ਨੂੰ ਮੱਤ ਦਿੰਦਾ ਹੈ ਉਹੋ ਜਿਹਾ ਉਸ ਦੇ ਅੰਦਰ ਪ੍ਰਕਾਸ਼ ਹੋ ਜਾਂਦਾ ਹੈ -

ਪਾਰਬ੍ਰਹਮੁ ਕਰਤਾ ਅਬਿਨਾਸ ॥
ਸਦਾ ਸਦਾ ਸਦਾ ਦਇਆਲ ॥
ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥

ਅੰਗ - ੨੭੫

ਵਾਹਿਗੁਰੂ ਸਦਾ ਦਇਆਲ ਹੈ ਤੂੰ ਉਸ ਨੂੰ ਸਿਮਰ-ਸਿਮਰ ਕੇ ਸਦਾ ਹੀ ਉਸ ਦਾ ਧਿਆਨ ਧਰ। ਸੋ ਜਿੰਨੀ ਦੇਰ ਤਕ ਅਸੀਂ ਅੰਦਰੋਂ ਨਹੀਂ ਜਾਗਦੇ ਸਾਨੂੰ ਪਤਾ ਨਹੀਂ ਲਗਦਾ, ਮਹਾਰਾਜ ਜੀ ਕਹਿੰਦੇ ਅਸੀਂ ਖੋਜ-ਖੋਜ ਕੇ ਤੱਤ ਤੈਨੂੰ ਦੱਸਿਆ ਹੈ -

ਖੋਜਤ ਖੋਜਤ ਤਤੁ ਬੀਚਾਰਿਓ

ਦਾਸ ਗੋਵਿੰਦ ਪਰਾਇਣ॥ ਅੰਗ - ੨੧੪

ਇਹ ਆਪਣੀ ਹਉਮੈ ਛੱਡ ਕੇ ਵਾਹਿਗੁਰੂ ਦੇ ਪਰਾਇਣ ਹੋ ਜਾਵੇ ਕਿਉਂਕਿ ਇਸ ਦੇ ਵਿਚ ਕਰਨ ਦੀ ਕੋਈ ਸ਼ਕਤੀ ਨਹੀਂ ਹੈ, ਇਹ ਮੈਂ ਧਾਰਦਾ ਹੈ ਇਸ ਕਰਕੇ ਇਸ ਨੂੰ ਕਰਮ ਚਿੰਬੜ ਜਾਂਦਾ ਹੈ। ਜਦੋਂ ਤਕ ਇਸ ਦੇ ਅੰਦਰੋਂ ਮੈਂ ਦਾ ਨਾਸ਼ ਨਹੀਂ ਹੁੰਦਾ, ਓਨੀਂ ਦੇਰ ਤਕ ਕਰਮ ਦੂਰ ਨਹੀਂ ਹੁੰਦੇ, ਵੈਸੇ ਜੋ ਸਚਾਈ ਹੈ ਮਹਾਰਾਜ ਜੀ ਕਹਿੰਦੇ -

ਇਸ ਕਾ ਬਲੁ ਨਾਹੀ ਇਸੁ ਹਾਥ ॥

ਕਰਨ ਕਰਾਵਨ ਸਰਬ ਕੋ ਨਾਥ ॥ ਅੰਗ - ੨੭੭

ਇਹ ਜਿਸ ਵਕਤ ਪਰਾਇਣ ਹੋ ਜਾਂਦਾ ਹੈ ਤਾਂ ਮਹਾਰਾਜ ਜੀ ਕਹਿੰਦੇ -

ਅਬਿਨਾਸੀ ਖੇਮ ਚਾਹਹਿ ਜੇ ਨਾਨਕ........॥

ਅੰਗ - ੨੧੪

ਜੇ ਤੂੰ ਚਾਹੁੰਦਾ ਹੈਂ ਕਿ ਐਸਾ ਸੁਖ ਮਿਲ ਜਾਵੇ ਜਿਸ ਦਾ ਕਦੇ ਵੀ ਨਾਸ਼ ਨਾ ਹੋਵੇ ਤਾਂ -

...........ਸਦਾ ਸਿਮਰਿ ਨਾਰਾਇਣ॥ ਅੰਗ - ੨੧੪

ਹਮੇਸ਼ਾਂ round the clock ਤੇਰੇ ਪ੍ਰਮੇਸ਼ਰ ਯਾਦ ਰਹਿਣਾ ਚਾਹੀਦਾ ਹੈ ਕਿ ਉਹ ਪ੍ਰਮੇਸ਼ਰ ਪਰੀਪੂਰਨ ਹਰੇਕ ਦੇ ਅੰਦਰ ਘਟ-ਘਟ ਵਿਚ ਵਿਆਪਕ ਹੈ।

ਕਾਇਆ ਨਗਰੁ ਨਗਰ ਗੜ ਅੰਦਰਿ ॥

ਸਾਚਾ ਵਾਸਾ ਪੁਰਿ ਗਗਨੰਦਰਿ ॥

ਅਸਥਿਰੁ ਥਾਨੁ ਸਦਾ ਨਿਰਮਾਇਲੁ

ਆਪੇ ਆਪੁ ਉਪਾਇਦਾ ॥ ੧ ॥

ਅੰਦਰਿ ਕੋਟ ਛਜੇ ਹਟਨਾਲੇ ॥ ਅੰਗ - ੧੦੩੩

ਇਥੇ ਮਹਾਰਾਜ ਜੀ ਰਸਤਾ ਦਸਦੇ ਨੇ ਕਿ ਹੈ ਤਾਂ ਤੇਰੇ ਅੰਦਰ ਪਰ ਬਜਰ ਕਪਾਟ ਜੜ੍ਹੇ ਹੋਏ ਨੇ - ਅਗਿਆਨਤਾ ਦੇ, ਆਸਾ ਤੇ ਅੰਦੇਸ਼ਿਆਂ ਦੇ ਬਜਰ ਕਪਾਟ ਜੜ੍ਹੇ ਹੋਏ ਨੇ। ਜਦੋਂ ਤਕ ਗੁਰੂ ਦੇ ਸ਼ਬਦ ਦੀ ਕਮਾਈ ਨਹੀਂ ਕਰਦਾ ਓਨੀਂ ਦੇਰ ਤਕ ਨਹੀਂ ਉਹ ਖੁਲ੍ਹਣੇ ਕਿਉਂਕਿ ਉਹ ਬੰਦ ਕਰ ਦਿਤੇ ਗਏ ਨੇ -

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ

ਕੁੰਜੀ ਗੁਰ ਸਉਪਾਈ ॥

ਅਨਿਕ ਉਪਾਵ ਕਰੇ ਨਹੀ ਪਾਵੈ

ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫

ਸਤਿਗੁਰੂ ਦੀ ਸ਼ਰਣ ਵਿਚ ਆ ਕੇ ਜਦੋਂ ਤੂੰ ਉਸ ਨੂੰ ਯਾਦਾਦਾਸ਼ਤ ਦੇ ਵਿਚ ਲਿਆਏਂਗਾ ਤਾਂ ਬਜਰ ਕਪਾਟ ਖੁਲ੍ਹ ਜਾਂਦੇ ਨੇ -

ਨਉ ਦਰਵਾਜੇ ਕਾਇਆ ਕੋਟੁ ਹੈ

ਦਸਵੈ ਗੁਪਤੁ ਰਖੀਜੈ ॥

ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥

ਅੰਗ - ੯੫੪

ਫੇਰ ਉਸ ਦੀਆਂ ਨਿਸ਼ਾਨੀਆਂ ਹਨ -

ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥

ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥

ਸਭ ਮਹਿ ਏਕੁ ਵਰਤਦਾ

ਜਿਨਿ ਆਪੇ ਰਚਨ ਰਚਾਈ ॥ ਅੰਗ - ੯੫੪

ਕੇਵਲ 'ਮੈਂ' ਕਰਕੇ ਦੁਜਾਇਗੀ ਹੈ ਜੇ ਮੈਂ ਮਿਟ ਜਾਵੇ ਫੇਰ ਤਾਂ ਇਕੱਲਾ ਪ੍ਰਮੇਸ਼ਰ ਆਪਣੇ-ਆਪ ਆਪਣੀ ਮੌਜ ਵਿਚ ਸਾਰੀ ਖੇਲ੍ਹ ਕਰ ਰਿਹਾ ਹੈ।

ਜੇ ਇਸ ਗਿਆਨ ਦਾ ਪ੍ਰਕਾਸ਼ ਹੋ ਜਾਵੇ ਤੇ ਇਸ ਦੇ ਵਿਚ ਟਿਕ ਜਾਵੇ ਤਾਂ ਸਦਾ ਦੀ ਯਾਦ ਇਸ ਦੇ ਅੰਦਰ ਕਾਇਮ ਹੋ ਕੇ ਦੁਬਾਰਾ ਮਾਇਆ ਦਾ ਅਸਰ ਨਾ ਪਵੇ। ਮਹਾਰਾਜ ਜੀ ਕਹਿੰਦੇ ਫੇਰ ਤੈਨੂੰ ਐਸਾ ਸੁੱਖ ਪ੍ਰਾਪਤ ਹੋ ਸਕਦਾ ਹੈ ਜਿਸ ਦਾ ਕਦੇ ਵੀ ਨਾਸ਼ ਨਹੀਂ ਹੁੰਦਾ। ਸੋ ਇਹ ਰਸਨਾ ਤੋਂ ਚਲਦੀ ਹੈ ਸਾਰੀ ਚੀਜ਼, ਰਸਨਾ ਤੋਂ ਨਾਮ ਜਪਦੇ ਹਾਂ, ਰਸਨਾ ਦੇ ਨਾਲ ਅਸੀਂ ਹਰੀ ਦਾ ਜਸ ਕਰਦੇ ਹਾਂ ਉਸ ਤੋਂ ਬਾਅਦ ਉਹ ਫਲ ਪ੍ਰਾਪਤ ਹੋਣੇ ਸ਼ੁਰੂ ਹੋ ਜਾਂਦੇ ਨੇ।

ਸੋ ਇਸ ਤਰ੍ਹਾਂ ਗੁਰੂ-ਮਹਾਰਾਜ ਜੀ ਦਾ ਜੋ ਬਚਨ ਹੈ ਇਸ ਨੂੰ ਹਿਰਦੇ ਵਿਚ ਧਾਰਨ ਕਰੋ, ਸੁਖਾਂ ਦਾ ਫਲ ਪ੍ਰਾਪਤ ਕਰੋ।

(-----)

ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਹਰ ਪੂਰਨਮਾਸ਼ੀ ਦੇ ਸਤਿਸੰਗ ਸਬੰਧੀ ਸੂਚਨਾ

ਰਤਵਾੜਾ ਸਾਹਿਬ ਦੀ ਪਾਵਨ ਪਵਿੱਤਰ ਭੂਮੀ ਉਪਰ ਨਵੇਂ ਸਾਲ 2009 ਤੋਂ ਹਰ ਪੂਰਨਮਾਸ਼ੀ ਦਾ ਸਤਿਸੰਗ ਕਥਾ ਕੀਰਤਨ ਰਾਤ ਦੇ ਸਮੇਂ ਸ਼ਾਮ 7.00 ਤੋਂ ਰਾਤ 10.00 ਵਜੇ ਤੱਕ ਹੋਇਆ ਕਰੇਗਾ। ਰਾਤ ਨੂੰ ਚੰਦਰਮਾ ਦੀਆਂ ਗੁਣਕਾਰੀ ਕਿਰਨਾਂ ਵਿੱਚ, ਕੁਦਰਤੀ ਜੜ੍ਹੀ-ਬੂਟੀਆਂ ਦੇ ਸੰਯੋਗ ਨਾਲ ਖੀਰ ਤਿਆਰ ਕੀਤੀ ਜਾਵੇਗੀ, ਜਿਸਦੇ ਛਕਣ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ ਅਤੇ ਸਾਹ, ਦਮਾ, ਪੁਰਾਣਾ ਸਿਰ ਦਰਦ, ਨਜਲਾ, ਅੱਖਾਂ ਦੀ ਘਟ ਰਹੀ ਜੋਤ, ਦਿਲ, ਦਿਮਾਗ, ਫੇਫੜਿਆਂ ਦੇ ਮਰੀਜਾਂ ਲਈ ਵਰਦਾਨ ਸਿੱਧ ਹੋ ਚੁਕੀ ਹੈ ਅਤੇ ਕੈਂਸਰ ਦੇ ਭਿਆਨਕ ਰੋਗਾਂ ਤੋਂ ਪੂਰਾ ਬਚਾਅ ਰਹਿੰਦਾ ਹੈ। ਇਹ ਖੀਰ ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ ਵਿਖੇ ਤਿਆਰ ਕਰਕੇ ਅੰਮ੍ਰਿਤਵੇਲੇ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਬਾਅਦ ਵਰਤਾਈ ਜਾਵੇਗੀ ਜੀ।

ਸੁਗੰਧਤ ਜੀਵਨ
(ਸੰਤ ਅਤਰ ਸਿੰਘ ਜੀ ਰੇਰੂ ਸਾਹਿਬ)

ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।

ਮਾਰਚ 1667 ਈ. ਮੁਤਾਬਿਕ 1924 ਬਿਕ੍ਰਮੀ, ਚੇਤ ਦਾ ਮਹੀਨਾ ਚੜ੍ਹਿਆ। ਬਸੰਤ ਰੁੱਤ ਵਿਚ ਚੇਤ ਦਾ ਮਹੀਨਾ ਬਹੁਤ ਹੀ ਦਿਲ ਖਿੱਚਵਾਂ ਗਿਣਿਆ ਹੈ। ਵਿਦਵਾਨ ਚੇਤ ਰੁੱਤ ਨੂੰ ਬਸੰਤ ਰੁੱਤ ਕਰਕੇ ਮੰਨਦੇ ਹਨ। ਇਸ ਰੁੱਤ ਵਿਚ ਕੱਕਰਾਂ ਦੇ ਮਾਰੇ ਹੋਏ ਰੁਖਾਂ, ਬਿਰਖਾਂ, ਬੂਟਿਆਂ ਵਿਚ ਮਧੁਰ ਰਸ ਇਨ੍ਹਾਂ ਨੂੰ ਜੀਵਨ ਦੀ ਨਵੀਂ ਨੁਹਾਰ ਬਖਸ਼ਣ ਲਈ ਬਨਸਪਤੀ ਦੇ ਰੋਮ-ਰੋਮ ਵਿਚ ਰਚ ਜਾਂਦਾ ਹੈ। ਬਨਸਪਤੀ ਮੌਲਦੀ ਹੈ, ਬ੍ਰਿਛਾਂ ਦੀਆਂ ਟਾਹਣੀਆਂ ਤੇ ਕਰੂੰਬਲਾਂ ਨਵਾਂ ਸੁਨੇਹਾ ਲੈ ਕੇ, ਨਵਾਂ ਰੂਪ ਧਾਰ ਕੇ ਦਰਸ਼ਕਾਂ ਦੇ ਮਨ ਨੂੰ ਮੋਂਹਦੀਆਂ ਹਨ। ਇਹ ਰੁੱਤ ਮਨੁੱਖ ਦੇ ਅੰਦਰ ਵੀ ਬਹੁਤ ਹੀ ਖਿੱਚ ਪੈਦਾ ਕਰਦੀ ਹੈ। ਇਸ ਰੁੱਤ ਨੂੰ ਪਿਆਰ ਕਰਨ ਵਾਲੀ ਰੁੱਤ ਕਹਿ ਕੇ ਵਡਿਆਇਆ ਜਾਂਦਾ ਹੈ। ਹਿਰਦੇ ਵਿਚ ਅਚਾਨਕ ਝਰਨ੍ਹਾਟਾਂ ਉਠਦੀਆਂ ਹਨ। ਜਗਿਆਸੂ ਦੇ ਅੰਦਰ ਇਕ ਨਵੀਂ ਆਸ ਭਰਦੀ ਹੈ। ਭਜਨ ਅਨੰਦ ਵਿਚ ਜਗਿਆਸੂ ਨੂੰ ਸਰਸ਼ਾਰ ਕਰਦੀ ਹੈ। ਗੁਰੂ ਮਹਾਰਾਜ ਜੀ ਨੇ ਇਸ ਅਨੰਦ ਬਾਰੇ ਦਸਦਿਆਂ ਫੁਰਮਾਇਆ ਹੈ ਕਿ -

ਚੇਤਿ ਗੋਵਿੰਦੁ ਅਰਾਧੀਐ
ਹੋਵੈ ਅਨੰਦੁ ਘਣਾ॥ ਪੰਨਾ - 133

ਇਸੇ ਚੇਤ ਦੀ ਪੂਰਨ ਚੰਦਰਮਾ ਵਾਲੀ ਪੂਰਨਮਾਸ਼ੀ ਦੀ ਰਾਤ ਨੂੰ ਅੰਮ੍ਰਿਤ ਵੇਲੇ ਇਕ ਮਹਾਨ ਆਤਮਾ ਬਾਲਕ ਦੇ ਰੂਪ ਵਿਚ ਪਿੰਡ ਲੋਪੋਂ, (ਹੁਣ ਜ਼ਿਲਾ ਲੁਧਿਆਣਾ) ਮਾਤਾ ਮਹਿਤਾਬ ਕੌਰ ਜੀ ਦੇ ਘਰ ਪ੍ਰਗਟ ਹੋਈ। ਤੱਕਣ ਵਾਲਿਆਂ ਨੇ ਇਕ ਰੋਸ਼ਨੀ ਤੱਕੀ ਜੋ ਦੇਖਦਿਆਂ-ਦੇਖਦਿਆਂ ਹੀ ਅਲੋਪ ਹੋ ਗਈ। ਬਾਬਾ ਲਾਲ ਸਿੰਘ ਜੀ ਪੁੱਤਰ ਦੀ ਦਾਤ ਪ੍ਰਾਪਤ ਕਰਕੇ ਖੁਸ਼ੀ ਦੀਆਂ ਝਰਨ੍ਹਾਟਾਂ ਮਹਿਸੂਸ ਕਰ ਰਹੇ ਸਨ। ਪੁਤਰ ਦੇ ਦਰਸ਼ਨ ਕੀਤੇ, ਕੁਝ ਅਲੌਕਿਕ ਹੀ ਦ੍ਰਿਸ਼ਟੀ ਵਿਚ ਆਇਆ ਅਤੇ ਭਾਵ ਪੈਦਾ ਹੋਇਆ ਕਿ ਇਹ ਪੁੱਤਰ ਜ਼ਰੂਰ ਹੀ ਮਹਾਨ ਆਤਮਾ ਹੋਵੇਗਾ। ਆਪ ਜੀ ਦਾ ਨਾਮ ਅਤਰ ਸਿੰਘ ਰੱਖਿਆ ਗਿਆ ਜਿਨ੍ਹਾਂ ਨੇ ਵੱਡੇ ਹੋ ਕੇ ਅਤਰ ਦੀ ਖੁਸ਼ਬੂ ਸੰਸਾਰ ਵਿਚ ਅਜਿਹੀ ਫੈਲਾਈ ਕਿ ਅੱਜ ਤੀਕਰ ਭੀ ਵਾਤਾਵਰਣ ਸੁਗੰਧਤ ਹੈ। ਆਪ ਜੀ ਨੂੰ ਇਸ ਸੁਗੰਧੀ ਨੂੰ ਦੇਰ ਤੀਕਰ ਸੁਗੰਧਤ ਰੱਖਣ ਲਈ ਗੁਲਾਬ (ਰਾੜੇ ਵਾਲੇ ਮਹਾਂਪੁਰਸ਼ ਜਿਨ੍ਹਾਂ ਦਾ ਪਹਿਲਾ ਨਾਮ ਗੁਲਾਬ ਸਿੰਘ ਸੀ ਅਤੇ ਗੁਰੂ ਘਰ ਵਿਚ ਈਸ਼ਰ ਸਿੰਘ ਜੀ ਹੋ ਕੇ ਸ਼ਾਮਲ ਹੋਏ) ਮਿਲਿਆ ਜਿਸਨੂੰ ਕਰੜੀ ਘਾਲ ਕਮਾਈ ਕਰਾ ਕੇ ਸਚਮੁਚ ਹੀ ਈਸ਼ਰ, ਹਰੀ ਬਣਾ ਦਿਤਾ।

ਇਹ ਸਮਾਂ ਇਤਿਹਾਸ ਵਿਚ ਆਪਣੀ ਮਹੱਤਤਾ ਆਪ ਰੱਖਦਾ ਹੈ ਕਿਉਂਕਿ ਖਾਲਸੇ ਦਾ ਰਾਜ ਆਪਸੀ ਫੁੱਟ ਦੇ ਕਾਰਨ ਅਲੋਪ ਹੋ ਚੁਕਿਆ ਸੀ। ਨਵੇਂ ਆਏ ਅੰਗ੍ਰੇਜ਼ ਸਾਸ਼ਕ ਦੀ ਨੀਤੀ ਭਾਵੇਂ ਮੁਗਲਾਂ ਦੇ ਰਾਜ ਵਰਗੀ ਤਾਂ ਨਹੀਂ ਸੀ ਪਰ ਬਹੁਤ ਦੂਰ ਦੇ ਮਨ-ਚਾਹੇ ਅਸਰ ਕਰਨ ਵਾਲੀ ਸੀ। ਸਿੱਖ ਰਾਜ ਦੇ ਵੱਡੇ-ਵੱਡੇ ਜਰਨੈਲ ਸਾਹਸਹੀਣੇ ਹੋ ਚੁੱਕੇ ਸਨ। ਉਨ੍ਹਾਂ ਦੇ ਜੀਵਨ ਦਾ ਅਧਾਰ ਨਾਮ ਦੀ ਥਾਂ ਸ਼ਰਾਬ ਦਾ ਪਿਆਲਾ ਅਤੇ ਨਿਰਮਲ ਭੋਜਨ ਦੀ ਥਾਂ ਪਸ਼ੂਆਂ ਦਾ ਮਾਸ ਖਾਣਾ ਹੀ ਰਹਿ ਗਿਆ। ਸਿੱਖੀ ਨੂੰ ਸੰਭਾਲਣ ਵਾਲਾ ਉਸ ਵੇਲੇ ਇਕੋ-ਇਕ ਵਰਿਆਮ ਸੂਰਮਾ ਪੰਜਾਬ ਦੀ ਹਿੱਕ ਉਪਰ ਆਪਣਾ ਪ੍ਰੇਮ ਨਾਟ ਕਰ ਰਿਹਾ ਸੀ ਜਿਸ ਦੇ ਅੰਦਰ ਬੇਹਿਸ ਹੋਈ ਹੋਈ ਸਿੱਖੀ ਨੂੰ ਉਭਾਰਨ ਦਾ ਕਹਿਰਾਂ ਦਾ ਉਤਸ਼ਾਹ ਸੀ, ਉਹ ਸੀ ਮਹਾਨ ਮਹਾਂਪੁਰਸ਼ ਬਾਬਾ ਰਾਮ ਸਿੰਘ ਜੀ ਭੈਣੀ ਸਾਹਿਬ ਵਾਲੇ, ਜਿਨ੍ਹਾਂ ਨੂੰ ਉਨ੍ਹਾਂ ਦੇ ਪ੍ਰੇਮੀ, ਸਤਿਗੁਰੂ ਰੂਪ ਜਾਣ ਕੇ ਪ੍ਰੇਮ ਲੀਨ ਰਹਿੰਦੇ ਹਨ। ਉਨ੍ਹਾਂ ਨੇ ਗਿਰਦੀ ਸਿੱਖੀ ਨੂੰ ਥੰਮ੍ਹ ਲਿਆ। ਜਦੋਂ 1861 ਦੀ ਮਰਦਮਸ਼ੁਮਾਰੀ ਹੋਈ ਤਾਂ ਸਿੱਖਾਂ ਦੀ ਗਿਣਤੀ 13 ਲੱਖ ਦੇ ਏੜ ਗੇੜ ਸੀ। ਮਰਦਮਸ਼ੁਮਾਰੀ ਵਾਲੇ ਮੁਖ ਅਫਸਰ ਨੇ ਆਪਣੇ remarks ਵਿਚ ਕਿਹਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਸਮੇਂ ਜਦੋਂ ਸਿਖਾਂ ਦੀ ਗਿਣਤੀ 70 ਲੱਖ ਤੋਂ ਵੀ ਵੱਧ ਸੀ ਉਹ ਥੋੜ੍ਹੇ ਸਾਲਾਂ ਵਿਚ ਐਨੀ ਰਫਤਾਰ ਦੇ ਨਾਲ ਪਤਨ ਵਲ ਆਈ ਕਿ ਇਨ੍ਹਾਂ ਦੀ ਗਿਣਤੀ 13 ਲੱਖ ਦੇ ਕਰੀਬ ਰਹਿ ਗਈ ਜਿਨ੍ਹਾਂ ਵਿਚੋਂ ਅਸਲ ਸਿੱਖ ਜੋ ਆਪਣੇ ਗੁਰੂ ਦੀ ਬਾਣੀ ਦੇ ਮੁਤਾਬਿਕ ਆਪਣਾ ਜੀਵਨ ਢਾਲਦੇ ਹਨ, ਜਿਨ੍ਹਾਂ ਨੂੰ ਗੁਰੂ ਉਪਰ ਪੂਰਾ ਭਰੋਸਾ ਹੈ ਜੋ ਅੰਮ੍ਰਿਤ ਵੇਲੇ ਜਾਗਦੇ ਹਨ, ਨਾਮ ਸਿਮਰਨ ਕਰਦੇ ਹਨ, ਕਦੇ ਝੂਠ ਨਹੀਂ ਬੋਲਦੇ, ਕਦੇ ਛਲ ਨਹੀਂ ਕਰਦੇ, ਕਦੇ ਧੋਖਾ ਨਹੀਂ ਦਿੰਦੇ, ਨਾ ਹੀ ਉਹ ਸ਼ਰਾਬ ਪੀਂਦੇ ਹਨ, ਨਾ ਹੀ ਉਹ ਪਸ਼ੂਆਂ ਨੂੰ ਵੱਢ ਕੇ ਖਾਂਦੇ ਹਨ। ਜਿਹੋ ਜਿਹੇ ਚਿੱਟੇ ਵਸਤਰ ਪਹਿਨਦੇ ਹਨ ਉਸੇ ਤਰ੍ਹਾਂ ਦਾ ਉਨ੍ਹਾਂ ਦਾ ਅੰਦਰ ਵੀ ਸਾਫ ਹੈ, ਉਹ ਅਸਲੀ ਸਿੱਖ ਹਨ ਉਨ੍ਹਾਂ ਨੂੰ ਸਾਧਾਰਣ ਲੋਕ ਕੂਕਾ ਕਹਿ ਕੇ ਪੁਕਾਰਦੇ ਹਨ ਜੋ ਨਾ ਹੀ ਅਸਾਡੀ (ਅੰਗ੍ਰੇਜ਼ ਦੀ) ਈਨ ਮੰਨਦੇ ਹਨ, ਨਾ ਹੀ ਅਸਾਡੇ ਨਾਲ ਸਮਝੌਤਾ ਕਰਦੇ ਹਨ। ਉਨ੍ਹਾਂ ਦੀ ਡਾਕ ਆਪਣੀ ਹੈ, ਆਪਣੇ ਪ੍ਰਬੰਧ ਨਾਲ ਚਿੱਠੀਆਂ ਪਹੁੰਚਾਂਦੇ ਹਨ। ਅਸਾਡੇ ਲਗਾਏ ਹੋਏ ਨਲਕਿਆਂ ਤੋਂ ਪਾਣੀ ਨਹੀਂ ਪੀਂਦੇ ਅਤੇ ਸਦਾ ਮਾਲਾ ਆਪਣੇ ਗਲ ਵਿਚ ਰਖਦੇ ਹਨ। ਮਹਾਂਪੁਰਸ਼ ਬਾਬਾ ਰਾਮ ਸਿੰਘ ਜੀ ਦੇ ਹੁਕਮ ਵਿਚ ਆਪਣੀ ਜਾਨ ਕੁਰਬਾਨ ਕਰਨ ਨੂੰ ਆਪਣਾ ਸਭ ਤੋਂ ਸ੍ਰੇਸ਼ਟ ਕਰਮ ਸਮਝਦੇ ਹਨ ਉਨ੍ਹਾਂ ਦੀ ਗਿਣਤੀ 4 ਲੱਖ 45 ਹਜ਼ਾਰ ਦੇ ਕਰੀਬ ਹੈ। ਸੋ ਇਸ ਤੋਂ

ਪਤਾ ਲਗਦਾ ਹੈ ਕਿ ਸਿੱਖੀ ਨੂੰ ਰਸਾਤਲ ਦੀ ਰੋੜ੍ਹ ਵਿਚ ਤਿਲ੍ਹਕਦਿਆਂ ਰੋਕਣ ਲਈ ਇਕ ਸੂਰਬੀਰ ਵਰਿਆਮ ਪ੍ਰਗਟ ਹੋਇਆ ਜਿਸ ਨੇ ਨਾਮ ਦੇ ਬਲ ਨਾਲ ਅੰਗ੍ਰੇਜ਼ਾਂ ਦੀ ਈਨ ਨਹੀਂ ਮੰਨੀ ਸੀ, ਉਸ ਦੀ ਥਾਂ ਸਿੱਖਾਂ ਦੇ ਜੀਵਨ ਵਿਚ ਨਾਮ ਦੀ ਸ਼ਕਤੀ ਪ੍ਰਵੇਸ਼ ਕਰਾ ਰਹੇ ਸਨ। ਉਸ ਸਮੇਂ ਜੇ ਸਚਮੁੱਚ ਹੀ ਬਗੈਰ ਪੱਖਪਾਤ ਤੋਂ ਅਸੀਂ ਨਿਰਣਾ ਕਰਨਾ ਹੋਵੇ ਤਾਂ ਕੇਵਲ ਇਕੋ ਇਕ ਇਹੋ ਮਹਾਨ ਜਮਾਤ ਗੁਰਸਿੱਖ ਸੀ। 1872 ਵਿਚ ਇਸ ਲਹਿਰ ਨੂੰ ਕੁਚਲਣ ਵਾਸਤੇ ਅੰਗ੍ਰੇਜ਼ ਨੇ ਨਾਮਧਾਰੀਆਂ ਨੂੰ ਤੋਪਾਂ ਨਾਲ ਬਿਨਾਂ ਕੋਈ ਮੁਕੱਦਮਾ ਚਲਾਏ ਉਡਾਇਆ। ਬਾਬਾ ਜੀ ਨੂੰ ਗ੍ਰਿਫਤਾਰ ਕਰਕੇ ਵਿਦੇਸ਼ਾਂ ਵਿਚ ਲੈ ਗਏ। ਉਨ੍ਹਾਂ ਦੇ ਅਨੇਕ ਸਾਥੀਆਂ ਬਾਰੇ ਕੁਝ ਵੀ ਪਤਾ ਨਹੀਂ ਲਗਦਾ ਕਿ ਉਹ ਕਿਹੜੀਆਂ-ਕਿਹੜੀਆਂ ਜੇਲ੍ਹਾਂ ਵਿਚ ਸੰਤਾਪ ਸਹਿ ਕੇ ਇਸ ਸੰਸਾਰ ਤੋਂ ਚਲੇ ਗਏ। ਉਨ੍ਹਾਂ ਤੋਂ ਪਹਿਲਾਂ ਇਕ ਹੋਰ ਮਹਾਨ ਹਸਤੀ ਜੋ ਸਿੱਖ ਰਾਜ ਦੇ ਬਿਲਕੁਲ ਪਤਨ ਵੇਲੇ ਭਾਰਤ ਵਰਸ਼ ਵਿਚ ਰੂਪਮਾਨ ਹੋਈ - ਉਹ ਸਨ ਬਾਬਾ ਨਿਹਾਲ ਸਿੰਘ ਜੀ, ਜਿਨ੍ਹਾਂ ਦਾ ਪ੍ਰਸਿੱਧ ਨਾਮ ਬਾਬਾ ਮਹਾਰਾਜ ਸਿੰਘ ਜੀ ਹੈ। ਉਹ ਵੀ ਪਟਿਆਲਾ ਰਿਆਸਤ ਦੇ ਇਕ ਪਿੰਡ ਰੱਬੋਂ ਦੇ ਰਹਿਣ ਵਾਲੇ ਸਨ। ਉਸ ਸਮੇਂ ਅਕਾਲ ਪੁਰਖ ਦੇ ਹੁਕਮ ਨਾਲ ਮਹਾਨ ਆਤਮਾਵਾਂ ਭੇਜੀਆਂ ਗਈਆਂ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਨੂੰ ਸਾਕਾਰ ਰੱਖਿਆ। ਉਸ ਸਮੇਂ ਵਿਚ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਕਰਮ ਖੇਤਰ ਵਿਚ ਆਏ ਜਿਨ੍ਹਾਂ ਨੇ ਆਪਣੀ ਜੀਵਨ ਯਾਤਰਾ ਦੇ ਆਰੰਭਕ ਸਮੇਂ ਵਿਚ ਫੌਜ ਵਿਚ ਨੌਕਰੀ ਕੀਤੀ। ਆਪ ਜੀ ਨੂੰ ਸੰਤ ਮਹਾਰਾਜ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਸੰਗਤ ਪ੍ਰਾਪਤ ਹੋਈ ਅਤੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਦੱਸੇ ਹੋਏ ਅਧਿਆਤਮ ਮਾਰਗ ਦੇ ਗੁਪਤ ਭੇਤਾਂ ਦੀ ਪ੍ਰਾਪਤੀ ਬਾਬਾ ਕਰਮ ਸਿੰਘ ਜੀ ਦੀ ਸੰਗਤ ਕਰਨ ਨਾਲ ਪ੍ਰਾਪਤ ਹੋਈ। ਪੈਨਸ਼ਨ ਲੈਣ ਪਿਛੋਂ ਆਪ ਨੇ ਪਿੰਡ ਰਾਮਪੁਰ ਵਿਚ ਪਹੁੰਚ ਕੇ ਗੁਰਦੁਆਰਾ ਰੇਰੂ ਸਾਹਿਬ ਬਣਾਇਆ ਅਤੇ ਉਸ ਥਾਂ ਦੇ ਉਤੇ ਇਕ ਕਾਮਲ ਉਸਤਾਦ ਵਾਂਗੂੰ ਕਰੜੀ ਘਾਲ ਕਮਾਈ ਕਰਕੇ ਬੇਅੰਤ ਜਗਿਆਸੂਆਂ ਨੂੰ ਆਤਮ ਮਾਰਗ ਦੀ ਸੋਝੀ ਦਿਤੀ ਜਿਨ੍ਹਾਂ ਵਿਚੋਂ ਸੰਤ ਮਹਾਰਾਜ 108 ਸੰਤ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲੇ ਵਿਸ਼ਵ ਪ੍ਰਸਿੱਧ ਮਹਾਪੁਰਸ਼ ਹੋਏ। ਉਨ੍ਹਾਂ ਦੇ ਜੀਵਨ ਵਿਚੋਂ ਕੁਝ ਘਟਨਾਵਾਂ ਵੰਨਗੀ ਮਾਤਰ ਦਰਜ ਕੀਤੀਆਂ ਜਾਂਦੀਆਂ ਹਨ। ਪਹਿਲੀ ਜੋ ਗਿਆਨੀ ਮੇਹਰ ਸਿੰਘ ਜੀ ਕੁਰਕਸ਼ੇਤਰ ਵਾਲਿਆਂ ਨੇ ਆਪਣੀ ਪੁਸਤਕ 'ਅਮਰ ਕਥਾ' ਵਿਚ ਦਰਜ ਕੀਤੀ ਹੈ, ਜੋ ਸੂਰਬੀਰ ਬਚਨ ਕੇ ਬਲੀ ਦੇ ਰੂਪ ਵਿਚ ਅੰਕਿਤ ਹੈ, ਉਹ ਆਪ ਜੀ ਦੀ ਗਿਆਤ ਲਈ ਛਾਪ ਰਹੇ ਹਾਂ।

ਕਾਂਡ 14

ਸੰਤ ਅਤਰ ਸਿੰਘ ਜੀ ਮਹਾਰਾਜ ਕਰਣੀ ਦੇ ਸੂਰੇ ਤੇ ਬਚਨਾਂ ਦੇ ਪੂਰੇ ਸ਼ਰਨ ਪਾਲਕ ਮਹਾਂਪੁਰਖ ਸਨ।

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ॥

ਪੰਨਾ - 544

ਸ਼ਰਨ ਆਇਆਂ ਨੂੰ ਗਲ ਲਾਉਣਾ ਤੇ ਉਨ੍ਹਾਂ ਦੀ ਲਾਜ ਰਖਣੀ ਇਹ ਕੇਵਲ ਪ੍ਰਭੂ ਤੇ ਉਸਦੇ ਸੇਵਕ ਹੀ ਕਰ ਸਕਦੇ ਹਨ। ਜ਼ਿਲੇ ਅੰਮ੍ਰਿਤਸਰ ਦਾ ਇਕ ਮਫ਼ਰੂਰ ਜੋ ਕਿਸੇ ਕਤਲ ਕੇਸ ਵਿਚ ਭਗੌੜਾ ਸੀ, ਸੰਤ ਜੀ ਮਹਾਰਾਜ ਪਾਸ ਆਇਆ। ਇਸ ਨੇ ਆ ਕੇ ਸੰਤ ਜੀ ਮਹਾਰਾਜ ਕੋਲ ਸੱਚੋ-ਸੱਚ ਗੱਲ ਦਸ ਦਿਤੀ। ਆਪ ਤੋਂ ਆਸਰਾ ਮੰਗਿਆ। ਮਹਾਂਪੁਰਖਾਂ ਨੇ ਹਸ ਕੇ ਕਿਹਾ, "ਭਾਈ! ਬਾਬਾ ਬੀਰ ਸਿੰਘ ਨੌਰੰਗਾਬਾਦ ਜੋ ਸਾਡੇ ਵੱਡਿਆਂ ਦੇ ਵੀ ਵੱਡੇ ਸਨ, ਨੇ ਸੰਧਾਂਵਾਲੀਏ ਸਰਦਾਰਾਂ ਨੂੰ ਸ਼ਰਨ ਦੇਣ ਪਿਛੇ ਆਪਣੇ ਆਪ ਨੂੰ ਤੋਪਾਂ ਦੇ ਗੋਲੇ ਨਾਲ ਉਡਵਾ ਲਿਆ ਸੀ। ਪਰ ਸ਼ਰਨ ਆਇਆਂ ਨੂੰ ਡੋਗਰਿਆਂ ਦੇ ਹਵਾਲੇ ਨਹੀਂ ਕੀਤਾ ਸੀ। ਸੋ ਤੂੰ ਜਦ ਏਥੇ ਆ ਹੀ ਗਿਆ ਏਂ ਤੇ ਸ਼ਰਨ ਪੈਣ ਦਾ ਨਾਮ ਲੈ ਕੇ ਆਸਰਾ ਮੰਗਿਆਂ ਏ ਤਦ ਅਸੀਂ ਤੈਨੂੰ ਆਪਣੀ ਜ਼ਬਾਨ ਨਾਲ ਕਦੀ ਏਥੋਂ ਜਾਣ ਲਈ ਨਹੀਂ ਕਹਾਂਗੇ। ਨਾਲ ਹੀ ਹੁਕਮ ਕੀਤਾ "ਮਨ ਦੀ ਮੈਲ ਤੇ ਕੀਤੇ ਪਾਪਾਂ ਦੇ ਪ੍ਰਾਸਚਿਤ ਲਈ ਕਰੜੀ ਕਮਾਈ ਕਰਨੀ ਪੈਂਦੀ ਹੈ।" ਇਸ ਨੇ ਹੱਥ ਬੰਨ੍ਹ ਕੇ ਕਿਹਾ, "ਬਾਬਾ ਜੀ ਮੇਰੇ ਜ਼ੁੰਮੇ ਜੋ ਸੇਵਾ ਲਾਵੋਗੇ ਮੈਂ ਕਰਨ ਨੂੰ ਤਿਆਰ ਹਾਂ।" ਫੇਰ ਸੰਤ ਜੀ ਮਹਾਰਾਜ ਨੇ ਹੁਕਮ ਕੀਤਾ, "ਭਾਈ! ਤੂੰ ਅਜ ਤੋਂ ਗਊਆਂ ਦੀ ਸੇਵਾ ਕਰੇਂਗਾ। ਮਨੁਖ ਅੰਦਰ ਪਸ਼ੂ ਬੁਧੀ ਦੀ ਪ੍ਰਧਾਨਤਾ ਤੇ ਬਿਬੇਕ ਬੁਧੀ ਦੀ ਕਮੀ ਕਰਕੇ ਪਾਪ ਹੁੰਦੇ ਹਨ। ਸੋ ਤੂੰ ਲੰਗਰ ਨੂੰ ਦੁਧ ਦਹੀਂ ਦੇਣ ਵਾਲੇ ਡੰਗਰਾਂ ਦੀ ਸੇਵਾ ਕਰਿਆ ਕਰ -

ਪਸੂ ਮਿਲਹਿ ਚੰਗਿਆਈਆ
ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ
ਧ੍ਰਿਗੁ ਜੀਵਣ ਕਰਮ ਕਰੇਹਿ॥

ਪੰਨਾ - 489

ਤੁਸੀਂ ਉਨ੍ਹਾਂ ਦੀ ਸੇਵਾ ਕਰੋ, ਤੁਹਾਨੂੰ ਪਸ਼ੂ ਬੁਧੀ ਤੋਂ ਛੁਟਕਾਰਾ ਮਿਲ ਜਾਵੇਗਾ। ਫਿਰ ਤੁਹਾਡੇ ਗਲ ਵਿਚ ਪੈਣ ਵਾਲਾ ਰੱਸਾ ਡੰਗਰਾਂ ਦੇ ਰੱਸਿਆਂ ਨਾਲ ਘਸ ਘਸ ਕੇ ਟੁੱਟ ਜਾਵੇਗਾ। ਸਾਰੀ ਉਪਾਧੀ ਮਿਟ ਸਕੇਗੀ। ਆਜ਼ਾਦੀ ਆਉਣ ਪਿਛੋਂ ਸਰਕਾਰ ਨੇ ਹਰ ਜੇਲ੍ਹ ਦੇ ਅਗੇ ਲਿਖ ਕੇ ਲਾਇਆ ਹੈ, 'ਗੁਨਾਹ ਤੋਂ ਨਫ਼ਰਤ ਕਰੋ ਪਰ ਗੁਨਾਹਗਾਰ ਤੋਂ ਨਹੀਂ।' ਪਰ ਧੰਨ ਹਨ ਸੰਤ ਅਤਰ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਅੱਜ ਤੋਂ 60 ਸਾਲ ਪਹਿਲਾਂ ਇਸ ਅਮਰ ਸਚਾਈ ਨੂੰ ਗ੍ਰਹਿਣ ਕਰ ਕੇ ਲੋਕਾਂ ਦੇ ਸਾਹਮਣੇ ਰਖਿਆ। ਭਾਈ ਗੁਰਮੁਖ ਸਿੰਘ ਉਸੇ ਸਮੇਂ ਮਾਲਖਾਨੇ ਦੀ ਸੇਵਾ ਵਿਚ ਜਾ ਲਗਾ। ਕੁਝ ਹੀ ਦਿਨਾਂ ਪਿਛੋਂ ਪੁਲੀਸ ਦੇ ਵਰੰਟ ਆ ਗਏ ਤੇ ਥਾਣੇਦਾਰ ਪੁਲੀਸ ਸਮੇਤ ਆਇਆ। ਜਦੋਂ ਹੁਲੀਆ ਮਿਲਾਇਆ ਗਿਆ ਤਦ ਸ਼ਕਲ ਤਾਂ ਮਿਲਦੀ ਜੁਲਦੀ ਸੀ। ਪਰ ਉਨ੍ਹਾਂ ਦੇ ਗਿਣੇ ਮਿਥੇ

ਚਿੰਨ੍ਹ ਗ਼ਾਇਬ ਹੋ ਗਏ ਸਨ। ਦੂਸਰੇ ਹੁਲੀਏ ਅੰਦਰ ਗੁਨਾਹਗਾਰ ਦਾ ਜੋ ਚਿਹਰਾ ਤੇ ਅੱਖਾਂ ਦਰਸਾਈਆਂ ਗਈਆਂ ਸਨ ਉਹ ਚਿੰਨ੍ਹ ਬਿਲਕੁਲ ਨਹੀਂ ਸਨ ਮਿਲਦੇ। ਇਸ ਕਰਕੇ ਪੁਲੀਸ ਅਫਸਰ ਸੰਤ ਜੀ ਮਹਾਰਾਜ ਪਾਸ ਗਿਆ ਤੇ ਆਪਣੀ ਤਸੱਲੀ ਲਈ ਇਸ ਨੇ ਬੇਨਤੀ ਕੀਤੀ ਕਿ ਮਹਾਰਾਜ ਸਾਡੇ ਪਾਸ ਅੰਮ੍ਰਿਤਸਰ ਤੋਂ ਇਕ ਕਾਤਲ, ਇਕ ਕਤਲ ਵਿਚ ਭਗੌੜੇ ਦੇ ਵਰੰਟ ਹਨ। ਤੁਹਾਡੇ ਇਸ ਸੇਵਕ ਦੇ ਚਿੰਨ੍ਹ ਤੇ ਹੁਲੀਆ ਉਸ ਨਾਲ ਕੁਝ ਮਿਲਦਾ ਜੁਲਦਾ ਹੈ, ਜੇਕਰ ਇਹ ਉਹ ਹੀ ਆਦਮੀ ਹੈ ਤਾਂ ਤੁਸੀਂ ਇਸ ਨੂੰ ਕਾਨੂੰਨ ਦੇ ਹਵਾਲੇ ਕਰ ਦਿਉ।

"ਸ੍ਰੀ ਮਾਨ ਜੀ! ਸਾਰੇ ਸੰਸਾਰ ਵਿਚ ਅਸੀਂ ਤੇ ਤੁਸੀਂ ਸਾਰੇ ਗੁਨਾਹਾਂ ਦੀਆਂ ਪੰਡਾਂ ਸਿਰਾਂ ਉਤੇ ਚੁਕੀ ਫਿਰਦੇ ਹਾਂ। ਕੌਣ ਜਾਣੇ ਕੌਣ ਵਡਾ ਗੁਨਾਹਗਾਰ ਹੈ। ਕਿਸ ਮਨੁੱਖ ਨੇ ਕੀ ਕੀਤਾ ਏ, ਇਹ ਅਸੀਂ ਕਦੀ ਵਿਚਾਰਿਆ ਨਹੀਂ। ਗੁਨਾਹ ਤੋਂ ਬਿਨਾਂ ਕੋਈ ਮਨੁੱਖ ਹੈ ਨਹੀਂ, ਇਸ ਲਈ ਸਾਡੇ ਜ਼ੁਮੇਂ ਸਤਿਗੁਰਾਂ ਨੇ ਤਾਂ ਇਹ ਸੇਵਾ ਲਗਾਈ ਹੈ ਕਿ ਦੁਨੀਆਂ ਵਿਚੋਂ ਗੁਨਾਹ ਤੇ ਪਾਪ ਦੂਰ ਕਰੀਏ। ਅਸੀਂ ਕੇਵਲ ਇਕ ਇਹ ਸੋਚਦੇ ਹਾਂ ਕਿ ਪਾਪਾਂ ਤੇ ਗਲਤੀਆਂ ਨੂੰ ਰੋਕ ਕਿਵੇਂ ਪਾਈ ਜਾਵੇ। ਦੁਖਾਂ ਦਾ ਮਾਰਿਆ ਇਹ ਸੰਸਾਰ ਸ਼ਾਂਤੀ ਪ੍ਰਾਪਤ ਕਰਨ ਹਿਤ ਸਾਧੂ ਦੀ ਸ਼ਰਨ ਆਉਂਦਾ ਹੈ। ਫਿਰ ਸਾਧੂ ਦੀ ਦ੍ਰਿਸ਼ਟੀ ਵਿਚ ਦ੍ਵੈਤ ਕਿਥੋਂ ਆਵੇ? ਉਹ ਕਿਸ ਨੂੰ ਗੁਨਾਹਗਾਰ ਤੇ ਕਿਸ ਨੂੰ ਬੇਗੁਨਾਹ ਸਮਝੇ।" ਸੰਤ ਜੀ ਮਹਾਰਾਜ ਨੇ ਪੁਲਿਸ ਅਫ਼ਸਰ ਨੂੰ ਆਖਿਆ।

"ਬਾਬਾ ਜੀ ਤੁਹਾਡੇ ਜੈਸੇ ਮਹਾਂਪੁਰਖਾਂ ਰਾਹੀਂ ਸੜਦੇ ਸੰਸਾਰ ਨੂੰ ਕਲਿਆਣ ਤੇ ਸ਼ਾਂਤੀ ਮਿਲਦੀ ਹੈ। ਇਨਸਾਫ਼ ਮਨੁਖ ਨੂੰ ਗੁਨਾਹਗਾਰ ਸਾਬਤ ਹੋਣ ਉਤੇ ਫਾਂਸੀ ਦੇਂਦਾ ਹੈ। ਅਸੀਂ ਫੇਰ ਕਾਨੂੰਨ ਦੇ ਨਾਮ ਉਤੇ ਤੁਹਾਥੋਂ ਇਹ ਪੁਛਦੇ ਹਾਂ ਕਿ ਤੁਹਾਡਾ ਇਹ ਆਦਮੀ ਕਾਤਿਲ ਤਾਂ ਨਹੀਂ? ਅਸੀਂ ਇਸ ਨੂੰ ਤੁਹਾਡੀ ਜ਼ਮਾਨਤ ਤੇ ਛਡ ਦਿਆਂਗੇ।" ਪੁਲੀਸ ਵਾਲੇ ਅਫ਼ਸਰ ਨੇ ਬੇਨਤੀ ਕੀਤੀ।

"ਕਾਨੂੰਨ ਅੰਨ੍ਹਾ ਹੈ। ਉਹ ਕਈ ਵਾਰੀ ਗੁਨਾਹਗਾਰਾਂ ਨੂੰ ਬਖਸ਼ਦਾ ਹੈ ਤੇ ਬੇਗੁਨਾਹਾਂ ਨੂੰ ਗੁਆਹੀਆਂ ਦੇ ਅਧਾਰ ਤੇ ਸਜ਼ਾ ਦੇ ਦਿੰਦਾ ਹੈ। ਅਸੀਂ ਇਸ ਦੀ ਕੋਈ ਜ਼ਮਾਨਤ ਨਹੀਂ ਦਿੰਦੇ ਤੇ ਨਾ ਹੀ ਇਸ ਨੂੰ ਜ਼ਬਰਦਸਤੀ ਤੁਹਾਡੇ ਹਵਾਲੇ ਕਰਦੇ ਹਾਂ। ਸਗੋਂ ਤੁਹਾਨੂੰ ਸਾਫ ਤੌਰ ਤੇ ਕਹਿੰਦੇ ਹਾਂ ਕਿ ਤੁਸੀਂ ਆਪਣੀਆਂ ਅੱਖਾਂ ਨਾਲ ਤੱਕ ਕੇ ਤੇ ਦਿਮਾਗ ਨਾਲ ਸੋਚ ਕੇ ਇਹ ਫੈਸਲਾ ਕਰੋ ਕਿ ਇਹ ਸੱਜਣ ਉਹ ਹੀ ਹੈ? ਇਸ ਦੇ ਅੰਦਰ ਕਿਸੇ ਖੂਨੀ ਦੀ ਮਲੀਨ ਆਤਮਾ ਹੈ? ਫਿਰ ਇਹ ਤੁਹਾਡੇ ਉਤੇ ਹੀ ਫੈਸਲਾ ਰਿਹਾ ਕਿ ਇਹ ਸੇਵਕ ਕਾਤਿਲ ਹੈ ਜਾਂ ਗੁਰੂ ਦਾ ਇਕ ਟਹਿਲੂਆ, ਜੋ ਰਾਤ ਦਿਨ ਇਕ ਕਰਕੇ ਡੰਗਰਾਂ ਦੀ ਸੇਵਾ ਵਿਚ ਹਰ ਸਮੇਂ ਤਤਪਰ ਰਹਿੰਦਾ ਹੈ ਬੰਦਾ ਤੁਹਾਡੇ ਸਾਹਮਣੇ ਖਲੋਤਾ ਹੈ ਇਸ ਦਾ ਸਰੀਰ ਤੁਹਾਡੇ ਸਾਹਮਣੇ ਹੈ ਤੇ ਆਤਮਾ ਸਾਡੇ ਸਾਹਮਣੇ। ਅਸੀਂ ਇਸ ਦੇ ਸਰੀਰ ਦੀ ਕੋਈ ਹਾਮੀ ਨਹੀਂ ਭਰਦੇ, ਜੇ ਇਹ ਗੁਨਾਹਗਾਰ ਹੈ ਤਾਂ ਬੇਸ਼ਕ ਫੜ ਲਵੋ।"

ਇਹ ਗੱਲ ਸੁਣਕੇ ਪੁਲੀਸ ਅਫਸਰ ਨੇ ਕੋਲ ਖੜ੍ਹੇ ਗੁਰਮੁਖ ਸਿੰਘ ਵਲ ਤਿੰਨ ਵਾਰੀ ਸਿਰ ਤੋਂ ਪੈਰਾਂ ਤਕ ਤਕਿਆ ਜੋ ਅਡੋਲ ਤੇ ਮਗਨ ਖਲੋਤਾ ਸੀ। ਪੁਲੀਸ ਅਫਸਰ ਨੂੰ ਇਸ ਤਰ੍ਹਾਂ ਪ੍ਰਤੀਤ ਦਿਤਾ ਜਿਵੇਂ ਉਸ ਨੇ ਸਰੋਵਰ ਦੇ ਅੰਮ੍ਰਿਤ ਨੂੰ ਨਾਲੀ ਦਾ ਗੰਦਾ ਪਾਣੀ ਮੰਨ ਲਿਆ ਹੋਵੇ। ਉਸ ਦੇ ਅੰਦਰ ਆਤਮਾ ਨੇ ਕਿਹਾ ਕਿ ਤੂੰ ਕਿਸੇ ਬੇਗੁਨਾਹ ਨੂੰ ਫਸਾ ਕੇ ਕੀ ਕਮਾਈ ਕਰੇਂਗਾ? ਹੋ ਸਕਦਾ ਏ ਇਸ ਦਾ ਸੰਤਾਪ ਮੈਨੂੰ ਕੋਈ ਨੁਕਸਾਨ ਹੀ ਪੁਚਾ ਦੇਵੇ। ਸੋ ਇਸ ਕਰਕੇ ਇਸ ਨੇ ਨਾਲ ਦਿਆਂ ਸਾਥੀਆਂ ਨੂੰ ਉਠਾਇਆ ਤੇ ਡੇਰੇ ਤੋਂ ਬਾਹਰ ਚਲਾ ਗਿਆ। ਇਸ ਤੋਂ ਬਾਅਦ ਥਾਣੇ ਦੇ ਬਾਹਰਲੇ ਪੁਲੀਸ ਵਾਲੇ ਕਈ ਵਾਰੀ ਡੇਰੇ ਆਏ। ਉਸ ਦੀ ਪਰਖ ਕੀਤੀ। ਪਰ ਹਰ ਸਮੇਂ ਮਹਾਂਪੁਰਖਾਂ ਦੀ ਕ੍ਰਿਪਾ ਦ੍ਰਿਸ਼ਟੀ ਇਸ ਨੂੰ ਬਚਾ ਕੇ ਲੈ ਜਾਂਦੀ ਰਹੀ। ਇਹ ਬਾਬਾ ਬਹੁਤ ਦੇਰ ਬਾਅਦ ਵੀ ਸੰਤ ਜੀ ਮਹਾਰਾਜ ਦੀ ਸੇਵਾ ਤੇ ਉਸੇ ਤਰ੍ਹਾਂ ਕਾਇਮ ਰਿਹਾ। ਇਸ ਗੱਲ ਦਾ ਪ੍ਰਭਾਵ ਨਗਰ ਨਿਵਾਸੀ ਤੇ ਸੰਤ ਜੀ ਮਹਾਰਾਜ ਦੇ ਸੇਵਕਾਂ ਤੇ ਇਹ ਪਿਆ ਕਿ ਪਰਮ ਪੁਰਖ ਦੀ ਸੇਵਾ ਸੰਸਾਰਕ ਸੁਖ, ਸ਼ਾਂਤੀ ਤੇ ਪਾਪਾਂ ਰਹਿਤ ਹੀ ਨਹੀਂ ਕਰਦੀ ਸਗੋਂ ਮਹਾਂਪੁਰਖ ਹਰ ਸਮੇਂ ਨਿਕਟੀ ਹੋ ਕੇ ਵਰਤਦੇ ਹਨ -

ਸੇਵਕ ਕਉ ਨਿਕਟੀ ਹੋਇ ਦਿਖਾਵੈ।।
ਜੋ ਜੋ ਕਹੈ ਠਾਕੁਰ ਪਹਿ ਸੇਵਕੁ
ਤਤਕਾਲ ਹੋਇ ਆਵੈ॥
ਤਿਸੁ ਸੇਵਕ ਕੈ ਹਉ ਬਲਿਹਾਰੀ
ਜੋ ਅਪਨੇ ਪ੍ਰਭ ਭਾਵੈ॥
ਤਿਸ ਕੀ ਸੋਇ ਸੁਣੀ ਮਨੁ ਹਰਿਆ
ਤਿਸੁ ਨਾਨਕ ਪਰਸਣਿ ਆਵੈ॥

ਪੰਨਾ - 403

ਗਿਆਨ ਵਿਚ ਜੀਵਨ ਬਤੀਤ ਕੀਤਿਆਂ ਮਨ ਨਿਰਮਲ ਤੇ ਸਵੱਛ ਹੋ ਜਾਂਦਾ ਹੈ। ਨਾਲ ਹੀ ਆਧ, ਬਿਆਧ, ਉਪਾਧ, ਸਾਰੇ ਪਾਪ ਵੀ ਮਿਟ ਜਾਂਦੇ ਹਨ। ਸੰਤ ਜੀ ਮਹਾਰਾਜ ਉਨ੍ਹਾਂ ਸੇਵਕਾਂ ਪਰ ਬਹੁਤ ਮਿਹਰਬਾਨ ਹੁੰਦੇ ਸਨ ਜੋ ਹਰ ਸਮੇਂ ਲੰਗਰ ਦੀ ਸੇਵਾ, ਲੰਗਰ ਹਿਤ ਬਾਲਣ ਜਾਂ ਫਿਰ ਗੁਰੂ ਕੇ ਲੰਗਰ ਹਿਤ ਅਨਾਜ ਪੈਦਾ ਕਰਨ ਲਈ ਖੇਤਾਂ ਵਿਚ ਆਪਣੇ ਲਹੂ ਨੂੰ ਪਸੀਨਾ ਬਣਾ ਕੇ ਵਹਾਂਦੇ ਸਨ। ਮਿਟੀ ਨਾਲ ਲਿਬੜੇ, ਥਕੇ ਟੁੱਟੇ ਸਰੀਰਾਂ ਨੂੰ ਤਕ ਕੇ ਕਈ ਵਾਰੀ ਮਿਹਰਾਂ ਦੇ ਘਰ ਵਿਚ ਆ ਜਾਂਦੇ ਸਨ ਤੇ ਫੁਰਮਾਉਂਦੇ ਸਨ, "ਭਾਈ! ਵਿਹਲਾ ਰਹਿ ਕੇ ਮਨੁਖ ਕਈ ਘੰਟੇ ਸਮਾਧੀ ਲਗਾ ਕੇ ਤੇ ਸਿਮਰਨ ਕਰਕੇ ਜੋ ਅਨੰਦ ਪ੍ਰਾਪਤ ਕਰਦਾ ਹੈ ਉਹ ਨਿਸ਼ਕਾਮ ਮਿਹਨਤੀ ਤੇ ਉਦਮੀ ਸੱਜਣ ਸੇਵਾ ਅੰਦਰ ਥੱਕ ਟੁਟ ਕੇ ਫੇਰ ਸਮਾਧੀ ਅੰਦਰ ਮਿੰਟਾਂ ਵਿਚ ਪ੍ਰਾਪਤ ਕਰ ਲੈਂਦਾ ਹੈ। ਸੇਵਕ ਦੀ ਆਤਮਾ ਸਵੱਛ ਤੇ ਨਿਰਮਲ ਹੋ ਜਾਂਦੀ ਹੈ। ਉਸ ਪਰ

ਮਹਾਂਪੁਰਖਾਂ ਦਾ ਉਪਦੇਸ਼ ਤੇ ਸਤਿ ਸ਼ਬਦ ਦਾ ਉਸ ਅੰਦਰ ਨਿਵਾਸ ਸਹਿਜੇ ਹੀ ਹੋ ਆਉਂਦਾ ਹੈ। ਸੋ ਸੇਵਾ ਰਾਹੀਂ ਉਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਹਾਸਲ ਕਰਨੀ ਆਸਾਨ ਸੀ। ਪਰ ਕੇਵਲ ਮਾਤਰ ਨਾਮ ਜੋ ਸੇਵਾ ਤੋਂ ਬਗੈਰ ਹੋਵੇ ਪ੍ਰਾਪਤੀ ਦੇ ਸਾਧਨ ਉਹਨਾਂ ਦੀ ਦ੍ਰਿਸ਼ਟੀ ਵਿਚ ਕਠਿਨ ਸਨ।

ਵਿਚਿ ਦੁਨੀਆ ਸੇਵ ਕਮਾਈਐ
ਤਾ ਦਰਗਹ ਬੈਸਣੁ ਪਾਈਐ॥

ਪੰਨਾ - 26
(ਧੰਨਵਾਦ ਸਹਿਤ 'ਅਮਰ ਕਥਾ' ਵਿਚੋਂ)

ਪ੍ਰਕ੍ਰਿਤੀ ਦਾ ਆਪਣਾ ਅਟੱਲ ਸੁਭਾਅ ਹੈ ਕਿ ਵਾਹਿਗੁਰੂ ਜੀ ਦੇ ਅਟੱਲ ਨਿਯਮਾਂ ਵਿਚ ਬੰਨ੍ਹੀ ਹੋਈ ਕਿਸੇ ਦਾ ਵੀ ਲਿਹਾਜ਼ ਨਹੀਂ ਕਰਦੀ। ਅੱਗ ਜਾਲ ਦਿੰਦੀ ਹੈ, ਪਾਣੀ ਡੁਬੋ ਦਿੰਦਾ ਹੈ ਅਤੇ ਉਚਾਈ ਤੋਂ ਸੁਟਿਆ ਬੰਦਾ ਮਰ ਜਾਂਦਾ ਹੈ। ਇਹ ਨਿਯਮ ਸੰਸਾਰ ਦੀ ਕ੍ਰਿਆ ਚਲਾਉਣ ਲਈ ਅਟੱਲ ਹਨ ਪਰ ਵਾਹਿਗੁਰੂ ਜੀ ਉਪਰ ਇਨ੍ਹਾਂ ਦੀ ਅਟੱਲਤਾ ਦਾ ਕੋਈ ਵੀ ਅਸਰ ਨਹੀਂ ਹੁੰਦਾ। ਉਹ ਆਪਣੇ ਪਿਆਰ ਵਾਲਿਆਂ ਦੀ ਇਛਿਆ ਨੂੰ ਅਨੁਭਵ ਕਰਕੇ ਪ੍ਰਕ੍ਰਿਤੀ ਦਾ ਸੁਭਾਅ ਹੀ ਬਦਲ ਦਿੰਦੇ ਹਨ ਅਤੇ ਮਾਇਆ ਦੇ ਅਟੱਲ ਨਿਯਮਾਂ ਨੂੰ ਬਦਲ ਦਿੰਦੇ ਹਨ। ਆਪਣੇ ਪਿਆਰੇ ਨੂੰ ਅੱਗ ਵਿਚ ਜਲਣ ਨਹੀਂ ਦਿੰਦੇ, ਪਾਣੀ ਵਿਚ ਡੁੱਬਣ ਨਹੀਂ ਦਿੰਦੇ, ਜਿਵੇਂ ਕਿ ਪ੍ਰਹਿਲਾਦ ਨੂੰ -

ਜਲ ਅਗਨੀ ਵਿਚ ਘੱਤਿਆ
ਜਲੈ ਨ ਡੁੱਬੈ ਗੁਰ ਪਰਸਾਦ।
(ਭਾਈ ਗੁਰਦਾਸ ਜੀ, ਵਾਰ 10/2)

ਸੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਫੁਰਮਾਨ ਹੈ -

ਦੁਸਟ ਸਭਾ ਮਿਲਿ ਮੰਤਰ ਉਪਾਇਆ
ਕਰਸਹ ਅਉਧ ਘਨੇਰੀ॥
ਗਿਰਿ ਤਰ ਜਲ ਜੁਆਲਾ ਭੈ ਰਾਖਿਓ
ਰਾਜਾ ਰਾਮਿ ਮਾਇਆ ਫੇਰੀ॥ ਪੰਨਾ - 1165

ਵਾਹਿਗੁਰੂ ਜੀ ਨੇ ਮਾਇਆ ਦਾ ਸੁਭਾਅ ਬਦਲ ਦਿਤਾ। ਕਦੇ ਕਿਸੇ ਅੱਗ ਨਾਲ ਤਪਦੇ ਥੰਮ੍ਹ ਵਿਚੋਂ ਕੋਈ ਵਿਅਕਤੀ ਪ੍ਰਗਟ ਨਹੀਂ ਹੋ ਸਕਦਾ ਪਰ ਪ੍ਰਹਿਲਾਦ ਦੀ ਰੱਖਿਆ ਕਰਨ ਲਈ ਪ੍ਰਭੂ ਇਕ ਥੰਮ੍ਹ ਵਿਚੋਂ ਪ੍ਰਗਟ ਹੋ ਗਿਆ।

ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ॥
ਹਰਨਾਖਸੁ ਛੇਦਿਓ ਨਖ ਬਿਦਾਰ॥
ਪੰਨਾ - 1194

ਇਸੇ ਤਰ੍ਹਾਂ ਨਾਲ ਬਾਬਾ ਬੀਰ ਸਿੰਘ ਜੀ ਦੇ ਜੀਵਨ ਵਿਚ ਇਕ ਘਟਨਾ ਦਾ ਜ਼ਿਕਰ ਕਈ ਲਿਖਾਰੀਆਂ ਨੇ ਕੀਤਾ ਹੈ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਜੀ ਜਮਰੌਦ ਦੇ ਕਿਲੇ ਵਿਚ ਸਰਦਾਰ ਹਰੀ ਸਿੰਘ ਦੀ ਹੋਈ ਸ਼ਹੀਦੀ ਬਾਰੇ ਸੁਣ ਕੇ ਫੌਜ ਇਕੱਠੀ ਕਰਕੇ ਕਾਬਲ ਦੇ ਮੁਲਖਈਏ ਦੀ ਰੋਕ ਕਰਨ ਲਈ ਜਾ ਰਹੇ ਹਨ ਤਾਂ ਜਦੋਂ ਆਪ ਸਿੰਧ ਦਰਿਆ ਦੇ ਕਿਨਾਰੇ ਪਹੁੰਚੇ ਤਾਂ ਦਰਿਆ ਚੜ੍ਹਿਆ ਹੋਇਆ ਸੀ, ਉਨ੍ਹਾਂ ਨੇ ਬਾਬਾ ਬੀਰ ਸਿੰਘ ਜੀ ਪਾਸ ਬੇਨਤੀ ਕੀਤੀ ਕਿ ਮਹਾਂਪੁਰਸ਼ੋ! ਜੇ ਹੁਣ ਆਪਣੀਆਂ ਫੌਜਾਂ ਪਾਰ ਨਾ ਗਈਆਂ ਅਤੇ ਜਮਰੌਦ ਦਾ ਕਿਲਾ ਟੁੱਟ ਗਿਆ, ਬਾਗੀਆਂ ਦੇ ਕਬਜ਼ੇ ਵਿਚ ਆ ਗਿਆ ਤਾਂ ਉਸ ਹੜ੍ਹ ਨੂੰ ਆਪਣੇ ਵਿਚੋਂ ਕੋਈ ਨਹੀਂ ਰੋਕ ਸਕੇਗਾ ਅਤੇ ਮੁੜ ਕੇ ਅਸਾਡੀਆਂ ਧੀਆਂ, ਭੈਣਾਂ ਟਕੇ-ਟਕੇ ਨੂੰ ਇਨ੍ਹਾਂ ਦੇਸ਼ਾਂ ਦੀਆਂ ਮੰਡੀਆਂ ਵਿਚ ਵਿਕਣੀਆਂ ਸ਼ੁਰੂ ਹੋ ਜਾਣਗੀਆਂ। ਇਸ ਵੇਲੇ ਸਭ ਤੋਂ ਵੱਡੀ ਰੁਕਾਵਟ ਅਟਕ ਦੇ ਦਰਿਆ ਵਿਚ ਚਲਦਾ ਪਾਣੀ ਹੈ। ਕ੍ਰਿਪਾ ਕਰੋ, ਤੁਸੀਂ ਸਮਰੱਥ ਪੁਰਸ਼ ਹੋ, ਅਟਕ ਤੋਂ ਰਸਤਾ ਦਿਵਾ ਦੇਵੋ। ਬਾਬਾ ਜੀ ਨੇ ਇਕ ਮਨ, ਇਕ ਚਿੱਤ ਹੋ ਕੇ ਅਰਦਾਸ ਕੀਤੀ ਕਿ ਹੇ ਪ੍ਰਭੂ! ਇਹ ਫੌਜਾਂ ਐਸੇ ਪਵਿੱਤਰ ਕਾਰਜ ਵਾਸਤੇ ਜੂਝਣ ਲਈ ਜਾ ਰਹੀਆਂ ਹਨ ਜਿਸ ਦੇ ਫਲਸਰੂਪ ਲੱਖਾਂ ਬੀਬੀਆਂ, ਬੱਚਿਆਂ ਦੀ ਇਜ਼ਤ ਰੁਲਣੋਂ ਰੁਕ ਜਾਵੇਗੀ। ਕ੍ਰਿਪਾ ਕਰੋ, ਇਹ ਦਰਿਆ ਰਸਤਾ ਦੇ ਦੇਵੇ। ਕੰਢਿਆਂ ਦੇ ਉਪਰ ਦੀ ਵਹਿੰਦਾ ਦਰਿਆ ਹੇਠਾਂ ਉਤਰਨ ਲੱਗ ਗਿਆ। ਬਾਬਾ ਜੀ ਦਰਿਆ ਦੇ ਵਿਚਾਲੇ ਜਾ ਕੇ ਬਹੁਤ ਆਹਿਸਤਾ-ਆਹਿਸਤਾ ਸਹਿਜ ਨਾਲ ਸੁਖਮਨੀ ਸਾਹਿਬ ਦਾ ਪਾਠ ਕਰਨ ਲੱਗੇ। ਸਾਰੀਆਂ ਫੌਜਾਂ ਲੰਘ ਗਈਆਂ। ਸਿਰਫ ਇਕ ਕੰਪਨੀ ਰਹਿ ਗਈ ਜੋ ਇਹ ਕਹਿ ਰਹੀ ਸੀ ਕਿ ਬਾਬਾ ਜੀ ਦੀ ਅਰਦਾਸ ਨਾਲ ਦਰਿਆ ਕਦੇ ਵੀ ਨਹੀਂ ਉਤਰ ਸਕਦਾ। ਇਸ਼ਾਰਾ ਕੀਤਾ ਗਿਆ, ਜਦੋਂ ਉਹ ਕੰਪਨੀ ਦਰਿਆ ਵਿਚ ਦਾਖਲ ਹੋਈ, ਬਾਬਾ ਜੀ ਨੇ ਆਪਣਾ ਹਾਥੀ ਪਰਲੇ ਕੰਢੇ ਵਲ ਨੂੰ ਤੋਰ ਲਿਆ। ਪਰਲੇ ਕੰਢੇ ਤੇ ਜਾ ਕੇ ਸੁਖਮਨੀ ਸਾਹਿਬ ਜੀ ਦਾ ਪਾਠ ਸੰਪੂਰਨ ਹੋ ਗਿਆ ਤੇ ਇਹ ਕੰਪਨੀ ਦਰਿਆ ਦੇ ਵਿਚਾਲੇ ਪਹੁੰਚ ਚੁੱਕੀ ਸੀ। ਬਾਬਾ ਜੀ ਦੇ ਨਿਕਲਣ ਦੀ ਦੇਰ ਸੀ ਕਿ ਬਹੁਤ ਉਚੀ ਕਾਂਗ ਆਈ ਤੇ ਇਸ ਪੂਰੀ ਕੰਪਨੀ ਨੂੰ ਰੋੜ੍ਹ ਕੇ ਲੈ ਗਈ। ਇਸ ਤਰ੍ਹਾਂ ਅਨੇਕਾਂ ਹੋਰ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਦੀ ਰਖਸ਼ਾ ਕਰਨ ਲਈ ਵਾਹਿਗੁਰੂ ਜੀ ਨੇ ਪ੍ਰਕ੍ਰਿਤੀ ਦਾ ਸੁਭਾਅ ਬਦਲਿਆ। ਕਬੀਰ ਜੀ ਨੂੰ ਗੰਗਾ ਵਿਚ ਡੁਬੋ ਦਿਤਾ, ਪਰ ਡੁੱਬੋਏ ਹੋਏ ਡੁੱਬ ਨਾ ਸਕੇ, ਅਗਨੀ ਉਨ੍ਹਾਂ ਨੂੰ ਸਾੜ ਨਾ ਸਕੀ ਜਿਵੇਂ ਕਿ ਫੁਰਮਾਨ ਹੈ -

ਗੰਗ ਗੁਸਾਇਨਿ ਗਹਿਰ ਗੰਭੀਰ॥
ਜੰਜੀਰ ਬਾਂਧਿ ਕਰਿ ਖਰੇ ਕਬੀਰ॥
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥
ਚਰਨ ਕਮਲ ਚਿਤੁ ਰਹਿਓ ਸਮਾਇ॥
ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥
ਮ੍ਰਿਗਛਾਲਾ ਪਰ ਬੈਠੇ ਕਬੀਰ॥
ਕਹਿ ਕੰਬੀਰ ਕੋਊ ਸੰਗ ਨ ਸਾਥ॥
ਜਲ ਥਲ ਰਾਖਨ ਹੈ ਰਘੁਨਾਥ॥
ਪੰਨਾ - 1162

ਇਸ ਤਰ੍ਹਾਂ ਨਾਲ ਅਨੇਕ ਮਹਾਂਪੁਰਸ਼ਾਂ ਦੇ ਜੀਵਨ ਵਿਚ ਐਸੀਆਂ ਘਟਨਾਵਾਂ ਵਰਤੀਆਂ ਹਨ, ਜਿਥੇ ਪ੍ਰਕ੍ਰਿਤੀ ਨੂੰ ਆਪਣਾ ਸੁਭਾਅ ਬਦਲਣਾ ਪਿਆ। ਸੰਤ ਮਹਾਰਾਜ ਸੰਤ

ਅਤਰ ਸਿੰਘ ਜੀ ਦੇ ਜੀਵਨ ਵਿਚ ਇਕ ਘਟਨਾ ਬਿਲਕੁਲ ਇਸਦੇ ਨਾਲ ਰਲਦੀ ਮਿਲਦੀ 'ਗਿਆਨੀ ਮੇਹਰ ਸਿੰਘ ਜੀ' ਨੇ ਕਾਂਡ 18 ਵਿਚ ਲਿਖੀ ਹੈ ਜੋ ਆਪ ਜੀ ਦੇ ਗਿਆਤ ਲਈ ਛਾਪ ਰਹੇ ਹਾਂ ਅਤੇ ਧੰਨਵਾਦ ਸਹਿਤ ਛਾਪਣ ਦੀ ਖੁਲ੍ਹ ਲੈ ਰਹੇ ਹਾਂ।

ਕਾਂਡ 18

ਬੇਆਵਾਜ਼ ਖੂਹ ਦਾ ਹਲਟ

ਗੋਖੇ ਦੀ ਛਪੜੀ ਪਰ ਤਪ ਅਸਥਾਨ ਦਾ ਜ਼ਿਕਰ ਅਸੀਂ ਪਹਿਲਾਂ ਹੀ ਕਰ ਆਏ ਹਾਂ। ਇਸ ਅਸਥਾਨ ਦੀ ਇਹੀ ਮਹਾਨਤਾ ਸੀ ਕਿ ਬਾਬਾ ਅਤਰ ਸਿੰਘ ਜੀ ਮਹਾਰਾਜ ਦੀਰਘ ਸਮੇਂ ਤਕ ਇਸੇ ਹੀ ਟੋਏ ਵਿਚ ਸਵੈਸਰੂਪ ਅੰਦਰ ਸਮਾਧੀ ਲਾ ਕੇ ਅਨੰਦ ਮਾਣਦੇ ਸਨ। ਇਕ ਦਿਨ ਅਜੀਬ ਕੌਤਕ ਹੋ ਗਿਆ। ਬਾਬਾ ਜੀ ਸਮਾਧੀ ਲਗਾ ਕੇ ਚਰਨ ਕੰਵਲਾਂ ਦੀ ਮੌਜ ਅੰਦਰ ਹੀ ਝੂਮ ਰਹੇ ਸਨ। ਇਸੇ ਹੀ ਛਪੜੀ ਦੇ ਪਰਲੇ ਕਿਨਾਰੇ ਬਾਬਾ ਜੀ ਦੇ ਇਕ ਤਪ ਅਸਥਾਨ ਤੋਂ ਕੇਵਲ ਵੀਹ ਗਜ਼ ਪਰ ਇਕ ਹਲਟ ਸੀ। ਇਸ ਪਰ ਉਨ੍ਹਾਂ ਨੇ ਲੋਹੇ ਦਾ ਹਲਟ ਰਖਿਆ ਹੋਇਆ ਸੀ। ਸਵੇਰੇ ਤਿੰਨ ਵਜੇ ਬਾਬਾ ਜੀ ਦੇ ਲਿਵਲੀਨ ਹੋਣ ਸਮੇਂ ਹੀ ਮਾਲਕ ਖੂਹ, ਭਾਈ ਚੈਂਚਲ ਸਿੰਘ ਜੀ ਨੇ ਖੂਹ ਜੋੜਿਆ, ਖੂਹ ਦਾ ਕੁੱਤਾ ਟਕ-ਟਕ ਦੀ ਆਵਾਜ਼ ਜ਼ੋਰ ਨਾਲ ਕਰਦਾ ਸੀ। ਰਾਤ ਸਮੇਂ ਲੋਹੇ ਦੇ ਖੂਹ ਤੋਂ ਕੁਤੇ ਦੀ ਆਵਾਜ਼ ਦੂਰ ਤਕ ਚਲੀ ਜਾਂਦੀ ਹੈ ਫਿਰ ਬਾਬਾ ਜੀ ਤਾਂ ਛਪੜੀ ਦੇ ਪਰਲੇ ਕਿਨਾਰੇ ਪਰ ਸਮਾਧੀ ਵਿਚ ਜੁੜੇ ਸਨ। ਭਾਈ ਚੈਂਚਲ ਸਿੰਘ ਦੀ ਨਿਗਾਹ ਝਟ ਪਟ ਹੀ ਮਹਾਰਾਜ ਜੀ ਵਲ ਨੂੰ ਗਈ ਤੇ ਉਸ ਨੂੰ ਅਹਿਸਾਸ ਹੋਇਆ ਕਿ ਉਹ ਕੋਈ ਵਡਾ ਗੁਨਾਹ ਕਰ ਬੈਠਾ ਹੈ। ਸੋ ਉਸ ਨੇ ਅਗੇ ਵਧ ਕੇ ਕੁੱਤਾ ਪਿਛੇ ਹਟਾ ਦਿਤਾ ਤੇ ਬਗੈਰ ਇਸ ਤੋਂ ਹੀ ਖੂਹ ਚਲਾਉਂਦਾ ਰਿਹਾ। ਜਦੋਂ ਹੀ ਬੈਲ ਕਿਧਰੇ ਅਰਾਮ ਲਈ ਖਲੋ ਜਾਣ, ਜਾਂ ਫਿਰ ਇਸ ਨੇ ਖੁਦ ਹੀ ਉਨ੍ਹਾਂ ਦੀ ਧੂਫ ਕਢਾਉਣੀ ਹੋਵੇ ਉਹ ਗਾਧੀ ਅਗੇ ਪਟ ਡਾਹ ਕੇ ਰੋਕ ਲੈਣ ਤੇ ਫਿਰ ਬਲਦਾਂ ਨੂੰ ਅੱਗੇ ਹਿਕ ਦੇਵੇ। ਇਸ ਤਰ੍ਹਾਂ ਦੋ ਚਾਰ ਵਾਰੀ ਕੀਤਾ ਪਰ ਇਸ ਨਾਲ ਇਸ ਦੇ ਪੱਟਾਂ ਚੋਂ ਪੀੜ ਨਿਕਲਣ ਲਗ ਪਈ ਤੇ ਉਹ ਮਹਿਸੂਸ ਕਰਨ ਲਗਾ ਕਿ ਉਹ ਫਿਰ ਹੋਰ ਇਹ ਕਾਰਵਾਈ ਨਹੀਂ ਕਰ ਸਕੇਗਾ। ਹੁਣ ਉਸ ਤੋਂ ਚਲਿਆ ਵੀ ਮੁਸ਼ਕਲ ਨਾਲ ਹੀ ਜਾਂਦਾ ਸੀ। ਉਹ ਸੋਚਦਾ ਸੀ ਕਿ ਹੁਣ ਤਾਂ ਖੂਹ ਦੇ ਮਗਰ ਲਗ ਕੇ ਹੱਕਣਾਂ ਵੀ ਮੁਸ਼ਕਲ ਹੈ ਫਿਰ ਬਲਦਾਂ ਨੂੰ ਸਾਹ ਕਿਸ ਤਰ੍ਹਾਂ ਦਵਾਏਗਾ। ਉਹ ਇਸੇ ਹੀ ਉਧੇੜਬੁਣ ਵਿਚ ਨੀਵੀਂ ਪਾਈ ਖੜ੍ਹਾ ਸੀ। ਕਦੇ ਸੋਚਦਾ ਕਿ ਚਲੋ ਹਲਟ ਹੀ ਛਡ ਦੇਵੀਏ ਫਿਰ ਤੱਕੀ ਜਾਵੇਗੀ। ਪਰ ਹਲਟ ਦੀ ਵਾਰੀ ਦਾ ਮਸਲਾ ਤੇ ਫਿਰ ਖੇਤੀ ਦੇ ਸੜ ਜਾਣ ਦਾ ਖਤਰਾ ਵੀ ਸੀ। ਇਕ ਪਾਸੇ ਮਹਾਂਪੁਰਖਾਂ ਦੀ ਸਮਾਧੀ ਦਾ ਖਲਲ ਦਾ ਡਰ, ਦੂਸਰੇ ਪਾਸੇ ਘਰ ਦੇ ਨੁਕਸਾਨ ਦਾ ਅੰਦੇਸ਼ਾ ਸੀ। ਕੀ ਕਰੇ, ਕੀ ਨਾ ਕਰੇ, ਇਹੀ ਸੋਚ ਤੇ ਅਮਲ ਬਾਕੀ ਸੀ। ਉਸ ਨੇ ਮਨ ਨਾਲ ਨੁਕਸਾਨ ਬਰਦਾਸ਼ਤ ਕਰਨ ਦਾ ਫੈਸਲਾ ਕੀਤਾ ਤੇ ਅੱਗੇ ਵਧ ਕੇ ਕੁਤਾ ਲਗਾ ਕੇ ਫਿਰ ਬਲਦਾਂ ਨੂੰ ਰੋਕਣ ਲਈ ਕਦਮ ਵਧਾਏ ਹੀ ਸਨ ਕਿ ਉਹ ਕਿਸੇ ਵਿਅਕਤੀ ਨਾਲ ਟਕਰਾ ਗਿਆ। ਜਾਂ ਮੂੰਹ ਚੁਕਿਆ ਤਦ ਸਾਹਮਣੇ ਨੂਰਾਨੀ ਚੇਹਰਾ, ਮਸਤ ਨੇਤਰ, ਰਹਿਮਤ ਦਾ ਭੰਡਾਰ ਤੇ ਵਾਹਿਗੁਰੂ ਜੀ ਦੇ ਅਨਿੰਨ ਭਗਤ ਸੰਤ ਅਤਰ ਸਿੰਘ ਜੀ ਖੜ੍ਹੇ ਸੀ। ਸੰਤ ਜੀ ਮਹਾਰਾਜ ਨੇ ਇਸ ਦੇ ਮੋਢਿਆਂ ਪਰ ਹੱਥ ਰਖ ਕੇ ਇਸ ਨੂੰ ਪੈਰਾਂ ਤਕ ਝੁਕਣੋਂ ਰੋਕਿਆ ਤੇ ਫੁਰਮਾਇਆ-

ਸੰਤ ਮਹਾਰਾਜ - ਭਾਈ ਚੈਂਚਲ ਸਿੰਘ ਅਜਕਲ ਫਸਲਾਂ ਨੂੰ ਸੋਕਾ ਲਗਣ ਦਾ ਖਤਰਾ ਹੈ ਤੇ ਖੂਹ ਦੀ ਵਾਰੀ ਤੁਹਾਡੀ ਕਈ ਦਿਨਾਂ ਪਿਛੋਂ ਹੀ ਆਉਂਦੀ ਹੈ?

ਚੈਂਚਲ ਸਿੰਘ - ਮਹਾਰਾਜ! ਤੁਸੀਂ ਆਪ ਹੀ ਸਭ ਜਾਣਦੇ ਹੋ, ਫਿਰ ਮੈਂ ਬੇਨਤੀ ਕੀ ਕਰਾਂ?

ਸੰਤ ਜੀ ਮਹਾਰਾਜ - ਤੁਸਾਂ ਕੁਤਾ ਹਟਾ ਦਿਤਾ ਹੈ ਫਿਰ ਬੈਲਾਂ ਦੀ ਧੂਫ ਕਿਸ ਤਰ੍ਹਾਂ ਕਢਾਉਂਦੇ ਹੋ?

ਚੈਂਚਲ ਸਿੰਘ - ਮਹਾਰਾਜ ਮੈਂ ਹਰ ਸਮੇਂ ਜਦੋਂ ਬੈਲ ਖਲੋ ਜਾਂਦੇ ਹਨ ਆਪਣੇ ਪੱਟਾਂ ਪਰ ਗਾਧੀ ਦਾ ਜ਼ੋਰ ਲੈ ਕੇ ਬੈਲਾਂ ਨੂੰ ਦਮ ਦਿਵਾਉਂਦਾ ਹਾਂ।

ਸੰਤ ਜੀ ਮਹਾਰਾਜ - ਭਾਈ ਚੈਂਚਲ ਸਿੰਘ! ਦੋ ਬੈਲਾਂ ਦਾ ਭਾਰ ਇਕ ਆਦਮੀ ਕਿਸ ਤਰ੍ਹਾਂ ਆਪਣੇ ਪੱਟਾਂ ਪਰ ਰੋਕ ਸਕਦਾ ਹੈ, ਫਿਰ ਜੇਕਰ ਇਕ ਵਾਰੀ ਕਰ ਲਵੇਗਾ ਤਦ ਇਹ ਕਦੋਂ ਤਕ ਨਿਭੇਗੀ। ਫਿਰ ਚੈਂਚਲ ਸਿੰਘ ਜੀ ਇਕ ਪਾਸੇ ਦੋ ਬੈਲਾਂ ਦਾ ਸੰਤਾਪ ਹੈ, ਦੂਸਰੇ ਪਾਸੇ ਤੁਹਾਡੇ ਪਟ ਵੀ ਚੀਸਾਂ ਮਾਰਦੇ ਹੋਣਗੇ। ਇਹ ਕੇਵਲ ਇਸੇ ਹੀ ਕਰ ਕੇ ਹੈ ਕਿ ਮੈਨੂੰ ਤਕਲੀਫ ਨਾ ਹੋਵੇ, ਮੇਰੀ ਸਮਾਧੀ ਲਿਵ ਤੇ ਸਿਮਰਨ ਵਿਚ ਫ਼ਰਕ ਨਾ ਪਵੇ?

ਚੈਂਚਲ ਸਿੰਘ - ਮਹਾਰਾਜ! ਅਸੀਂ ਗਰੀਬ ਕੋਈ ਸੇਵਾ ਤੇ ਉੱਚਤਾ ਨਹੀਂ ਰਖਦੇ, ਫਿਰ ਇਹ ਪਾਪ ਵੀ ਆਪਣੇ ਜ਼ਿੰਮੇ ਲਈਏ ਕਿ ਆਪ ਦੇ ਸਿਮਰਨ ਤੇ ਸਮਾਧੀ ਵਿਚ ਫ਼ਰਕ ਪਵੇ, ਇਹ ਸਾਡੀ ਸੋਚ ਤੋਂ ਬਾਹਰ ਦੀ ਗੱਲ ਹੈ। ਇਸ ਕਰਕੇ ਖੇਤੀ ਤਾਂ ਮੈਂ ਸਾੜ ਲਵਾਂਗਾ, ਪਰ ਆਪ ਦੀ ਚਰਨ ਕੰਵਲਾਂ ਦੀ ਮੌਜ ਮਾਨਣ ਵਿਚ ਰੋਕ ਹੋਵੇ ਇਹ ਮੈਂ ਨਹੀਂ ਝਲ ਸਕਾਂਗਾ।

ਸੰਤ ਜੀ ਮਹਾਰਾਜ - ਚੈਂਚਲ ਸਿੰਘ ਨੂੰ ਘੁਟ ਕੇ ਜੱਫੀ ਵਿਚ ਲੈ ਲਿਆ ਤੇ ਫੁਰਮਾਇਆ, "ਭਾਈ ਚੈਂਚਲ ਸਿੰਘ ਮੈਂ ਪੱਥਰ ਨਹੀਂ ਹਾਂ ਤੇ ਨਾ ਹੀ ਮੇਰੀ ਸਾਧਨਾ ਉਹ ਹੈ ਜੋ ਸੰਸਾਰ ਭਰ ਦੀ ਸ਼ਾਂਤੀ ਗਵਾ ਕੇ ਆਪਣੇ ਲਈ ਸ਼ਾਂਤੀ ਲਭਦੇ ਹਨ। ਸਾਡੀ ਸਮਾਧੀ ਗੁਰੂ ਨਾਨਕ ਮਹਾਰਾਜ ਦੀ ਬਖਸ਼ਿਸ਼ ਹੈ ਜੋ ਸਮਾਧੀ ਵਿਚ ਵੀ ਤਪਤ ਸੰਸਾਰ ਤੇ ਦੁਖੀ ਦੁਨੀਆਂ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਨ। ਭਾਈ ਤੇਰੇ ਸਿਦਕ ਦਾ

ਸਦਕਾ ਅਸੀਂ ਵਾਹਿਗੁਰੂ ਜੀ ਤੇ ਸਾਹਿਬ ਅਗੇ ਪ੍ਰਾਰਥਨਾ ਕਰਾਂਗੇ ਕਿ ਉਹ ਇਸ ਲੋਹੇ ਦੇ ਕੁਤੇ ਨੂੰ ਜੋ ਇਸ ਖੂਹ ਪਰ ਲਗਾ ਹੈ ਸਦਾ ਲਈ ਟਕ-ਟਕ ਕਰਾਉਣਾ ਹਟਾ ਦੇਵੇ ਤਾਂ ਜੋ ਮੇਰੀ ਸਮਾਧੀ ਤੇ ਤੇਰੀ ਧਰਮ ਕਿਰਤ ਦੋਵੇਂ ਹੀ ਚਲਦੀਆਂ ਰਹਿਣ।

ਭਾਈ ਚੈਂਚਲ ਸਿੰਘ ਨੇ ਕੁਤਾ ਲਗਾ ਦਿਤਾ, ਸੰਤ ਜੀ ਮਹਾਰਾਜ ਸਮਾਧੀ ਅੰਦਰ ਚਲੇ ਗਏ। ਚੈਂਚਲ ਸਿੰਘ ਨੇ ਬਲਦ ਹੱਕੇ ਪਰ ਕੁਤਾ ਬੇਆਵਾਜ਼ ਸੀ, ਉਸ ਦੀ ਟਕ ਟਕ ਕਰਨ ਦੀ ਕੁਦਰਤੀ ਆਦਤ ਹਟ ਗਈ। ਚੈਂਚਲ ਸਿੰਘ ਦੇ ਨੇਤਰ ਦਰੱਵ ਗਏ, ਤੇ ਇਸ ਨੇ ਖੂਹ ਪਰ ਖੜ੍ਹੇ ਹੋ ਕੇ ਲਿਵ ਵਿਚ ਲੀਨ ਤੇ ਪਰਮ ਪਦ ਪ੍ਰਾਪਤ ਮਹਾਂਪੁਰਖਾਂ ਨੂੰ ਪ੍ਰਣਾਮ ਕੀਤਾ ਜਿਨ੍ਹਾਂ ਦੀ ਆਗਿਆ ਜੜ੍ਹ ਤੇ ਬੇਜਾਨ ਪਦਾਰਥ ਵੀ ਪ੍ਰਵਾਨ ਕਰਦੇ ਹਨ।

ਅਜ ਮਾਦਾ ਦੀ ਪ੍ਰਕਿਰਤੀ ਦਾ ਮਨੁਖ ਇਹ ਗੱਲ ਸ਼ਾਇਦ ਪ੍ਰਵਾਨ ਨ ਕਰੇ। ਪਰ ਉਹ ਸੱਜਣ ਹੁਣ ਵੀ ਨਗਰ ਰਾਮਪੁਰ ਦੁਰਾਹੇ ਸਟੇਸ਼ਨ ਤੋਂ ਉਤਰ ਕੇ ਇਹ ਚੀਜ਼ ਪ੍ਰਤਖ ਦੇਖ ਸਕਦਾ ਹੈ ਕਿ ਇਥੇ ਇਕ ਮਹਾਂਪੁਰਖ ਦੀ ਆਗਿਆ ਅਨੁਸਾਰ ਇਕ ਲੋਹੇ ਦਾ ਕੁਤਾ ਜੋ ਟਕ ਟਕ ਕਰਕੇ ਹਰ ਇਕ ਲੋਹੇ ਦੀ ਗੁੱਲੀ ਪਰ ਵਜਦਾ ਤੇ ਇਹ ਦਸਦਾ ਹੈ ਕਿ ਭਾਈ ਹੁਸ਼ਿਆਰ, ਮੈਂ ਜਦੋਂ ਹੀ ਵਜਣੋਂ ਹਟ ਗਿਆ ਤੇ ਮੇਰੀ ਆਵਾਜ਼ ਆਉਣੀ ਬੰਦ ਹੋ ਗਈ ਮੇਰੀ ਖੂਹ ਦਾ ਭਾਰ ਚੁਕ ਕੇ ਰੱਖਣ ਦੀ ਜ਼ੁਮੇਂਵਾਰੀ ਖਤਮ ਹੋ ਜਾਵੇਗੀ। ਪਰ ਹੈਰਾਨੀ ਹੈ ਕਿ ਉਹੀ ਟਕ ਟਕ ਦਾ ਆਦੀ ਕੁਤਾ ਮਹਾਂਪੁਰਖਾਂ ਦੀ ਆਗਿਆ ਵਿਚ ਇਸ ਤਰ੍ਹਾਂ ਗੰਭੀਰ ਹੋ ਗਿਆ ਕਿ ਮਾਨੋਂ ਉਹ ਬਾਹਰ ਮੁਖ ਤੋਂ ਅੰਤਰ ਮੁਖ ਹੋ ਕੇ ਸੁਰਤ ਨੂੰ ਲਿਵ ਵਿਚ ਲੈ ਗਿਆ ਹੈ ਤੇ ਇਹ ਐਲਾਨ ਕਰਦਾ ਹੈ ਕਿ ਮਹਾਂਪੁਰਖ ਉਹ ਨਹੀਂ ਜੋ ਹਰ ਸਮੇਂ ਥੋੜੀ-ਥੋੜੀ ਘਾਲਣਾ ਕਰਕੇ ਦੁਹਾਈ ਦੇਂਦੇ ਹਨ ਸਗੋਂ ਸਤਿ ਪੁਰਖ ਦੀ ਤਾਂ ਪਛਾਣ ਹੀ ਇਹ ਹੈ ਕਿ ਉਹ ਗਹਿਰ ਗੰਭੀਰ ਤੇ ਸ਼ਾਂਤ ਹੋਣ। ਕਿਸੇ ਦੀ ਵਡੱਪਣ ਦਾ ਇਹ ਚਿੰਨ ਨਹੀਂ ਕਿ ਉਹ ਹਰ ਕਿਸੇ ਦੇ ਰਾਹ ਜਾਂਦਿਆਂ ਹੋਇਆਂ ਕੰਨ ਖਾਵੇ ਸਗੋਂ ਕਿਸੇ ਦਾ ਭਾਰ ਚੁਕ ਕੇ ਸਾਹ ਤਕ ਨਾ ਕਢਣਾ ਤੇ ਦੂਸਰੇ ਕੰਨ ਤਕ ਆਵਾਜ਼ ਪਹੁੰਚਣ ਵੀ ਨਾ ਦੇਣੀ ਹੀ ਮਹਾਨਤਾ ਦਾ ਮਹਾਨ ਤੇ ਉਤਮ ਚਿੰਨ ਹੈ। ਮਾਦੀ ਦੁਨੀਆਂ ਦਾ ਉਤਰ ਸਾਹਮਣੇ ਖਲੋਤਾ ਹੈ, ਕਿ ਜੋ ਸਜਣ ਇਸ ਸੰਸਾਰ ਵਿਚ ਵਾਹਿਗੁਰੂ ਜੀ ਦੇ ਨਾਲ ਜੁੜ ਜਾਂਦੇ ਹਨ, ਜਾਨਦਾਰ ਚੀਜ਼ਾਂ ਤਾਂ ਇਕ ਪਾਸੇ, ਮਾਦਾ ਤੇ ਸੁੰਨ ਪਦਾਰਥ ਵੀ ਉਸ ਦੇ ਵਸੀ ਹੋ ਕੇ ਆਗਿਆ ਦਾ ਪਾਲਨ ਕਰਦੇ ਸਨ।

(ਧੰਨਵਾਦ ਸਹਿਤ 'ਅਮਰ ਕਥਾ' ਵਿਚੋਂ)

ਮਹਾਂਪੁਰਸ਼ਾਂ ਦੀ ਜੋ ਨਿਤ ਕਿਰਿਆ ਸੀ ਉਸ ਬਾਰੇ ਗਿਆਨੀ ਮੋਹਨ ਸਿੰਘ ਜੀ ਨੇ ਆਪਣੀ ਪੁਸਤਕ 'ਜੀਵਨ ਗਾਥਾ' ਵਿਚ ਵੇਰਵੇ ਸਹਿਤ ਲਿਖਿਆ ਹੈ -

ਸੰਤਾਂ ਦੀ ਨਿਤ ਕ੍ਰਿਆ

ਆਪ ਜੀ ਦਾ ਸਰੀਰ ਬੜਾ ਬਲੀ ਤੇ ਕਰੜਾ ਸੀ, ਕਿਸੇ ਵੀ ਕੰਮ ਵਿਚ ਥਕਾਵਟ ਨਹੀਂ ਸਨ ਮੰਨਦੇ। ਸਵੇਰੇ ਆਸਾ ਜੀ ਦੀ ਵਾਰ ਦਾ ਕੀਰਤਨ ਕਦੇ ਸੰਤ ਜੀ ਮਹਾਰਾਜ ਆਪ ਕਰਿਆ ਕਰਦੇ ਜਾਂ ਤਿਲੋਕ ਸਿੰਘ ਰਾਗੀ, ਕਦੀ ਹੋਰ ਸਿੰਘ ਕਰਦੇ। ਸ਼ਾਮੀਂ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਗੁਰ-ਇਤਿਹਾਸ ਦੀ ਕਥਾ (ਜੋ ਪਹਿਲਾਂ ਕੁਝ ਸਮਾਂ ਰਾਮਪੁਰ ਦਾ ਗਿਆਨੀ ਸੰਪੂਰਨ ਸਿੰਘ ਕਰਦਾ ਰਿਹਾ।) ਫੇਰ ਕੁਝ ਸਮਾਂ ਅਨੰਦਪੁਰ ਸਾਹਿਬ ਦਾ ਸੋਭਾ ਸਿੰਘ, ਕਦੀ ਕਦੀ ਹਰਿਦੁਆਰ ਵਾਲੇ ਪੰਡਿਤ ਪ੍ਰੇਮ ਸਿੰਘ ਜੀ ਵੀ ਮਹੀਨਾ-ਮਹੀਨਾ ਠਹਿਰ ਜਾਂਦੇ ਤੇ ਕਥਾ ਕਰਦੇ। (ਜਿਨ੍ਹਾਂ ਦੇ ਸ਼ਿਸ਼ ਪੰਡਤ ਮਨੀ ਸਿੰਘ ਜੀ ਤੇ ਅਰਜਨ ਸਿੰਘ ਜੀ ਮੁਨੀ ਮਧਸੂਦਨ ਸਿੰਘ ਜੀ ਮਾਧੋ ਹਰਿਦਵਾਰ ਨਿਰਮਲ ਛਾਉਣੀ ਪ੍ਰੇਮੀ ਸਦਨ ਵਿਚ ਨਿਵਾਸ ਰਖਦੇ ਹਨ) ਬਾਅਦ ਵਿਚ ਸਾਧੂ ਸਿੰਘ ਸੂਰਮਾਂ ਗਿਆਨੀ ਆ ਗਿਆ ਜੋ ਸੰਤਾਂ ਤੋਂ ਪਿਛੋਂ ਵੀ ਕਾਫ਼ੀ ਸਮਾਂ ਕਥਾ ਕਰਦਾ ਰਿਹਾ। ਇਹ ਅਸਥਾਨ ਦੇ ਨਿਤਨੇਮ ਦੀ ਮ੍ਰਿਯਾਦਾ ਸੀ।

ਕਥਾ ਦੇ ਭੋਗ ਪਏ ਤੋਂ ਆਪ ਨੇ ਸਾਰੀ ਰਾਤ ਗੋਖੇ ਦੀ ਛਪੜੀ ਤੇ ਬੈਠਕੇ ਭਜਨ ਕਰਨਾ ਜਾਂ ਬਾਹਰਲੀ ਖੂਹੀ ਤੇ ਚਲੇ ਜਾਣਾ, ਦਿਨੇਂ ਹਲ ਵਾਹੁਣਾ ਇਹ ਆਪ ਜੀ ਦੀ ਨਿਤ ਕਿਰਿਆ ਸੀ। ਸਤਿਸੰਗ ਦੇ ਸਮੇਂ ਰਾਪਮੁਰ, ਕਨੇਚ, ਕਟਾਨਾ, ਕਟਾਣੀ, ਦੋਰਾਹਾ, ਨੀਲੋਂ, ਬਿਲਗਾ ਤੇ ਨਵੇਂ ਪਿੰਡ ਤੱਕ ਦੀ ਸੰਗਤ ਪੁਜਦੀ। ਹੋਰ ਵੀ ਇਰਦ ਗਿਰਦ ਦੇ ਪ੍ਰੇਮੀ ਦਰਸ਼ਨਾਂ ਨੂੰ ਆਏ ਹੀ ਰਹਿੰਦੇ। ਰਾਤ ਦੇ ਦੀਵਾਨ ਵਿਚ ਜ਼ਿਆਦਾ ਹਾਜ਼ਰੀ ਹੁੰਦੀ। ਭੋਗ ਪੈਣ ਤੋਂ ਬਾਅਦ ਆਪ 9 ਵਜੇ ਗੋਖੇ ਦੀ ਛਪੜੀ ਕਿਨਾਰੇ ਆ ਜਾਂਦੇ। ਬਾਰਾਂ ਵਜੇ ਬਗੀਚੀ ਵਿਚ ਜਾ ਕੇ ਭੋਰੇ ਵਿਚ ਬਿਰਾਜ ਜਾਣਾ, ਸਵੇਰੇ ਦੋ ਵਜੇ 101 ਡੋਲ ਨਾਲ ਇਸ਼ਨਾਨ ਕਰਨਾ, ਜਿਸ ਡੋਲ ਦਾ ਵਜ਼ਨ ਬੜਾ ਭਾਰੀ ਸੀ, ਹਰੇਕ ਨਹੀਂ ਸੀ ਖਿਚ ਸਕਦਾ, ਕੋਈ ਕੋਈ ਬਲੀ ਹੀ ਖਿਚਦਾ ਸੀ। ਕਾਫੀ ਸਮਾਂ ਲਗ ਜਾਂਦਾ ਤੇ ਆਪ ਜੀ ਉਤਨਾਂ ਚਿਰ ਬਾਣੀ ਦਾ ਪਾਠ ਕਰੀ ਜਾਂਦੇ। ਕਿਸੇ ਨਾਲ ਬਚਨ ਨਹੀਂ ਸਨ ਕਰਦੇ। ਸੰਤਾਂ ਦੇ ਇਸ਼ਨਾਨ ਵਾਲਾ ਜਲ ਇਕ ਵੱਡੀ ਕੁੰਡ ਵਿਚ ਪਈ ਜਾਂਦਾ, ਜਿਸ ਵਿਚੋਂ ਨਾਲ ਦੇ ਪ੍ਰੇਮੀ ਇਸ਼ਨਾਨ ਕਰੀ ਜਾਂਦੇ ਸਨ। ਫੇਰ ਸਾਥੀਆਂ ਸਮੇਤ ਗੋਖੇ ਦੀ ਛੱਪੜੀ ਕਿਨਾਰੇ ਆ ਕੇ ਭਜਨ ਕਰਨਾ। ਪਹੁ-ਫੁਟਾਲੇ ਗੁਰਦੁਵਾਰੇ ਸਾਹਿਬ ਆ ਜਾਣਾ, ਦੀਵਾਨ ਵਿਚ ਸਜ ਕੇ ਆਸਾ ਜੀ ਦੀ ਵਾਰ ਦਾ ਕੀਰਤਨ ਸੁਣਨਾ। ਫੇਰ ਭੋਗ ਪਏ ਤੋਂ ਬਾਅਦ ਅੰਮ੍ਰਿਤ ਵੇਲੇ ਹੀ ਜਲ ਪਾਣੀ ਛਕ ਕੇ ਹਲ ਜੋੜ ਲੈਣਾ। ਦੁਪਹਿਰ ਨੂੰ 1 ਵਜੇ ਨਮਕ ਤੋਂ ਬਗੈਰ ਭਾਜੀ ਨਾਲ ਪ੍ਰਸ਼ਾਦਾ ਛਕ ਕੇ ਬਗੀਚੀ ਵਿਚ ਬਿਰਾਜ ਜਾਣਾ। ਸ਼ਾਮ ਨੂੰ ਥੋੜੀ ਜੇਹੀ ਚਾਹ ਛਕਣੀ। ਹਰ ਸਮੇਂ ਆਪਣਾ ਪਹਿਰਾਵਾ ਬੜਾ ਮਸਕੀਨੀ ਵਾਲਾ ਸਾਦਾ ਰਖਣਾ। ਅਪ ਜੀ ਦਾ ਸਰੂਪ ਮਿਠ-ਬੋਲਣਾ ਤੇ ਮੋਹਣੀ ਮੂਰਤ ਵਾਲਾ ਸੀ। ਜੋ ਵੀ ਦਰਸ਼ਨਾਂ

ਨੂੰ ਆਉਂਦਾ, ਹਰ ਇਕ ਦਾ ਮਨ ਸ਼ਾਂਤ ਹੋ ਜਾਂਦਾ। ਆਪ ਜੀ ਨੇ ਹਰੇਕ ਪ੍ਰਾਣੀ ਮਾਤਰ ਦੇ ਭਲੇ ਵਾਸਤੇ ਭਜਨ ਸਿਮਰਨ ਤੇ ਸੇਵਾ ਕਰਨ ਦਾ ਹੀ ਉਪਦੇਸ਼ ਬਖਸ਼ਣਾ। ਹਿਰਦਾ ਕਮਾਈ ਵਾਲਾ ਤੇ ਕੋਮਲ ਸੀ, ਉਪਦੇਸ਼ ਵਿਚ ਬੜੀ ਆਕਰਖਨ ਸ਼ਕਤੀ ਸੀ। ਜੋ ਜੋ ਵੀ ਸੁਣਦਾ, ਸੁਤੇ ਹੀ ਸੁਰਤਾਂ ਜੁੜ ਜਾਂਦੀਆਂ। ਆਪ ਜੀ ਦੇ ਉਪਦੇਸ਼ ਦਾ ਸਦਕਾ ਵੱਡੇ ਵੱਡੇ ਡਾਕੂ ਵੀ ਸੁਧਰ ਗਏ। ਇਉਂ ਰਾਮਪੁਰ ਪਿੰਡ ਦੇ ਬਹੁਤ ਸਾਰੇ ਲੋਕ ਜੋ ਪਹਿਲਾਂ ਬੜੇ ਧਾੜਵੀ ਤੇ ਬਦਮਾਸ਼ ਸਨ, ਸੰਤਾਂ ਦੀ ਕ੍ਰਿਪਾ ਨਾਲ ਉਹ ਵੀ ਗੁਰੂ ਘਰ ਦੇ ਪੂਰਨ ਸ਼ਰਧਾਲੂ ਬਣ ਗਏ।

ਆਪ ਜੀ ਵਿਚ ਨਿਮਰਤਾ ਹੱਦ ਤੋਂ ਜ਼ਿਆਦਾ ਸੀ ਜਦੋਂ ਇਕ ਘਟਨਾ ਦਾ ਜ਼ਿਕਰ ਕਰਦੇ ਹੋਏ ਗਿਆਨੀ ਮੋਹਨ ਸਿੰਘ ਜੀ (ਸਚਖੰਡ ਨਿਵਾਸੀ) ਲਿਖਦੇ ਹਨ।

ਮਹਾਰਾਜ ਪਟਿਆਲੇ ਦਾ ਦਰਸ਼ਨ ਵਾਸਤੇ ਆਉਣਾ

ਸੰਤ ਜੀ ਮਹਾਰਾਜ ਦਾ ਤੇਜ ਪ੍ਰਤਾਪ ਚੰਦਨ ਵਾਂਗੂੰ ਦਿਨ-ਬ-ਦਿਨ ਫੈਲਦਾ ਗਿਆ। ਮਹਿਮਾ ਵਡਿਆਈ ਵਧਦੀ ਗਈ। ਸ਼ਰਧਾਲੂ ਮਨੋ-ਕਾਮਨਾ ਪੂਰੀਆਂ ਕਰਵਾ ਕੇ ਵਰਸਾਉਂਦੇ ਰਹੇ।

ਦਿਨੁ ਦਿਨੁ ਚੜੈ ਸਵਾਇਆ
ਨਾਨਕ ਹੋਤ ਨ ਘਾਟਿ॥ ਪੰਨਾ - 300

ਮਹਾਰਾਜਾ ਪਟਿਆਲੇ ਨੇ ਵੀ ਆਪ ਜੀ ਦਾ ਜਸ ਸੁਣਿਆਂ, ਪਰ ਅਜੇ ਤੱਕ ਦਰਸ਼ਨ ਨਹੀਂ ਸਨ ਕੀਤੇ। ਇਸਦੇ ਅੰਦਰ ਪੂਰਨ ਸਾਧੂ ਦਾ ਤਾਂ ਪੂਰਾ ਸਤਿਕਾਰ ਸੀ ਅਤੇ ਆਮ ਭੇਖੀ ਲੋਕਾਂ ਦਾ ਓਹ ਪਖੰਡ ਵੀ ਨਹੀਂ ਸੀ ਰਹਿਣ ਦਿੰਦਾ। ਅਜ ਖਾਸ ਨਿਕਟਵਰਤੀ ਵਜ਼ੀਰ ਤੇ ਇਕ ਦੋ ਨੌਕਰਾਂ ਦੇ ਸਮੇਤ ਗੁਪਤ ਭੇਸ ਵਿਚ ਸੰਤਾਂ ਦੇ ਦਰਸ਼ਨ ਕਰਨ ਰੇਰੂ ਸਾਹਿਬ ਆਇਆ।

ਇਹ ਉਸ ਸਮੇਂ ਦੀ ਵਾਰਤਾ ਹੈ ਜਦੋਂ ਸੰਤ ਜੀ ਮਹਾਰਾਜ ਆਪਣੇ ਹਥੀਂ ਡੇਰੇ ਦੀ ਸੇਵਾ ਕਰਦੇ ਹੁੰਦੇ ਸਨ। ਬਾਅਦ ਵਿਚ ਤਾਂ ਫੇਰ ਪ੍ਰੇਮੀਆਂ ਨੇ ਬੇਨਤੀ ਕਰਕੇ ਸੇਵਾ ਲੈ ਲਈ ਸੀ। ਸੇਵਾ ਦੇ ਸਮੇਂ ਆਪ ਜੀ ਦੇ ਪਹਿਰਾਵੇ ਤੋਂ ਅਨਜਾਣ ਆਦਮੀ ਇਹ ਅੰਦਾਜ਼ਾ ਨਹੀਂ ਸੀ ਲਗਾ ਸਕਦਾ ਕਿ ਏਹੋ ਹੀ ਸੰਤ ਹਨ। ਉਸ ਸਮੇਂ ਸਾਦੇ ਬਸਤਰਾਂ ਵਿਚ ਹੀ ਆਏ ਮਹਾਰਾਜ ਪਟਿਆਲਾ ਨੇ ਆਪਣੇ ਸਾਥੀਆਂ ਸਮੇਤ ਗੁਰਦੁਆਰੇ ਸਾਹਿਬ ਨਮਸ਼ਕਾਰ ਕੀਤੀ। ਮੰਜੀ ਸਾਹਿਬ ਨੂੰ ਮੱਥਾ ਟੇਕਿਆ ਤੇ ਫੇਰ ਕਮਰਿਆਂ ਦੇ ਦਰਸ਼ਨ ਕਰਨ ਲਗਾ। ਅਗੇ ਇਕ ਕਮਰੇ ਵਿਚ ਸੰਤ ਜੀ ਮਹਾਰਾਜ ਖਦਰ ਦੀ ਚਾਦਰ ਦਾ ਝੁੰਬਾ ਮਾਰ ਕੇ ਬੈਲਾਂ ਵਾਸਤੇ ਆਪਣੇ ਹਥੀਂ ਟੋਕਾ ਕੱਟ ਰਹੇ ਸਨ। ਪਾਸ ਆ ਕੇ ਇਸ ਨੂਰਾਨੀ ਚੇਹਰੇ ਵਾਲੇ ਬ੍ਰਿਧ ਬਾਬੇ ਤੋਂ ਪੁਛਿਆ, "ਬਾਬਾ ਜੀ! ਰੇਰੂ ਸਾਹਿਬ ਵਾਲੇ ਸੰਤ ਕਿਥੇ ਹਨ?" ਉਸ ਸਮੇਂ ਦਿਲਾਂ ਦੀ ਜਾਨਣ ਵਾਲੇ ਅਰਸ਼ੀ ਦਾਤਾਰ ਨੇ ਸਭਨਾਂ ਨੂੰ ਬਿਠਾ ਕੇ ਸਤਿਕਾਰ ਨਾਲ ਪੁਛਿਆ, "ਦਸੋ ਤੁਸੀਂ ਕੀ ਛਕੋਗੇ? ਦੁੱਧ ਛਕਣਾ ਹੈ ਤਾਂ ਹੁਕਮ ਕਰੋ, ਨਹੀਂ ਤਾਂ ਪ੍ਰਸ਼ਾਦਾ ਵੀ ਤਿਆਰ ਹੈ। ਸੰਤ ਵੀ ਹੁਣੇ ਹੀ ਆ ਜਾਂਦੇ ਹਨ।" ਮਹਾਰਾਜੇ ਨੇ ਅਰਜ਼ ਕੀਤੀ, ਦੁੱਧ ਪਾਣੀ ਤਾਂ ਛਕ ਆਏ ਹਾਂ ਸਿਰਫ ਸੰਤਾਂ ਦੇ ਦਰਸ਼ਨ ਕਰਨ ਦੀ ਹੀ ਆਸ਼ਾ ਹੈ। ਸੰਤ ਜੀ ਮਹਾਰਾਜ ਫੇਰ ਟੋਕਾ ਕਰਨ ਲਗ ਪਏ। ਇਤਨੇ ਨੂੰ ਰਾਮਪੁਰ ਤੋਂ ਇਕ ਦੋ ਪ੍ਰੇਮੀ ਆਏ, ਦਰ ਅਗੇ ਨਮਸ਼ਕਾਰ ਕੀਤੀ ਤਾਂ ਸੰਤ ਜੀ ਉਸ ਸਮੇਂ ਬਾਹਰ ਨਿਕਲ ਆਏ ਅਤੇ ਨਲਕੇ ਤੇ ਹੱਥ ਪੈਰ ਧੋਣ ਲਗ ਪਏ। ਫੇਰ ਇਨ੍ਹਾਂ ਪ੍ਰੇਮੀਆਂ ਤੋਂ ਮਹਾਰਾਜੇ ਨੇ ਪੁਛਿਆ ਕਿ ਸੰਤ ਜੀ ਕਿਥੇ ਹਨ ਅਤੇ ਕਦੋਂ ਆਉਣਗੇ? ਅਸੀਂ ਦਰਸ਼ਨ ਕਰਨੇ ਹਨ। ਇਹ ਸੁਣਕੇ ਇਨ੍ਹਾਂ ਦੇ ਨੇਤਰਾਂ ਚੋਂ ਜਲ ਆ ਗਿਆ ਅਤੇ ਆਖਿਆ, ਏਹੋ ਹੀ ਸੰਤ ਅਤਰ ਸਿੰਘ ਜੀ ਮਹਾਰਾਜ ਹਨ ਜੋ ਟੋਕਾ ਕਰ ਰਹੇ ਸਨ। ਇਹ ਸੁਣ ਕੇ ਮਹਾਰਾਜਾ ਤੇ ਹੋਰ ਸਾਰੇ ਪ੍ਰੇਮੀ ਬੈਰਾਗ ਵਿਚ ਭਰ ਗਏ ਅਤੇ ਉਨ੍ਹਾਂ ਦੇ ਨੇਤਰ ਤਰ ਹੋ ਗਏ।

ਏਧਰ ਬਾਬਾ ਜੀ ਮਹਾਰਾਜ ਭੀ ਹਥ ਸਾਫ ਕਰਕੇ ਅਜੇ ਨਲਕੇ ਪਾਸ ਖੜ੍ਹੇ ਸਨ ਤਾਂ ਮਹਾਰਾਜਾ ਤੇ ਹੋਰ ਨਾਲ ਦੇ ਪ੍ਰੇਮੀਂ ਚਰਨੀਂ ਆ ਡਿਗੇ ਅਤੇ ਅਰਜ਼ ਕੀਤੀ, ਦੀਨ ਦਿਆਲ ਜੀ! ਇਤਨੀ ਵਡੀ ਬੇਅਦਬੀ ਕਿ ਸਾਨੂੰ ਮੰਜੇ ਤੇ ਬਿਠਾਇਆ ਤੇ ਆਪ ਹੇਠਾਂ ਬਹਿ ਕੇ ਟੋਕਾ ਕਰਦੇ ਰਹੇ। ਆਪ ਹੀ ਸੰਤ ਹੋ ਤੇ ਕਹਿੰਦੇ ਹੋ, ਸੰਤ ਆ ਜਾਂਦੇ ਹਨ। ਉਸ ਸਮੇਂ ਬਾਬਾ ਜੀ ਸਾਰਿਆਂ ਨੂੰ ਗੁਰਦੁਆਰੇ ਸਾਹਿਬ ਲੈ ਆਏ, ਹਜ਼ੂਰੀ ਵਿਚ ਨਮਸ਼ਕਾਰ ਕਰਕੇ ਸਤਿਗੁਰਾਂ ਅਗੇ ਬੇਨਤੀ ਕੀਤੀ ਕਿ ਕਲਜੁਗ ਵਿਚ ਇਹੋ ਹੀ ਪੂਰਨ ਸੰਤ ਹਨ। ਮੈਂ ਤਾਂ ਕੋਈ ਪ੍ਰੇਮੀ ਆਵੇ ਤਾਂ ਉਸਨੂੰ ਜਲ-ਪਾਣੀ ਤੇ ਪ੍ਰਸ਼ਾਦ ਛਕਾਉਣ ਦੀ ਤੇ ਗੁਰੂ ਦਰਬਾਰ ਵਿਚ ਝਾੜੂ ਬੁਹਾਰੂ ਦੀ ਸੇਵਾ ਹੀ ਕਰਦਾ ਹਾਂ ਪਰ ਲੋਕੀਂ ਮੈਨੂੰ ਹੀ ਸੰਤ ਆਖਣ ਲਗ ਪਏ ਹਨ। ਉਸ ਸਮੇਂ ਸੰਤਾਂ ਨੇ ਸਤਿਗੁਰਾਂ ਅਗੇ ਨਿਮਰਤਾ ਸਹਿਤ ਅਰਦਾਸ ਕੀਤੀ - ਗਰੀਬ ਨਿਵਾਜ਼! ਹਜ਼ੂਰ ਦੇ ਦਰਸ਼ਨਾਂ ਵਾਸਤੇ ਪਟਿਆਲੇ ਤੋਂ ਮਹਾਰਾਜਾ ਸਾਹਿਬ ਆਏ ਹਨ, ਆਪ ਜੀ ਆਪਣੀ ਰਸਨਾ ਤੋਂ ਸ੍ਰੇਸ਼ਟ ਬਚਨਾਂ ਦੁਆਰਾ ਉਪਦੇਸ਼ ਬਖਸ਼ ਕੇ ਨਿਹਾਲ ਕਰੋ। ਉਸ ਵੇਲੇ ਤਾਬਿਆ ਬੈਠੇ ਸਿੰਘ ਨੂੰ ਸੰਤਾਂ ਨੇ ਆਗਿਆ ਕੀਤੀ ਕਿ ਸਤਿਗੁਰਾਂ ਦਾ ਹੁਕਮ ਸੁਣਾਓ। ਜਦੋਂ ਗ੍ਰੰਥੀ ਸਿੰਘ ਨੇ ਬੰਦਨਾ ਕਰਕੇ ਸਤਿਗੁਰਾਂ ਉਪਰੋਂ ਰੁਮਾਲ ਉਤਾਰਿਆ ਤਾਂ ਹਜ਼ੂਰ ਨੇ ਇਸ ਮਹਾਂਵਾਕ ਦੀ ਬਖਸ਼ਿਸ਼ ਕੀਤੀ-

ਦੇਵਗੰਧਾਰੀ ਮਹਲਾ ੫॥
ਤੇਰਾ ਜਨੁ ਰਾਮ ਰਸਾਇਣਿ ਮਾਤਾ॥
ਪ੍ਰੇਮ ਰਸਾ ਨਿਧਿ ਜਾ ਕਉ ਉਪਜੀ
ਛੋਡਿ ਨ ਕਤਹੂ ਜਾਤਾ॥ ੧॥
ਬੈਠਤ ਹਰਿ ਹਰਿ ਸੋਵਤ ਹਰਿ ਹਰਿ
ਹਰਿ ਰਸੁ ਭੋਜਨੁ ਖਾਤਾ॥
ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ॥੧॥
ਸਫਲੁ ਜਨਮੁ ਹਰਿ ਜਨ ਕਾ ਉਪਜਿਆ
ਜਿਨਿ ਕੀਨੋ ਸਉਤੁ ਬਿਧਾਤਾ॥
ਸਗਲ ਸਮੂਹ ਲੈ ਉਧਰੇ

ਨਾਨਕ ਪੂਰਨ ਬ੍ਰਹਮੁ ਪਛਾਤਾ॥ ਪੰਨਾ - 532

ਇਹ ਬਚਨ ਸੁਣਕੇ ਮਹਾਰਾਜੇ ਨੇ ਸੰਤਾਂ ਨੂੰ ਨਮਸ਼ਕਾਰ ਕੀਤੀ ਤੇ ਕਿਹਾ ਕਿ ਅਜ ਕਲਗੀਆਂ ਵਾਲੇ ਪਾਤਸ਼ਾਹ ਨੇ ਬੜੀ ਮੇਹਰ ਕੀਤੀ ਹੈ ਜੋ ਪੂਰਨ ਸੰਤ ਦੇ ਦਰਸ਼ਨ ਕਰਵਾਏ ਹਨ। ਆਪ ਜੀ ਧੰਨ ਹੋ। ਸਤਿਗੁਰਾਂ ਨੇ ਆਪ ਜੀ ਜੈਸੇ ਮਹਾਂਪੁਰਖਾਂ ਬਾਬਤ ਹੀ ਇਹ ਬਚਨ ਕਥਨ ਕੀਤਾ ਹੈ। ਆਪ ਜੈਸੇ ਮਹਾਂਪੁਰਖਾਂ ਨੇ ਬਿਧਾਤੇ ਪੁਰਖ ਨੂੰ ਸੌਤਰਾ ਕਰ ਦਿਤਾ ਹੈ। ਫੇਰ ਬਾਬਾ ਜੀ ਨੇ ਨਾਲ ਦੇ ਸਾਥੀਆਂ ਸਮੇਤ ਮਹਾਰਾਜੇ ਨੂੰ ਬਾਹਰ ਇਕ ਕਮਰੇ ਵਿਚ ਲਿਆ ਕੇ ਦੁੱਧ ਛਕਾਇਆ ਅਤੇ ਸ੍ਰੇਸ਼ਟ ਉਪਦੇਸ਼ ਕੀਤਾ ਕਿ ਪੂਰਬਲੇ ਜਨਮ ਦੇ ਤਪ ਅਤੇ ਪੁੰਨ ਕਰਕੇ ਇਹ ਰਾਜ ਮਿਲਿਆ ਹੈ, ਹੁਣ ਪਰਜਾ ਨੂੰ ਸੰਭਾਲੋ ਤੇ ਆਪਣੇ ਧਰਮ ਕਰਮ ਵਿਚ ਪੱਕੇ ਰਹੋ। ਪਰਜਾ ਨੂੰ ਵੀ ਧਰਮੀ ਬਣਾਓ। ਨਾਮ ਜਪੋ ਤੇ ਨਾਮ ਜਪਾਓ। ਇਨਸਾਫ ਕਰੋ। ਗੁਰੂ ਘਰ ਤੇ ਪੂਰਨ ਸ਼ਰਧਾ ਵਿਸ਼ਵਾਸ ਰਖੋ ਜਿਨ੍ਹਾਂ ਦੀ ਬਖਸ਼ਿਸ਼ ਨਾਲ ਤੁਸੀਂ ਰਾਜ ਦੇ ਮਾਲਕ ਬਣੇ ਹੋ। ਫੇਰ ਸੰਤਾਂ ਨੇ ਸਭਨਾਂ ਨੂੰ ਪ੍ਰਸ਼ਾਦ ਤੇ ਸਿਰੋਪਾਓ ਦੇ ਕੇ ਵਿਦਾ ਕੀਤਾ।

ਆਪ ਜੀ ਤੋਂ ਅਨੇਕਾਂ ਜਗਿਆਸੂਆਂ ਨੇ ਅੰਦਰਲੀ ਸੂਝ ਪ੍ਰਾਪਤ ਕੀਤੀ। ਜਿਥੇ ਗੁਰਸਿੱਖਾਂ ਦੇ ਅੰਦਰ ਆਪ ਜੀ ਦਾ ਪਿਆਰ ਭਰਿਆ ਪਿਆ ਸੀ ਉਥੇ ਇਸਲਾਮ ਵਾਲਿਆਂ ਵਿਚ ਵੀ ਬਹੁਤ ਸਤਿਕਾਰ ਤੇ ਪਿਆਰ ਸੀ। ਗਿਆਨੀ ਮੋਹਨ ਸਿੰਘ ਜੀ ਦੇ ਮੁਤਾਬਿਕ ਇਕ ਘਟਨਾ ਦਾ ਜ਼ਿਕਰ ਅਸੀਂ ਆਪ ਜੀ ਨਾਲ ਸਾਂਝਾ ਕਰ ਰਹੇ ਹਾਂ।

ਸੱਚਖੰਡਵਾਸੀ ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ

ਨਜੁਲਾ ਖਾਂ ਪਠਾਣ ਨੂੰ ਪੁੱਤਰ ਦੀ ਦਾਤ ਬਖਸ਼ਣੀ

ਇਕ ਅਜੀਮ ਖਾਂ ਪਠਾਣ ਜਿਸ ਦੇ ਖੂਹ ਤੇ ਸੰਤ ਜੀ ਮਹਾਰਾਜ ਰਾਤ ਨੂੰ ਆ ਕੇ ਬੈਠਿਆ ਕਰਦੇ, ਇਹ ਬਹੁਤ ਸਾਰੀ ਜ਼ਮੀਨ ਤੇ ਕਈ ਖੂਹਾਂ ਦਾ ਮਾਲਕ ਸੀ। ਇਸ ਦਾ ਮਿਤਰ ਨਜੁਲਾ ਖਾਨ ਨਾਮ ਦਾ ਪਠਾਣ ਜੋ ਇਸੇ ਨਗਰ ਦਾ ਨੰਬਰਦਾਰ ਇਲਾਕੇ ਵਿਚ ਮੰਨਿਆਂ ਪ੍ਰਮੰਨਿਆਂ ਰਈਸ ਅਤੇ ਜਰਨੈਲੀ ਪੈਨਸ਼ਨਰ ਸੀ। ਇਸ ਦੀਆਂ ਤਿੰਨ ਬੇਗਮਾਂ ਸਨ ਪਰ ਔਲਾਦ ਤੋਂ ਬਿਨਾਂ ਘਰ ਸੁੰਞਾ ਸੀ। ਇਸ ਨੇ ਕਈ ਵਾਰ ਆਪਣੇ ਮਿਤਰ ਅਜੀਮ ਖਾਂ ਪਾਸ (ਜਿਸਦੇ ਖੂਹ ਤੇ ਸੰਤ ਜੀ ਮਹਾਰਾਜ ਰਾਤ ਨੂੰ ਠਹਿਰਦੇ ਸਨ) ਅੰਦਰਲੀ ਪੀੜਾ ਪ੍ਰਗਟ ਕੀਤੀ। ਧਨ, ਦੌਲਤ, ਜ਼ਮੀਨ, ਜਾਇਦਾਦ ਬੇਅੰਤ ਹੈ, ਘਰ ਵਿਚ ਤਿੰਨ ਬੇਗਮਾਂ ਹਨ, ਮਾਨ ਇਜ਼ਤ ਵੀ ਬੜੀ ਹੈ ਪਰ ਇਕ ਫਰਜੰਦ ਤੋਂ ਬਿਨਾਂ ਇਹ ਸਾਰੇ ਹੀ ਪਦਾਰਥ ਨਿਸਫਲ ਹਨ। ਉਸ ਨੇ ਨਜੁਲਾ ਖਾਂ ਨੂੰ ਧੀਰਜ ਦਿਤਾ ਤੇ ਆਖਿਆ, ਅੱਲਾ ਪਾਕ ਭਲੀ ਕਰੇਗਾ। ਮੇਰੇ ਖੂਹ ਤੇ ਇਕ ਰੱਬੀ ਫਕੀਰ, ਸਚਾ ਆਸ਼ਕ, ਗੁਰੂ ਨਾਨਕ ਦਾ ਮੁਰੀਦ ਰਾਤ ਦੇ ਸਮੇਂ ਆਉਂਦਾ ਹੈ, ਜਿਸਦੀ ਕ੍ਰਿਪਾ ਦਾ ਸਦਕਾ ਜਦੋਂ ਦੇ ਉਸਨੇ ਚਰਨ ਪਾਏ, ਮੇਰੀ ਫਸਲ ਦੂਣੀ ਹੋਣ ਲਗ ਪਈ। ਮੈਨੂੰ ਉਨ੍ਹਾਂ ਦੇ ਬਚਨਾਂ ਤੇ ਪੂਰਨ ਭਰੋਸਾ ਹੈ। ਤੂੰ ਵੀ ਉਨ੍ਹਾਂ ਦੇ ਪਾਸ ਪੁਜ ਕੇ ਚਰਨਾਂ ਵਿਚ ਅਰਜ਼ ਕਰੀਂ, ਜ਼ਰੂਰ ਹੀ ਤੇਰੀ ਇਛਾ ਪੂਰੀ ਹੋ ਜਾਵੇਗੀ।

ਬਾਬਾ ਜੀ ਦੀ ਸਿਫਤ ਸੁਣ ਕੇ ਇਸਦਾ ਮਨ ਬੜਾ ਹੀ ਪ੍ਰਸੰਨ ਹੋਇਆ, ਪਰ ਸ਼ਰ੍ਹਾ ਦੇ ਸੰਗਲਾਂ 'ਚ ਜਕੜੇ ਲੋਕਾਂ ਤੋਂ ਭੈ ਕਰਦਾ ਹੋਇਆ ਦਿਨੇ ਤਾਂ ਇਹ ਨਜੁਲਾ ਖਾਂ ਆ ਨਹੀਂ

ਸਕਿਆ, ਰਾਤ ਦੇ ਟਾਇਮ ਗੁਰੂ ਨਾਨਕ ਦੇ ਖਜ਼ਾਨੇ ਦੇ ਮਾਲਕ ਤੋਂ ਦਾਤ ਲੈਣ ਆਇਆ। ਜਿਵੇਂ ਪੰਚਮ ਪਾਤਸ਼ਾਹ ਜੀ ਮਹਾਰਾਜ ਨੇ ਆਪਣੀ ਮੌਜੂਦਗੀ ਵਿਚ ਬਾਬੇ ਬੁਢੇ ਜੀ ਦਾ ਮਾਨ ਵਧਾਇਆ ਸੀ ਇਸੇ ਤਰ੍ਹਾਂ ਪ੍ਰਮੇਸ਼ਰ ਸਦੀਵੀ ਆਪਣੇ ਪਿਆਰਿਆਂ ਦੀ ਮਾਨ ਵਡਿਆਈ ਤੇ ਪ੍ਰਤਿਸ਼ਠਾ ਕਰਵਾ ਕੇ ਪ੍ਰਸੰਨ ਹੁੰਦਾ ਹੈ ਕਿਉਂਕਿ ਉਸਦੇ ਪਿਆਰਿਆਂ ਦੀ ਵਡਿਆਈ ਪ੍ਰਮੇਸ਼ਰ ਦੀ ਵਡਿਆਈ ਹੈ ਉਸਦੇ ਭਗਤਾਂ ਦਾ ਜਸ ਪ੍ਰਮੇਸ਼ਰ ਦਾ ਜਸ ਹੈ-

ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ॥
ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ॥
ਪੰਨਾ - 652

ਇਉਂ ਅਜ ਮੁਸਲਮਾਨ ਪਠਾਨ ਦਾ ਮਨ ਪ੍ਰੇਰ ਕੇ ਰਾਤ ਦੇ ਸਮੇਂ ਮਹਾਂਪੁਰਸ਼ਾਂ ਵਲ ਭੇਜਿਆ। ਰਾਤ ਦੇ ਗਿਆਰਾਂ ਵਜੇ ਹਨ। ਸਿਆਲ ਦੀ ਮੌਸਮ ਅਤੇ ਜ਼ੋਰਾਂ ਦੀ ਸਰਦੀ ਪੈ ਰਹੀ ਹੈ, ਲੋਕੀਂ ਉਪਰ ਰਜਾਈਆਂ ਪਾ ਕੇ ਆਪਣੇ ਘਰੀਂ ਸੁਖ ਦੀ ਨੀਂਦ ਸੁਤੇ ਹਨ। ਰੱਬੀ ਬੰਦਿਆਂ ਬਿਨਾਂ ਏਹੋ ਜਿਹੇ ਸਮੇਂ ਕੌਣ ਜਾਗੇ। ਪ੍ਰਮੇਸ਼ਰ ਪ੍ਰਾਪਤੀ ਦੇ ਚਾਹਵਾਨ ਆਪਣੇ ਪ੍ਰੀਤਮ ਦੀ ਯਾਦ ਵਿਚ ਜੁੜੇ ਹਨ ਜਾਂ ਕੋਈ ਪੁਰਾਣਾ ਰੋਗੀ ਆਪਣੇ ਕੀਤੇ ਕਰਮਾਂ ਦਾ ਫਲ ਭੋਗਦਾ ਹੋਇਆ ਜਾਗਦਾ ਹੈ ਜਾਂ ਵਿਸ਼ਿਆਂ ਦਾ ਵਣਜਾਰਾ ਜਾਂ ਡਾਕੂ ਚੋਰ ਜਾਂ ਕੋਈ ਇਸ ਨਜੁਲਾ ਖਾਂ ਵਾਂਗੂੰ ਸੰਸਾਰੀ ਪਦਾਰਥਾਂ ਦਾ ਮੰਗਤਾ; ਹੋਰ ਕੋਈ ਨਹੀਂ ਜਾਗਦਾ। ਬਾਬਾ ਜੀ ਦੇ ਉਦਾਲੇ ਥੋੜ੍ਹੇ-ਥੋੜ੍ਹੇ ਫਾਸਲੇ ਤੇ ਨਾਲ ਦੇ ਸਾਥੀ ਬੈਠੇ ਸਿਮਰਨ ਕਰ ਰਹੇ ਹਨ। ਆਪ ਦਰਿਆ ਦੇ ਕਿਨਾਰੇ ਤੇ ਪ੍ਰੀਤਮ ਦੀ ਯਾਦ ਵਿਚ ਜੁੜੇ ਬੈਠੇ ਨੇ। ਅਜ ਹੋਰਨਾਂ ਦਿਨਾਂ ਨਾਲੋਂ ਸਰਦੀ ਵੀ ਵਧੇਰੇ ਜ਼ੋਰਾਂ ਤੇ ਹੈ, ਸਭਨਾਂ ਦੇ ਸਰੀਰ ਕੰਬਦੇ ਹਨ। ਕੋਈ ਪ੍ਰੇਮੀ ਸੁਾਸਾਂ ਨੂੰ ਖਿਚ ਕੇ ਗੁਰ ਸ਼ਬਦ ਦੇ ਅਭਿਆਸ ਦੁਆਰਾ ਸਰੀਰ ਨੂੰ ਗਰਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਕੋਈ ਗੁਰਬਾਣੀ ਦੇ ਪਾਠਾਂ ਨੂੰ ਕੰਠੋਂ ਉਚਾਰਦਾ ਹੈ। ਕੀ ਤਕਿਆ ਕਿ ਸੈਦੂ ਨਗਰ ਵਲੋਂ ਹਥ ਵਿਚ ਲਾਲਟੈਣ ਪਕੜੀ ਇਕ ਬ੍ਰਿਧ ਉਮਰ ਦਾ ਪਠਾਨ ਸਿਧਾ ਬਾਬਾ ਜੀ ਵਲ ਚਲਿਆ ਆਉਂਦਾ ਹੈ। ਸਾਥੀ ਸੇਵਕ ਤਾਂ ਭੈ ਭੀਤ ਹੋ ਗਏ ਕਿ ਸ਼ਾਇਦ ਕੋਈ ਮਾਰਨ ਵਾਸਤੇ ਹੀ ਆਉਂਦਾ ਹੈ ਪਰ ਅੰਤਰਯਾਮੀ ਦਾਤੇ ਨੂੰ ਪਤਾ ਸੀ ਕਿ ਸੰਸਾਰੀ ਮੰਗ ਦਾ ਵਣਜਾਰਾ ਆ ਰਿਹਾ ਹੈ। ਪਾਸ ਪੁਜਿਆ, ਲੈਂਪ ਇਕ ਪਾਸੇ ਦੂਰ ਰਖ ਕੇ ਬ੍ਰਿਛ ਨਾਲ ਖੜ੍ਹਿਆਂ ਹੋ ਕੇ ਲੱਕ ਦਾ ਕੁੱਬ ਸਿਧਾ ਕੀਤਾ। ਬਾਬਾ ਬਿਸ਼ਨ ਸਿੰਘ ਸੰਤਾਂ ਦੇ ਪਾਸ ਗਿਆ, ਅਰਜ਼ ਕੀਤੀ ਮਹਾਰਾਜ! ਪਤਾ ਨਹੀਂ ਇਹ ਕੌਣ ਹੈ ਅਤੇ ਐਸ ਵੇਲੇ ਇਥੇ ਕਿਉਂ ਆਇਆ ਹੈ? ਹਜ਼ੂਰ ਨੇ ਹੱਸ ਕੇ ਆਖਿਆ, ਜਾਹ ਇਸਨੂੰ ਪੁਛ, ਕਿਸ ਲਈ ਆਇਆ ਹੈ। ਜਦੋਂ ਬਾਬੇ ਬਿਸ਼ਨ ਸਿੰਘ ਨੇ ਪੁਛਿਆ, ਖਾਨ ਸਾਹਿਬ! ਕੀ ਗਲ ਹੈ ਕਿਉਂ ਆਏ ਹੋ? ਤਾਂ ਉਸ ਨੇ ਅਰਜ਼ ਕੀਤੀ ਫਕੀਰ ਸਾਹਿਬ ਦੇ ਜਮਾਲ ਦੇ ਦੀਦਾਰ ਕਰਨ ਵਾਸਤੇ ਆਇਆ ਹਾਂ ਕ੍ਰਿਪਾ ਕਰਕੇ ਮੇਰੇ ਵਲੋਂ ਅਰਜ਼ ਕਰੋ। ਜਦੋਂ ਬਿਸ਼ਨ ਸਿੰਘ ਨੇ ਜਾ ਕੇ ਬੇਨਤੀ ਕੀਤੀ ਮਹਾਰਾਜ! ਆਪ ਜੀ ਦੇ ਦਰਸ਼ਨ ਕਰਨ ਵਾਸਤੇ ਆਇਆ ਹੈ ਤਾਂ ਸੰਤਾਂ ਨੇ ਪਾਸ ਬੁਲਾਇਆ। ਇਸ ਨੇ ਭਾਵਨਾ ਨਾਲ ਚਰਨਾਂ ਤੇ ਸੀਸ ਰਖ ਕੇ ਮੱਥਾ ਟੇਕਿਆ ਤੇ ਦੋਵੇਂ ਹੱਥ ਜੋੜ ਕੇ ਅਰਜ਼ ਕੀਤੀ, ਹੇ ਅੱਲਾ ਦੇ ਪਿਆਰੇ ਫਕੀਰ ਸਾਂਈ! ਆਪ ਪੀਰਾਨ ਪੀਰ ਗੁਰੂ ਨਾਨਕ ਦੇਵ ਜੀ ਦੇ ਮੁਰੀਦ ਹੋ ਮੇਰੇ ਤੇ ਤਰਸ ਕਰੋ ਮੇਰੀ ਝੋਲੀ ਵਿਚ ਖੈਰ ਪਾਓ, ਮੈਂ ਤੁਹਾਡੇ ਦਰ ਦਾ ਭਿਖਾਰੀ ਬਣ ਕੇ ਆਇਆ ਹਾਂ। ਮਹਾਂਪੁਰਸ਼ਾਂ ਨੇ ਰੱਬੀ ਰੰਗ ਵਿਚ ਰੱਤੇ ਮਸਤੀ ਵਾਲੇ ਨੇਤਰ ਖੋਲੇ ਤੇ ਪੁਛਿਆ ਕਿ ਖਾਨ ਸਾਹਿਬ! ਤੁਸੀਂ ਕੀ ਚਾਹੁੰਦੇ ਹੋ? ਉਸ ਨੇ ਅਰਜ਼ ਕੀਤੀ, ਗਰੀਬ ਨਿਵਾਜ਼, ਮੈਂ ਸੱਤਾਂ ਖੂਹਾਂ ਦੀ ਜ਼ਮੀਨ

ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

ਦਾ ਮਾਲਕ ਹਾਂ, ਜਰਨੈਲੀ ਪੈਨਸ਼ਨ ਹੈ, ਘਰ ਤਿੰਨ ਬੇਗਮਾਂ ਹਨ ਪਰ ਪੁਤਰ ਤੋਂ ਬਗੈਰ ਸਾਰਾ ਪਦਾਰਥ ਬਿਗਾਨਾ ਹੀ ਹੈ, ਆਪ ਕ੍ਰਿਪਾ ਕਰੋ। ਸੰਤਾਂ ਨੇ ਪੁਛਿਆ ਕਿਤਨੀ ਕੁ ਉਮਰ ਹੋ ਗਈ। ਉਸਨੇ ਉਤਰ ਦਿਤਾ ਪੀਰ ਜੀ! ਐਸ ਵੇਲੇ ਉਮਰ ਤਾਂ ਪਚਾਨਵੇਂ ਸਾਲਾਂ ਦੇ ਕਰੀਬ ਹੈ। ਸਤਿਪੁਰਸ਼ਾਂ ਆਖਿਆ ਉਮਰ ਤਾਂ ਤੇਰੀ ਬਹੁਤ ਜ਼ਿਆਦਾ ਹੋ ਗਈ ਹੁਣ ਸੁਕੇ ਬ੍ਰਿਛ ਨੂੰ ਫਲ ਲਗਣਾ ਮੁਸ਼ਕਲ ਹੈ, ਇਹ ਸੰਕਲਪ ਛੱਡ ਦੇਹ, ਅੱਲਾ ਦੀ ਬੰਦਗੀ ਕਰ। ਉਸ ਨੇ ਅਰਜ਼ ਕੀਤੀ ਮਹਾਰਾਜ! ਤੁਹਾਡੇ ਪਾਸ ਜਾਣ ਵਾਲੇ ਕਈ ਮੁਸਲਮਾਨ ਵੀਰਾਂ ਨੇ ਮੈਨੂੰ ਦਸਿਆ ਹੈ ਕਿ ਤੁਸੀਂ ਕੱਲ੍ਹ ਦੇ ਦੀਵਾਨ ਵਿਚ ਗੁਰੂ ਨਾਨਕ ਪੀਰ ਦਾ ਬਚਨ ਸੁਣਾਇਆ ਸੀ –

..........ਸੂਕੇ ਕਾਸਟ ਹਰਿਆ॥
ਪੰਨਾ – 10

ਸੂਕੇ ਕਾਸਟ ਹਰੇ ਚਲੂਲ॥
ਪੰਨਾ – 898

ਸੂਕੇ ਹਰੇ ਕੀਏ ਖਿਨ ਮਾਹੇ॥
ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ॥
ਪੰਨਾ – 191

ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ

ਆਪ ਸੁਕਿਆਂ ਨੂੰ ਵੀ ਹਰੇ ਭਰੇ ਕਰਨ ਵਾਲੇ ਹੋ, ਮੈਂ ਸ਼ਰਈ ਲੋਕਾਂ ਤੋਂ ਭੈ ਕਰ ਕੇ ਦਿਨ ਦੇ ਸਮੇਂ ਤੁਹਾਡਾ ਦੀਦਾਰ ਨਹੀਂ ਕਰ ਸਕਦਾ ਕਿਉਂਕਿ ਜੋ ਮੁਸਲਮਾਨ ਹਿੰਦੂ ਪੀਰ ਨੂੰ ਨਮਸ਼ਕਾਰ ਕਰਦਾ ਹੈ, ਸ਼ਰਈ ਲੋਕ ਉਸ ਨੂੰ ਕਾਫਰ ਕਹਿੰਦੇ ਹਨ ਅਤੇ ਸ਼ਰਾ ਤੋਂ ਬਾਹਰ ਚਲਣ ਦਾ ਫਤਵਾ ਲਾ ਦਿੰਦੇ ਹਨ। ਆਪ ਮੇਰੇ ਹਾਲ ਤੇ ਤਰਸ ਕਰੋ, ਇਹ ਗੁਰੂ ਨਾਨਕ ਪੀਰ ਦਾ ਦਰ ਹੈ ਜਿਸ ਨੇ ਮਕੇ ਮਦੀਨੇ ਵਿਚ ਆਪਣੇ ਚਰਨ ਪਾਏ ਅਤੇ ਜੋ ਹਿੰਦੂ ਮੁਸਲਮਾਨ ਦੇ ਸਾਂਝੇ ਰਹਿਬਰ ਹੋਏ ਹਨ ਜਿਸਦੇ ਦਰੋਂ ਕਦੇ ਕੋਈ ਖਾਲੀ ਨਹੀਂ ਗਿਆ। ਆਪ ਜੀ ਨੇ ਇਸ ਦੀ ਬੇਨਤੀ ਸੁਣ ਕੇ ਆਪਣੇ ਦੋਵੇਂ ਨੇਤ੍ਰ ਬੰਦ ਕਰ ਲਏ, ਕਾਫੀ ਸਮਾਂ ਬੰਦ ਰਖੇ, ਮਾਨੋਂ ਦਰਗਾਹੀ ਹੁਕਮ ਦਾ ਇੰਤਜ਼ਾਰ ਕਰ ਰਹੇ ਹਨ। ਕੁਝ ਕੁ ਸਮੇਂ ਤੋਂ ਬਾਅਦ ਨੇਤ੍ਰ ਖੋਲ੍ਹੇ ਅਤੇ ਮੁਸਕਰਾ ਕੇ ਕਿਹਾ, ਚੰਗਾ ਖਾਨ ਸਾਹਿਬ! ਅੱਲਾ ਤਾਲਾ ਦੀ ਮੇਹਰ ਹੋ ਗਈ ਤਾਂ ਅਸੀਂ ਕੁਝ ਕੁ ਦਿਨਾਂ ਤੋਂ ਬਾਅਦ ਪੰਜਾਬ ਨੂੰ ਚਲੇ ਜਾਣਾ ਹੈ। ਜਦੋਂ ਨੌਮੀ ਦੇ ਜੋੜ ਮੇਲੇ ਤੇ ਅਗਲੇ ਸਾਲ ਫੇਰ ਆਵਾਂਗੇ ਤਾਂ ਤੇਰੇ ਘਰ ਲੜਕਾ ਖੇਲ੍ਹਦਾ ਹੋਵੇਗਾ ਪਰ ਤੂੰ ਅੱਜ ਤੋਂ ਹੀ ਜਿੰਨਾਂ ਹੋ ਸਕੇ ਹਿੰਦੂ ਮੁਸਲਮਾਨ ਦੇ ਵਿਤਕਰੇ ਤੋਂ ਬਿਨਾਂ ਦਾਨ ਪੁੰਨ ਕਰੀਂ ਅਤੇ ਪੰਜੇ ਟਾਇਮ ਮਸੀਤ ਵਿਚ ਜਾ ਕੇ ਨਿਮਾਜਾਂ ਪੜ੍ਹੀਂ। ਖੁਦਾ ਅਗੇ ਸਿਜਦਾ ਕਰੀਂ, ਰੋਜੇ ਰਖੀਂ। ਪੰਜਵੀਂ ਇਸ਼ਾ ਦੀ ਨਿਮਾਜ਼ ਜੋ ਦਿਨ ਛਿਪੇ ਤੋਂ ਬਾਅਦ ਪੜ੍ਹੀ ਜਾਂਦੀ ਹੈ ਉਸ ਸਮੇਂ ਮਸੀਤ ਵਿਚ ਖੜੋ ਕੇ ਉਚੀ ਆਵਾਜ਼ ਦੇਵੀਂ ਕਿ ਜੋ ਕੋਈ ਭੁਖਾ ਲੋੜਵੰਦ ਪ੍ਰਸ਼ਾਦੇ ਦਾ ਚਾਹਵਾਨ ਹੈ ਤਾਂ ਆਓ ਪ੍ਰਸ਼ਾਦ ਛਕੋ। ਉਸ ਸਮੇਂ ਜਿਤਨੇ ਵੀ ਆਦਮੀ ਰੋਟੀ ਖਾਣ ਵਾਲੇ ਹੋਵਣ ਉਹਨਾਂ ਨੂੰ ਮਸੀਤ ਵਿਚ ਲਿਆ ਕੇ ਰੋਟੀ ਛਕਾਉਣੀ, ਇਹ ਸਭ ਤੋਂ ਵਡਾ ਪੁੰਨ ਹੈ। ਜੋ ਭੁਖੇ ਨੂੰ ਅੰਨ ਦਾ ਦਾਨ ਕਰਦਾ ਹੈ ਉਸ ਦੀਆਂ ਭੁਖੀਆਂ ਆਂਦਰਾਂ ਰੱਜ ਕੇ ਅਸੀਸਾਂ ਦਿੰਦੀਆਂ ਹਨ ਕਿਉਂਕਿ ਤੁਹਾਡੀ ਸ਼ਰ੍ਹਾ ਬੜੀ ਸਖਤ ਹੈ ਕੋਈ ਭੁਖਾ ਪਿਆਸਾ ਆਦਮੀ ਗਲੀ ਮਹਲੇ ਵਿਚ ਜਾ ਕੇ ਰੋਟੀ ਨਹੀਂ ਮੰਗ ਸਕਦਾ। ਭੁਖਾ ਆਦਮੀ ਸ਼ਾਮ ਨੂੰ ਹਨ੍ਹੇਰੇ ਹੋਏ ਤੋਂ ਮਸੀਤ ਦੀ ਕੰਧ ਤੇ ਚੜ੍ਹ ਕੇ ਅਵਾਜ਼ ਦਿੰਦਾ ਹੈ, ਮੈਂ ਭੁਖਾ ਹਾਂ ਕੋਈ ਮੇਰੇ ਤੇ ਤਰਸ ਕਰਕੇ ਖੁਦਾ ਨਮਿਤ ਰੋਟੀ ਦੇਵੇ। ਤਾਂ ਜਿਸਦੇ ਮਨ ਵਿਚ ਦਇਆ ਆਉਂਦੀ ਹੈ ਉਸਨੂੰ ਖੁਦਾ ਪ੍ਰੇਰਦਾ ਹੈ, ਉਹ ਉਸ ਜਗ੍ਹਾ ਆ ਕੇ ਰੋਟੀ ਦੇ ਜਾਂਦਾ ਹੈ ਨਹੀਂ ਤਾਂ ਉਸਨੂੰ ਭੁੱਖਾ ਹੀ ਸੌਣਾ ਪੈਂਦਾ ਹੈ। ਪਰ ਗਲੀ ਮਹੱਲੇ ਵਿਚ ਘਰਾਂ ਦੇ ਬੂਹੇ

ਅਗੇ ਜਾ ਕੇ ਕੋਈ ਮੰਗ ਨਹੀਂ ਸਕਦਾ। ਇਸੇ ਕਰਕੇ ਅੰਨ ਦਾਨ ਦਾ ਸਭ ਤੋਂ ਵਡਾ ਪੁੰਨ ਹੈ। ਗੁਸਾਈਂ ਤੁਲਸੀ ਦਾਸ ਜੀ ਨੇ ਫੁਰਮਾਇਆ ਹੈ ਕਿ–

ਲੇਨੇ ਕੋ ਹਰਿ ਨਾਮ ਹੈ ਦੇਨੇ ਕੋ ਅੰਨ ਦਾਨ।
ਤਰਨੇ ਕੋ ਨਿਰਮਾਨਤਾ ਡੂਬਨ ਕੋ ਅਭਿਮਾਨ।

ਗੁਰੂ ਨਾਨਕ ਦੇ ਘਰ ਦੀ ਵੱਡੀ ਮਰਿਆਦਾ ਲੰਗਰ ਚਲਾਉਣ ਦੀ ਹੈ। ਸਤਿਪੁਰਸ਼ਾਂ ਦੇ ਅਤੁੱਟ ਲੰਗਰ ਚਲਦੇ ਹਨ, ਮਾਨੋ ਇਹ ਪੂਰਨ ਸਾਧੂ ਦੀ ਨਿਸ਼ਾਨੀ ਹੈ। ਜੋ ਕਿਸੇ ਨੂੰ ਰੋਟੀ ਕੱਪੜੇ ਮਕਾਨ ਦੁਆਰਾ ਆਰਾਮ ਨਹੀਂ ਦੇ ਸਕਦਾ ਉਹ ਦੂਜੇ ਦਾ ਹੋਰ ਕੀ ਭਲਾ ਕਰ ਸਕੇਗਾ। ਗੁਰੂ ਨਾਨਕ ਦਾ ਮਿਸ਼ਨ ਸੰਗਤ ਪੰਗਤ ਦੀ ਅਭੇਦਤਾ ਹੈ ਅਤੇ ਗ੍ਰਿਸਤੀ ਦਾ ਸਭ ਤੋਂ ਵਡਾ ਏਹੋ ਫਰਜ਼ ਵੀ ਬਣਦਾ ਹੈ। ਭਾਰਤ ਦੇ ਰਿਸ਼ੀ ਭਗਤ ਕਬੀਰ ਜੀ ਫੁਰਮਾਉਂਦੇ ਹਨ –

ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥
ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ॥

ਪੰਨਾ – 1377

ਇਸ ਤਰ੍ਹਾਂ ਦੇ ਪਵਿਤ੍ਰ ਬਚਨ ਸੁਣ ਕੇ ਇਸਦਾ ਮਨ ਬੜਾ ਪ੍ਰਸੰਨ ਹੋਇਆ ਅਤੇ ਅਰਜ਼ ਕੀਤੀ, ਪੀਰ ਜੀ! ਜੋ ਆਪ ਨਿਮਾਜ਼ਾਂ ਪੜ੍ਹਨ ਦੀ ਆਗਿਆ ਕਰਦੇ ਹੋ ਕ੍ਰਿਪਾ ਕਰਕੇ ਦਸੋ ਇਹ ਨਿਮਾਜ਼ਾਂ ਕਿਸ ਨੇ ਪ੍ਰਚਲਤ ਕੀਤੀਆਂ ਅਤੇ ਇਨ੍ਹਾਂ ਦੇ ਕੀ ਕੀ ਨਾਮ ਹਨ ਤੇ ਪੜ੍ਹਨ ਦਾ ਸਮਾਂ ਵੀ ਕਿਹੜਾ ਹੈ?

ਸੰਤਾਂ ਨੇ ਹੱਸ ਕੇ ਉਤਰ ਦਿਤਾ, ਇਹ ਤੂੰ ਆਪਣੇ ਮੁਸਲਮਾਨ ਭਰਾਵਾਂ ਤੋਂ ਪੁੱਛ, ਸਾਨੂੰ ਕੀ ਪਤਾ ਹੈ। ਇਸਨੇ ਅਰਜ਼ ਕੀਤੀ ਮਹਾਰਾਜ! ਆਪ ਤੋਂ ਕੋਈ ਗਲ ਭੁਲੀ ਨਹੀਂ, ਆਪ ਹਿੰਦੂ, ਮੁਸਲਮਾਨ ਦੇ ਸਾਂਝੇ ਪੀਰ ਹੋ, ਦੋਹਾਂ ਦੇ ਭਲੇ ਦਾ ਉਪਦੇਸ਼ ਕਰਦੇ ਹੋ। ਹਜ਼ੂਰ ਕਹਿਣ ਲਗੇ, ਲੈ ਸੁਣ–

1. ਪਹਿਲੀ ਨਿਮਾਜ਼ ਫਜ਼ਰ ਦੀ ਹੈ ਜੋ ਸੂਰਜ ਨਿਕਲਣ ਤੋਂ ਪਹਿਲਾਂ–ਪਹਿਲਾਂ ਪਹੁ–ਫੁਟਾਲੇ ਤੱਕ ਪੜ੍ਹੀ ਜਾਂਦੀ ਹੈ। ਇਹ ਅੰਧੇਰੇ ਦੇ ਦੁੱਖ ਤੋਂ ਛੁਟ ਕੇ ਬਾਬੇ ਆਦਮ ਨੇ ਪੜ੍ਹੀ ਸੀ ਅਤੇ ਖੁਦਾ ਅਗੇ ਬੰਦਗੀ ਕੀਤੀ ਸੀ।

2. ਦੂਜੀ ਨਿਮਾਜ਼ ਜੁਹਰ ਦੀ ਹੈ ਜੋ ਦੁਪਹਿਰ ਹੋਣ ਤੋਂ ਪੰਜ ਘੜੀਆਂ ਪਹਿਲਾਂ ਪੜ੍ਹੀ ਜਾਂਦੀ ਹੈ। ਅੱਗ ਵਿਚ ਪੈ ਕੇ ਅੱਗ ਠੰਢੀ ਹੋਈ ਜਾਣਕੇ ਇਬਰਾਹੀਮ ਖਲੀਲ ਨੇ ਪੜ੍ਹੀ ਸੀ, ਉਸ ਸਮੇਂ ਅਗਨੀ ਦੇ ਅੰਗਾਰ ਫੁਲ ਬਣ ਗਏ ਸਨ।

3. ਤੀਜੀ ਨਿਮਾਜ਼ ਅਸਰ ਦੀ ਹੈ ਜੋ ਪੰਜ ਘੜੀ ਦਿਨ ਰਹਿਣ ਤੇ ਸੂਰਜ ਦੇ ਛਿਪਣ ਤੱਕ ਪੜ੍ਹੀ ਜਾਂਦੀ ਹੈ, ਇਹ ਮੱਛੀ ਦੇ ਪੇਟ 'ਚੋਂ ਬਾਹਰ ਆ ਕੇ ਯੂਨਸ ਨੇ ਪੜ੍ਹੀ ਸੀ।

ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

4. ਚੌਥੀ ਨਿਮਾਜ਼ ਮਗ਼ਰਬੀ ਹੈ ਜੋ ਸੂਰਜ ਛਿਪਣ ਤੋਂ ਲੈ ਕੇ ਅਕਾਸ਼ ਵਿਚ ਲਾਲੀ ਰਹਿਣ ਤੱਕ ਪੜ੍ਹੀ ਜਾਂਦੀ ਹੈ। ਇਹ ਆਦਮੀਆਂ ਦੇ ਘੇਰੇ 'ਚੋਂ ਛੁਟ ਕੇ ਈਸਾ ਨੇ ਪੜ੍ਹੀ ਸੀ।

5. ਪੰਜਵੀਂ ਇਸ਼ਾ ਦੀ ਨਿਮਾਜ਼ ਹੈ ਜੋ ਅਕਾਸ਼ ਦੀ ਲਾਲੀ ਜਾਣ ਤੋਂ ਬਾਅਦ ਤਿੰਨ ਘੜੀ ਰਾਤ ਗਈ ਤੱਕ ਇਸਦੇ ਪੜ੍ਹਨ ਦਾ ਟਾਇਮ ਹੈ। ਇਹ ਬੱਦਲ ਬਿਜਲੀ ਦੇ ਡਰ ਤੋਂ ਛੁਟ ਕੇ ਮੂਸੇ ਨੇ ਪੜ੍ਹੀ ਸੀ। ਇਹ ਹਨ ਪੰਜ ਨਿਮਾਜ਼ਾਂ ਤੇ ਇਹਨਾਂ

(ਬਾਕੀ ਪੰਨਾ 52 ਤੇ)

ਤਬ ਹਮ ਜਨਮ ਕਲੂ ਮਹਿ ਲੀਆ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ, ਗੁ, ਰੂ, ਮਿਸ਼ਨ।

ਸਤਿਨਾਮ ਸ੍ਰੀ ਵਾਹਿਗੁਰੂ
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥
ਅੰਗ - ੨੫੬

ਧਾਰਨਾ - ਤੇਰੇ ਨਾਮ ਦਾ ਦਾਨ ਮੇਰੇ ਸਾਹਿਬਾ,
ਦੋਵੇਂ ਹੱਥ ਜੋੜ ਮੰਗਦਾ।

ਹਰਿ ਸਮਰਥ ਕੀ ਸਰਨਾ ॥
ਜੀਉ ਪਿੰਡੁ ਧਨੁ ਰਾਸਿ ਮੇਰੀ ਪ੍ਰਭ ਏਕ ਕਾਰਨ ਕਰਨਾ ॥ ੧ ॥ ਰਹਾਉ ॥
ਸਿਮਰਿ ਸਿਮਰਿ ਸਦਾ ਸੁਖੁ ਪਾਈਐ ਜੀਵਣੈ ਕਾ ਮੂਲੁ ॥
ਰਵਿ ਰਹਿਆ ਸਰਬਤ ਠਾਈ ਸੂਖਮੋ ਅਸਥੂਲ॥ ੧ ॥
ਆਲ ਜਾਲ ਬਿਕਾਰ ਤਜਿ ਸਭਿ ਹਰਿ ਗੁਨਾ ਨਿਤ ਗਾਉ॥
ਕਰ ਜੋੜਿ ਨਾਨਕੁ ਦਾਨੁ ਮਾਂਗੈ ਦੇਹੁ ਅਪਨਾ ਨਾਉ ॥
ਅੰਗ - ੯੮੮

ਧਾਰਨਾ - ਪਿਆਰੇ ਜੀ, ਦੋਵੇਂ ਹੱਥ ਜੋੜ ਮੰਗਦਾ,
ਮੈਨੂੰ ਦੇਵੋ ਆਪਣਾ ਨਾਮ।

ਧਾਰਨਾ - ਸੁਣ ਲਓ ਪਿਆਰਿਓ,
ਕਥਾ ਦਸਵੇਂ ਗੁਰਾਂ ਦੀ।

ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ, ਅੱਜ ਮਹਾਨ ਪਵਿੱਤਰ ਦਿਹਾੜਾ ਸਾਰੇ ਸੰਸਾਰ ਵਾਸਤੇ ਜਾਂ ਐਉਂ ਸਮਝ ਲਓ ਕਿ ਸਾਰੀ ਪ੍ਰਾਕ੍ਰਿਤੀ ਵਾਸਤੇ ਹੈ ਕਿ ਅੱਜ ਦੇ ਦਿਨ ਉਹ ਮਹਾਂ ਪਿਆਰ ਕਰਨ ਵਾਲੇ, ਗੁਰੂ ਦਸ਼ਮੇਸ਼ ਪਿਤਾ ਦਾ ਪ੍ਰਕਾਸ਼ ਹੋਇਆ। ਓਸ ਉਤਸਵ ਨੂੰ ਮਨਾਉਣ ਵਾਸਤੇ ਆਪ ਕਾਰੋਬਾਰ ਸੰਕੋਚਦੇ ਹੋਏ ਦੂਰ-ਦਰਾਜ਼ ਤੋਂ ਅਨੇਕਾਂ ਕਿਸਮ ਦੀਆ ਸਵਾਰੀਆਂ ਦੇ ਰਾਹੀਂ ਗੁਰੂ ਦਰਬਾਰ 'ਚ ਪਹੁੰਚੇ ਓਂ। ਸੋ ਹੁਣ ਜੋ ਥੋੜ੍ਹਾਂ ਸਮਾਂ ਆਪਾਂ ਨੂੰ ਪ੍ਰਾਪਤ ਹੋਇਆ ਹੈ ਉਹ ਧਿਆਨ ਦੇ ਕੇ ਚਿਤ ਬਿਰਤੀਆ ਨੂੰ ਇਕਾਗਰ ਕਰਕੇ, ਪੂਰਾ-ਪੂਰਾ ਲਾਭ ਉਠਾਓ, ਜਦ ਅਸੀਂ ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰਾਂਗੇ, ਕੰਨਾਂ ਦੇ ਨਾਲ ਗੁਰੂ ਉਸਤਤ, ਗੁਰੂ ਜਸ ਸਰਵਣ ਕਰਾਂਗੇ, ਰਸਨਾ ਦੇ ਨਾਲ ਸ਼ਬਦ 'ਚ ਬੋਲਾਂਗੇ, ਹਿਰਦੇ ਵਿਚ ਵਿਚਾਰ ਕਰਾਂਗੇ, ਓਸ ਵੇਲੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਫਲ ਕੀ ਹੁੰਦਾ ਹੈ -

ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥
ਅੰਗ - ੫੪੬

ਸ੍ਰੀ ਹੇਮ ਕੁੰਟ ਸਾਹਿਬ

ਕਈ ਕਰੋੜ ਜੱਗਾਂ ਦਾ ਫਲ ਮਿਲ ਜਾਂਦਾ ਹੈ, ਜਿਹਨੇ ਕੁਛ ਮੰਗਣਾ ਹੈ, ਮੰਗ ਲਓ, ਪਰ ਇਹ ਜਿਹੜਾ ਤਰੀਕਾ ਦੱਸਿਆ ਹੈ ਇਹ ਵਰਤ ਕੇ। ਚਿਤ ਬਿਰਤੀਆ ਇਕਾਗਰ ਹੋ ਜਾਵੇ, ਗੁਰੂ ਦੇ ਨਾਲ ਬਿਰਤੀ ਜੁੜ ਜਾਵੇ, ਮੰਗ ਲਓ ਸੰਸਾਰ ਮੰਗਣਾ ਹੈ, ਸੰਸਾਰ ਮੰਗਣ ਦੇ ਨਾਲ ਤਾਂ ਕੁਛ ਵਿਗੜਦਾ ਹੀ ਨਹੀਂ ਹੈ। ਕੁਛ ਨਹੀਂ ਘਟਦਾ -

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
ਘਰਿ ਤ ਤੇਰੈ ਸਭੁ ਕਿਛੁ ਹੈ
ਜਿਸੁ ਦੇਹਿ ਸੁ ਪਾਵਏ॥ ਅੰਗ - ੯੧੭

ਲੇਕਿਨ ਮੰਗਣਾ ਕੀ ਹੈ, ਨਾਮ ਮੰਗੋ ਉਸ ਤੋਂ। ਬਾਕੀ ਨੂੰ ਤਾਂ ਮਹਾਰਾਜ ਕਹਿੰਦੇ -

ਆਲ ਜਾਲ ਬਿਕਾਰ ਤਜਿ ਸਭਿ ....।।
ਅੰਗ - ੯੮੮

ਬਾਕੀ ਆਲ ਜਾਲ ਨੂੰ ਛੱਡ ਦੇ, ਕੁਛ ਨਹੀਂ ਹੈ -

.................ਹਰਿ ਗੁਨਾ ਨਿਤ ਗਾਉ॥ *ਅੰਗ - ੯੮੮*

ਹਰੀ ਦੇ ਗੁਣ ਗਾਓ -

ਕਰ ਜੋੜਿ ਨਾਨਕੁ ਦਾਨੁ ਮਾਂਗੈ ਦੇਹੁ ਅਪਨਾ ਨਾਉ ॥
ਅੰਗ - ੯੮੮

ਸੋ ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਦੀਆ ਖੁਸ਼ੀਆਂ ਅੱਜ ਸੰਸਾਰ ਦੇ ਉਤੇ ਬੇਅੰਤ ਨੇ। ਉਨ੍ਹਾਂ ਦੇ ਜੀਵਨ ਦੇ ਕੁਛ ਪੱਖਾਂ ਦੇ ਵਿਚਾਰ ਕਰਨ ਵਾਸਤੇ ਆਪਾਂ ਇਥੇ ਆਏ ਹਾਂ, ਧਿਆਨ ਦੇ ਨਾਲ ਸਰਵਣ ਕਰਿਓ। ਕਿਉਂਕਿ ਗੁਰੂ ਦਸਵੇਂ ਪਾਤਸ਼ਾਹ ਦਾ ਸਮੁੱਚਾ ਜੀਵਨ ਕਹਿਣ ਵਾਸਤੇ ਕੋਈ ਵੀ ਦੁਨੀਆ ਅੰਦਰ ਨਹੀਂ ਆਇਆ ਜਿਹੜਾ ਸਮਰੱਥ ਹੋਵੇ। ਆਪ ਨੇ ਜ਼ਿੰਦਗੀ ਦੇ ਹਰ ਪੱਖ ਦੇ ਵਿਚ ਕੁਝ ਨਾ ਕੁਝ ਕੀਤਾ ਹੈ, ਰਸਤਾ ਦਿਖਾਇਆ ਹੈ ਹਰ ਪੱਖ ਦੇ ਵਿਚ। ਸੋ ਐਨੇ ਪੱਖ ਨੇ ਦੁਨੀਆਂ ਦੇ ਅੰਦਰ ਕਿ ਵਿਚਾਰ ਨਹੀਂ ਕੀਤੀ ਜਾ ਸਕਦੀ। ਲਿਟਰੇਚਰ ਐਨਾ ਰਚਿਆ ਹੈ ਕਿ ਓਹਦਾ ਹਿਸਾਬ ਕਿਤਾਬ ਹੀ ਨਹੀਂ ਲਾਇਆ ਜਾ ਸਕਦਾ। 102 ਲਿਖਾਰੀ ਗੁਰੂ ਮਹਾਰਾਜ ਦੇ ਦਰਬਾਰ ਵਿਚ ਸਨ, 52 ਕਵੀ ਤੇ 50 ਲਿਖਣ ਵਾਲੇ। ਹਰ ਵਕਤ ਉਨ੍ਹਾਂ ਦਾ ਕੰਮ ਸੀ ਕਿ ਲਿਖਦੇ ਰਹਿਣਾ, ਸਾਰੇ ਪੁਰਾਣੇ ਗ੍ਰੰਥ ਅਰਬੀ ਦੇ, ਪਸ਼ਤੋ ਦੇ, ਸੰਸਕ੍ਰਿਤ ਦੇ ਹਿੰਦੀ ਦੇ, ਹੋਰ ਅਨੇਕਾਂ ਭਾਸ਼ਾਵਾਂ ਦੇ, ਜੋ ਉਸ ਵੇਲੇ ਭਾਰਤ ਵਰਸ਼ ਦੇ ਵਿਚ ਪ੍ਰਚਲਤ ਸਨ, ਗੁਰੂ ਮਹਾਰਾਜ ਨੇ ਉਨ੍ਹਾਂ ਸਾਰਿਆਂ ਦਾ ਅਨੁਵਾਦ ਕੀਤਾ। ਲੇਕਿਨ ਇਹ ਦੂਸਰੀ ਗੱਲ ਹੈ ਕਿ ਸਾਡੇ ਹੱਥ 'ਚੋਂ ਨਿਕਲ ਗਏ ਤੇ ਅੱਜ ਅਸੀਂ ਗੁਰੂ ਦਸਵੇਂ ਪਾਤਸ਼ਾਹ ਦਾ ਲਿਖਿਆ ਹੋਇਆ ਨਾ ਪੜ੍ਹ ਸਕਦੇ ਹਾਂ, ਨਾ ਸਮਝ ਸਕਦੇ ਹਾਂ। ਸਮਾਂ ਨਹੀਂ ਸਾਡੇ ਕੋਲ। ਕਿਉਂਕਿ ਬਹੁ ਭਾਸ਼ਾ 'ਚ ਲਿਖਿਆ ਹੋਣ ਕਰਕੇ ਵਿਦਵਾਨ ਪੁਰਸ਼ਾਂ ਨੂੰ ਤਾਂ ਸਮਝ ਆ ਜਾਂਦਾ ਹੈ, ਦੂਸਰੇ ਆਮ ਪੁਰਸ਼ ਨੂੰ ਨਹੀਂ ਪਤਾ ਲਗਦਾ ਕਿ ਮਹਾਰਾਜ ਨੇ ਐਨੇ ਔਖੇ ਲਫਜ਼ ਲਿਆਉਂਦੇ ਕਿਥੋਂ ਅਰ ਲੱਖਾਂ ਦੀ ਤਦਾਦ ਵਿਚ। ਕਿਸੇ ਬੰਦੇ ਦੇ 5000 ਡਿਕਸ਼ਨਰੀ ਦਾ ਸ਼ਬਦ ਯਾਦ ਹੋਵੇ ਉਹ great-great person ਗਿਣਿਆ ਜਾਂਦਾ ਹੈ। ਲੇਕਿਨ ਗੁਰੂ ਦਸ਼ਮੇਸ਼ ਪਿਤਾ ਦੇ ਸ਼ਬਦ ਵੱਖਰੇ-ਵੱਖਰੇ ਕਰਕੇ ਰੱਖੋ, ਪਤਾ ਹੀ ਨਹੀਂ ਲਗਦਾ ਕਿ ਐਨੇ ਅੱਖਰ ਆ ਕਿੱਥੋਂ ਗਏ, ਸੋ ਇਸ ਕਰਕੇ ਉਨ੍ਹਾਂ ਦੀ ਮਾਨਤਾ ਹਰ ਪਾਸੇ ਹੈ। ਮਹਾਰਾਜ ਕਹਿੰਦੇ ਨੇ ਕਿ ਸਾਡਾ ਆਉਣਾ ਕਿਵੇਂ ਹੋਇਆ, ਮਹਾਰਾਜ ਜੀ ਆਪਣੇ ਹੱਥਾਂ ਨਾਲ ਲਿਖਦੇ ਨੇ ਕਿਸੇ ਦੀ ਗੱਲ ਸੁਣੀ ਸੁਣਾਈ ਨਹੀਂ ਹੈ, ਗੁਰੂ ਮਹਾਰਾਜ ਨੇ ਆਪਣੀ ਗੱਲ ਆਪ ਲਿਖੀ ਹੈ। ਆਪ ਫੁਰਮਾਨ ਕਰਦੇ ਨੇ ਕਿ-

ਅਬ ਮੈ ਅਪਨੀ ਕਥਾ ਬਖਾਨੋ।
ਤਪ ਸਾਧਤ ਜਿਹਿ ਬਿਧਿ ਮੋਹਿ ਆਨੋ।

ਪਿਛਲੇ ਜਨਮ ਦੇ ਅੰਦਰ ਮੈਂ -

ਹੇਮ ਕੁੰਟ ਪਰਬਤ ਹੈ ਜਹਾਂ।
ਸਪਤ ਸ੍ਰਿੰਗ ਸੋਭਿਤ ਹੈ ਤਹਾਂ।
ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।
ਪੰਡੁ ਰਾਜ ਜਹ ਜੋਗ ਕਮਾਵਾ।
ਤਹ ਹਮ ਅਧਿਕ ਤਪੱਸਿਆ ਸਾਧੀ।
ਮਹਾਕਾਲ ਕਾਲਿਕਾ ਅਰਾਧੀ।

ਕਹਿੰਦੇ ਉਹ ਜਿਹੜਾ ਪਰਬਤ ਸੀ, ਉਥੇ ਅਸੀਂ ਤਪ ਕਰ ਰਹੇ ਸੀ -

ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।

ਸੱਤ ਚੋਟੀਆਂ ਸ਼ੋਭਦੀਆਂ ਨੇ, ਪਤਾ ਦਿਤਾ, ਤੇ ਉਨ੍ਹਾਂ ਨੂੰ ਸਪਤ ਸਿੰਘ ਕਹਿੰਦੇ ਨੇ। ਦੂਸਰੀ ਨਿਸ਼ਾਨੀ ਇਹ ਦਿਤੀ ਕਿ ਓਸ ਥਾਂ ਦੇ ਉਤੇ ਜਦੋਂ ਮਹਾਂਭਾਰਤ ਦਾ ਯੁੱਧ ਜਿਤਿਆ ਗਿਆ ਤਾਂ ਓਸ ਵੇਲੇ ਪਾਂਡਵਾਂ ਨੇ ਰਾਜ ਕਰਿਆ ਸਾਰਾ। ਰਾਜਸੀ ਯੱਗ ਕਰਿਆ। ਸਾਰਾ ਹਿੰਦੋਸਤਾਨ, ਭਾਰਤ ਵਰਸ਼, ਉਨ੍ਹਾਂ ਦੇ ਅਧਿਕਾਰ ਦੇ ਥੱਲੇ

ਪੀਰ ਭੀਖਨ ਸ਼ਾਹ ਜੀ ਗੁਰੂ ਮਹਾਰਾਜ ਜੀ ਅੱਗੇ ਕੁਜੇ ਪੇਸ਼ ਕਰਦੇ ਹੋਏ ਪੁਛਣ ਲਈ ਕਿ ਤੁਸੀਂ ਮੁਸਲਮਾਨਾਂ ਦੇ ਪੱਖ ਵਿੱਚ ਹੋਵੋਂਗੇ ਜਾਂ ਹਿੰਦੂਆਂ ਦੇ।

ਆ ਗਿਆ। ਓਸ ਵੇਲੇ ਹਿੰਦੋਸਤਾਨ ਜਿਹਨੂੰ ਭਾਰਤ ਕਹਿੰਦੇ ਸੀ ਉਸ ਵਿਚ ਈਰਾਨ ਵੀ ਵਿਚ ਹੁੰਦਾ ਸੀ, ਅਰਬ ਵੀ ਵਿਚ ਹੁੰਦਾ ਸੀ, ਬਰਮਾ ਵੀ ਵਿਚ ਹੁੰਦਾ ਸੀ, ਲੰਕਾ ਵਗੈਰਾ ਵੀ ਵਿਚ ਹੁੰਦਾ ਸੀ। ਅੱਡ ਰਾਜ ਨਹੀਂ ਸੀ ਹੁੰਦੇ। ਸਾਰਾ ਪਹਾੜ ਹੁੰਦਾ। ਪੂਰਾ ਰਾਜ ਲੈ ਕੇ ਚਿਤ ਨਾ ਉਨ੍ਹਾਂ ਦਾ ਲੱਗਿਆ। ਉਦਾਸ ਹੋ ਗਏ, ਉਹ ਬੰਦੇ ਨਜ਼ਰ ਨਹੀਂ ਆਉਂਦੇ ਜਿਨ੍ਹਾਂ ਨੂੰ ਜਾ ਕੇ ਨਮਸ਼ਕਾਰਾਂ ਕਰਿਆ ਕਰਦੇ ਸੀ। ਨਾ ਕੁਲ ਦੇ ਵੱਡੇ ਵਡੇਰੇ ਭੀਸ਼ਮ ਪਿਤਾਮਾ, ਗੁਰੂ ਦਰੋਣਾਚਾਰੀਆ, ਕ੍ਰਿਪਾਚਾਰੀਆ ਵਰਗੇ ਨਜ਼ਰ ਆ ਰਹੇ ਹਨ। ਨਾ ਕੋਈ ਹੋਰ ਚੰਗੇ-ਚੰਗੇ ਰਾਜੇ ਜਿਨ੍ਹਾਂ ਨਾਲ ਮਿਤਰਤਾ ਸੀ ਕੋਈ ਨਜ਼ਰ ਨਹੀਂ ਆ ਰਿਹਾ। ਏਸ ਲੜਾਈ ਦੇ ਅੰਦਰ ੪੫ ਲੱਖ ਬੰਦਾ ਯੁੱਧ ਕਰਨ ਵਾਸਤੇ ਆਇਆ ਸੀ ਜਿਹਨੂੰ ੧੮ ਕੂਹਣੀਆਂ ਕਹਿੰਦੇ ਨੇ। ੪੫ ਲੱਖ ਦੇ ਵਿਚੋਂ ਸਿਰਫ ਸੱਤ ਬੰਦੇ ਬਚੇ ਸੀ। ਬਾਕੀ ਸਭ ਮਾਰੇ ਗਏ। ਬਹਾਦਰ ਸੂਰਮੇ ਆਪਣੇ ਵੀ ਮਾਰੇ ਗਏ ਉਨ੍ਹਾਂ ਦੇ ਵੀ ਮਾਰੇ ਗਏ। ਐਨੇ ਬੰਦਿਆਂ ਜਦ ਖੂਨ ਹੋ ਜਾਵੇ, ਇਹ ਤਖਤ ਤਾਂ ਫੇਰ ਖੂਨ ਦਾ ਬਣਿਆ ਹੋਇਆ ਹੋ ਗਿਆ। ਉਹਦੇ ਉਤੇ ਜੀ ਕੀ ਲਗਣਾ ਹੈ, ਉਦਾਸ ਹੋ ਗਏ ਤੇ ਏਸ ਦੇ ਪਸ਼ਚਾਤਾਪ ਵਾਸਤੇ, ਪ੍ਰਸ਼ਚਿਤ ਕਰਨ ਵਾਸਤੇ ਉਨ੍ਹਾਂ ਨੇ ਵੱਡਾ ਭਾਰਾ ਯੱਗ ਕਰਿਆ। ਉਹਦੇ ਨਾਲ ਵੀ ਦਿਲ ਨਾ ਲੱਗਿਆ। ਕਿਉਂਕਿ ਆਪਣੇ ਵੀ ਪੁੱਤਰ ਮਾਰੇ ਗਏ ਸਨ। ਪੰਜ ਪੁਤਰ ਇਕ ਮਾਰੇ ਗਏ, ਇਕ ਅੱਡ ਮਾਰਿਆ ਗਿਆ ਅਰਜਨ ਦਾ ਪੁੱਤਰ। ਸੋ ਦਿਲ ਨਾ ਲੱਗਿਆ ਉਹ ਤਪ ਕਰਨ ਵਾਸਤੇ ਇਨ੍ਹਾਂ ਪਰਬਤਾਂ ਤੇ ਚਲੇ ਗਏ। ਦਰੋਪਤੀ ਨਾਲ ਚਲੀ ਗਈ, ਪੰਜੇ ਪਾਂਡਵ ਚਲੇ ਗਏ, ਤੇ ਉਸ ਤੋਂ ਬਾਅਦ ਇਤਿਹਾਸ ਵਿਚ ਉਨ੍ਹਾਂ ਦਾ ਕਿਤੇ ਨਾਮ ਨਹੀਂ ਆਉਂਦਾ। ਕਿਸੇ ਨੇ ਮੁੜ ਕੇ ਦੇਖੇ ਹੀ ਨਹੀਂ, ਕਿਸੇ ਪਤਰੇ ਤੇ ਨਹੀਂ ਆਉਂਦਾ ਕਿ ਉਹ ਮੁੜ ਕੇ ਆ ਗਏ ਸੰਸਾਰ ਦੇ ਅੰਦਰ। ਉਥੇ ਹੀ ਉਨਾਂ ਦੇ ਸਰੀਰ ਬਰਫਾਂ 'ਚ ਗਲ ਗਏ। ਸੋ ਮਹਾਰਾਜ ਕਹਿੰਦੇ ਉਹ ਜਗ੍ਹਾਂ ਹੈ -

ਪੰਡੁ ਰਾਜ ਜਹ ਜੋਗ ਕਮਾਵਾ।
ਤਹ ਹਮ ਅਧਿਕ ਤਪੱਸਿਆ ਸਾਧੀ।
ਮਹਾਕਾਲ ਕਾਲਿਕਾ ਅਰਾਧੀ।

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਲ ਰੂਪ ਵਿੱਚ ਮਾਤਾ ਗੁਜਰੀ ਜੀ ਦੀ ਗੋਦ ਵਿੱਚ

ਜਿਹੜਾ ਕਾਲ ਦਾ ਵੀ ਕਾਲ ਕਰਨ ਵਾਲਾ ਮਹਾਂ ਕਾਲ ਹੈ, time & space ਨੂੰ ਵੀ ਜਿਹੜਾ ਖਤਮ ਕਰ ਦਿੰਦਾ ਹੈ, ਇਹ ਗੱਲ ਸਾਇੰਟੇਫਿਕ ਹੈ, ਇਹ ਆਪਣੀ ਸਮਝ 'ਚ ਆਉਣ ਤੋਂ ਬਾਹਰਲੀ ਗੱਲ ਹੈ। ਸਾਇੰਸ ਨੂੰ ਵੀ ਨਹੀਂ ਪਤਾ ਕਿ ਸਮਾਂ ਵੀ ਕਦੇ ਖਤਮ ਹੋ ਜਾਂਦਾ ਹੈ। ਹੁਣ ਪਤਾ ਲਗ ਗਿਆ ਕਿ ਸਮਾਂ create ਕੀਤਾ ਗਿਆ ਹੈ, space ਵੀ ਬਣਾਈ ਗਈ ਹੈ। ਵਾਹਿਗੁਰੂ ਵਿਚ ਨਾ space ਹੈ ਨਾ ਸਮਾਂ ਹੈ, ਦੋਵੇਂ ਚੀਜ਼ਾਂ ਨਹੀਂ ਹੈਗੀਆਂ ਇਹ ਤਾਂ ਸਾਡੇ ਕੋਲ ਸਮਾਂ ਹੈ, ਸਾਡੀ ਉਮਰ ਘਟਦੀ ਹੈ, ਬਚਪਨ ਹੁੰਦਾ ਹੈ, ਜਵਾਨ ਹੁੰਦਾ ਹੈ, ਜਵਾਨ ਹੁੰਦੇ ਹਾਂ, ਬੁਢਾਪਾ ਆ ਜਾਂਦਾ ਹੈ ਮਰ ਜਾਂਦੇ ਹਾਂ। ਉਹ ਸਮੇਂ ਦਾ ਸਾਡੇ ਤੇ ਅਸਰ ਹੁੰਦਾ ਹੈ। ਲੇਕਿਨ ਮਹਾਂ ਕਾਲ ਉਪਰ ਸਮੇਂ ਦਾ ਅਸਰ ਨਹੀਂ ਹੁੰਦਾ, ਮਹਾਰਾਜ ਕਹਿੰਦੇ, ਜਿਹੜਾ ਕਾਲ ਦਾ ਵੀ ਮਹਾਂ ਕਾਲ ਹੈ ਨਾ, ਅਸੀਂ ਉਹਦੀ ਤਪਸਿਆ ਕਰਦੇ ਹਾਂ, ਤੇ ਵਾਹਿਗੁਰੂ ਦਾ ਐਨਾ ਭਜਨ ਕਰਿਆ, ਐਨੇ ਪਿਆਰ ਦੇ ਵਿਚ ਗੁਲਤਾਨ ਹੋ ਗਏ ਕਿ ਸਾਨੂੰ ਆਪਣੀ ਸੁਧ ਬੁਧ ਕੋਈ ਨਾ ਰਹੀ ਤੇ ਸਾਨੂੰ ਜਿਹੜਾ ਮੈਂ ਸੀ, ਆਪਾ ਆਪ ਸੀ ਉਹ ਰੱਬ ਵਰਗਾ ਹੀ ਹੋ ਗਿਆ, ਰੱਬ ਦੇ ਵਿਚ ਰਲ ਗਿਆ।

ਇਹ ਬਿਧਿ ਕਰਤ ਤਪੱਸਿਆ ਭਯੋ।
ਦ੍ਵੈ ਤੇ ਏਕ ਰੂਪ ਹ੍ਵੈ ਗਯੋ।

ਮੇਰੇ ਦੋ ਰੂਪ ਨਾ ਰਹੇ ਤੇ ਮੈਂ ਅਕਾਲ ਦੇ ਨਾਲ ਰਲ ਗਿਆ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਹੋ ਗਿਆ

ਇਕ ਰੂਪ,
ਆਪਾ ਨਾਲ ਅਕਾਲ ਦੇ।
ਇਹ ਬਿਧਿ ਕਰਤ ਤਪੱਸਿਆ ਭਯੋ।
ਦ੍ਵੈ ਤੇ ਏਕ ਰੂਪ ਹ੍ਵੈ ਗਯੋ।
ਤਾਤ ਮਾਤ ਮੁਰ ਅਲਖ ਅਰਾਧਾ।
ਬਹੁ ਬਿਧਿ ਜੋਗ ਸਾਧਨਾ ਸਾਧਾ।
ਤਿਨ ਜੋ ਕਰੀ ਅਲਖ ਕੀ ਸੇਵਾ।
ਤਾ ਤੇ ਭਏ ਪ੍ਰਸੰਨ ਗੁਰਦੇਵਾ।
ਤਿਨ ਪ੍ਰਭ ਜਬ ਆਇਸ ਮੁਹਿ ਦੀਆ।

ਤਬ ਹਮ ਜਨਮ ਕਲੂ ਮਹਿ ਲੀਆ।

ਸੋ ਗੁਰੂ ਮਹਾਰਾਜ ਕਹਿਣ ਲੱਗੇ ਕਿ ਅਸੀਂ ਤਪ ਕਰ ਰਹੇ ਸੀ, ਹੁਣ ਮੇਰਾ ਤੇ ਵਾਹਿਗੁਰੂ ਦਾ ਇਕੋ ਹੀ ਰੂਪ ਹੋ ਗਿਆ –

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥ ਅੰਗ – ੨੭੮

ਜਿਵੇਂ ਦਰਿਆ ਜਾ ਕੇ ਸਮੁੰਦਰ 'ਚ ਪੈ ਜਾਵੇ ਫੇਰ ਓਸ ਦਰਿਆ ਨੂੰ ਜੇ ਭਾਲੀਏ ਕਿ ਕਿਥੇ ਕੁ ਚਲਿਆ ਗਿਆ? ਉਹ ਤਾਂ ਉਹਦੇ ਨਾਲ ਰਲ ਗਿਆ, ਜੋਤ ਦੇ ਨਾਲ ਜੋਤ ਰਲ ਗਈ। ਕਹਿੰਦੇ ਐਨਾ ਡੂੰਘਾ ਧਿਆਨ ਚਲਿਆ ਗਿਆ, ਐਨੀ ਸਰੂਪ ਦੇ ਵਿਚ ਪਹੁੰਚ ਹੋ ਗਈ, ਵਾਸਾ ਮਿਲ ਗਿਆ ਕਿ ਇਕੋ ਰੂਪ ਬਣ ਗਏ ਅਸੀਂ। ਇਧਰਲੇ ਪਾਸੇ ਜੋ ਸਾਡੇ ਮਾਤਾ ਪਿਤਾ ਸੀ, ਉਨ੍ਹਾਂ ਨੇ ਬਹੁਤ ਘੋਰ ਤਪਸਿਆ ਕਰੀ, ਏਸ ਜਨਮ ਦੇ ਅੰਦਰ 28 ਸਾਲ ਮਾਤਾ ਗੁਜਰੀ ਜੀ ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਭੋਰੇ ਵਿਚ ਤਪ ਕਰਦੇ ਸੀ ਤੇ ਆਪ ਬਾਹਰ ਦਰਵਾਜ਼ੇ ਅੱਗੇ ਬੈਠੇ ਰਹਿੰਦੇ ਸੀ। ਜਿੰਨਾਂ ਨਾਮ ਉਨ੍ਹਾਂ ਨੇ ਜਪਿਆ, ਓਨਾਂ ਹੀ ਮਾਤਾ ਜੀ ਨੇ ਜਪਿਆ। ਮਾਤਾ ਜੀ ਕੋਈ ਘੱਟ ਨਹੀਂ ਸੀਗੇ। ਬੰਦਗੀ ਦੇ ਵਿਚ ਕੋਈ ਕਸਰ ਨਹੀਂ ਸੀ। ਦੋਹਾਂ ਨੇ ਵਾਹਿਗੁਰੂ ਦੀ ਆਰਾਧਨਾ ਕਰੀ, ਬੜੇ ਤਰੀਕੇ ਨਾਲ ਭਜਨ ਬੰਦਗੀ ਕਰੀ, ਏਸ ਜਨਮ ਵਿਚ ਵੀ ਤੇ ਪਹਿਲੇ ਵਿਚ ਵੀ। ਸੋ ਉਸ ਵੇਲੇ ਹੋਰ ਕੋਈ ਮਾਂ ਨਹੀਂ ਸੀ ਸੰਸਾਰ ਦੇ ਅੰਦਰ, ਕੋਈ ਵੀ ਜਿਹੜੀ ਗੁਰੂ ਦਸਵੇਂ ਪਾਤਸ਼ਾਹ ਨੂੰ ਜਨਮ ਦੇ ਦਿੰਦੀ, ਕਿਉਂਕਿ ਤਪ ਵਾਲੀ ਮਾਂ ਹੋਵੇ ਤਾਂ ਮਹਾਂਪੁਰਸ਼ਾਂ ਦਾ ਜਨਮ ਹੋਇਆ ਕਰਦਾ ਹੈ। ਕੋਈ ਵੱਡਾ ਗੁਣ ਹੋਣਾ ਚਾਹੀਦਾ ਹੈ ਮਾਂ ਵਿਚ। ਉਸਦੀ ਕੁੱਖ 'ਚ ਆ ਕੇ ਨਿਵਾਸ ਕਰਦੀਆ ਨੇ ਵੱਡੀਆਂ ਰੂਹਾਂ, ਇਸੇ ਕਰਕੇ ਉਨ੍ਹਾਂ ਮਾਵਾਂ ਨੂੰ ਧੰਨ ਕਹਿੰਦੇ ਨੇ ਕਿ ਧੰਨ ਹੈਂ ਤੂੰ। ਤੇਰੇ ਤਪ ਕਰਕੇ ਜਨਮ ਲਿਆ ਹੈ ਇਸ ਨੇ। ਤਪ ਤੋਂ ਹੀਣੀ ਮਾਂ ਦੇ ਹੋਰ ਹੀ ਤਰ੍ਹਾਂ ਦੇ ਪੁੱਤਰ ਹੁੰਦੇ ਨੇ, ਨਾਸਤਕ ਵਗੈਰਾ। ਇਸੇ ਕਰਕੇ ਇਹਨੂੰ ਕਹਿੰਦੇ ਨੇ ਕਿ ਜੇ ਤੂੰ ਵਿਧਵਾ ਹੋ ਜਾਂਦੀ ਚੰਗਾ ਸੀ। ਐਸੇ ਪੁੱਤਰਾਂ ਦਾ ਜਨਮ ਤਾਂ ਨਾ ਹੁੰਦਾ ਨਾ, ਜਿਹੜੇ ਸੰਸਾਰ ਨੂੰ ਖਰਾਬ ਕਰਦੇ ਨੇ –

ਤਿਨ ਜੋ ਕਰੀ ਅਲਖ ਕੀ ਸੇਵਾ।

ਤਾ ਤੇ ਭਏ ਪ੍ਰਸੰਨ ਗੁਰਦੇਵਾ।

ਵਾਹਿਗੁਰੂ ਪ੍ਰਸੰਨ ਹੋ ਗਏ।

ਤਿਨ ਪ੍ਰਭ ਜਬ ਆਇਸ ਮੁਹਿ ਦੀਆ।

ਮੈਨੂੰ ਹੁਕਮ ਦੇ ਦਿਤਾ ਵਾਹਿਗੁਰੂ ਨੇ, ਬਈ ਤੁਸੀਂ ਸੰਸਾਰ 'ਚ ਜਾਓ ਹੁਣ,

ਤਬ ਹਮ ਜਨਮ ਕਲੂ ਮਹਿ ਲੀਆ।

ਅਸੀਂ ਕਿਸੇ ਕਰਮ ਦੇ ਬੰਨੇ ਹੋਏ ਨਹੀਂ ਆਏ। ਸਾਨੂੰ ਅਕਾਲ ਪੁਰਖ ਨੇ ਭੇਜਿਆ ਹੈ, ਤੇ ਬਹੁਤ ਗੱਲਾਂ ਸਮਝਾ ਕੇ ਭੇਜਿਆ ਹੈ, ਸੰਸਾਰ ਦੀ ਹਾਲਤ ਦੇਖ ਕੇ ਕਿ ਐਸ ਵੇਲੇ ਜੋ ਕਲਜੁਗ ਦਾ ਜ਼ੋਰ ਚਲ ਗਿਹਾ ਹੈ, ਇਹਦੇ ਵਿਚ ਦੋ ਪੱਖ ਨੇ, ਇਕ ਤਾਂ ਉਹ ਪੱਖ ਸੀ ਜੋ ਰੂਹਾਨੀ ਪੱਖ ਸੀ, ਦੂਜਾ ਪਾਖੰਡ ਵਗੈਰਾ। ਉਹ ਤਾਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਨੌਂ ਜਾਮਿਆਂ ਤਕ ਜੋਤ ਨੇ ਕੰਮ ਕਰਕੇ, ਭਰਮ ਤੇ ਵਹਿਮ ਹਟਾ ਦਿਤੇ ਸੀ ਹੁਣ ਇਕ ਐਸੇ ਜਾਮੇ ਦੀ ਲੋੜ ਸੀ ਜਿਹੜਾ, ਅਮੋੜ ਬੰਦਿਆਂ ਨੂੰ ਵੀ ਮੋੜ ਸਕੇ, ਜਿਸਦਾ ਜਜ਼ਬਾ, ਜਿਸਦਾ ਰੋਹਬ ਉਨ੍ਹਾਂ ਦੇ ਉਤੇ ਵੀ ਕਾਇਮ ਹੋ ਜਾਵੇ। ਅਕਾਲ ਪੁਰਖ ਨੇ ਇਸ ਤਰ੍ਹਾਂ ਦੀਆ ਗੱਲਾਂ ਸਮਝਾ ਕੇ ਜਦੋਂ ਭੇਜਿਆ, ਮਹਾਰਾਜ ਕਹਿੰਦੇ –

ਚਿਤ ਨ ਭਯੋ ਹਮਰੋ ਆਵਨ ਕਹ।
ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮਹ।

ਕਿਉਂਕਿ ਪਰਮ ਅਨੰਦ ਨੂੰ ਛੱਡ ਕੇ ਜਦੋਂ ਅਸੀਂ ਨਾਟਕ ਦੇਖਿਆ ਕਿ ਯੁੱਧ ਹੀ ਯੁੱਧ ਨੇ, ਥਾਂ-ਥਾਂ ਤੇ ਤੁਰੇ ਫਿਰਨਾ ਹੈ, ਬੱਚੇ ਵੀ ਸ਼ਹੀਦ ਕਰਾ ਦੇਣੇ ਨੇ, ਪਿਤਾ ਵੀ ਸ਼ਹੀਦ ਕਰਾ ਦੇਣਾ

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਪਿਤਾ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਹਿੰਦ ਧਰਮ ਦੀ ਰੱਖਿਆ ਕਰਨ ਵਾਸਤੇ ਕਹਿੰਦੇ ਹੋਏ।

ਹੈ। ਮਾਤਾ ਵੀ ਸ਼ਹੀਦ ਕਰਾ ਦੇਣੀ ਹੈ, ਬੇਅੰਤ ਪਿਆਰੇ ਜਿਹੜੇ ਸਿੰਘ ਨੇ, ਸਾਥੀ ਨੇ ਉਹ ਸਭ ਸ਼ਹੀਦ ਹੋ ਜਾਣੇ ਨੇ ਤੇ ਭੁੰਜੇ ਸੌਣਾ ਹੈ ਰੋੜ੍ਹਾਂ ਦੀ ਸੇਜ 'ਤੇ। ਸਾਰਾ ਜਦ ਹਾਲ ਦੇਖਿਆ, ਮਹਾਰਾਜ ਜੀ ਕਹਿੰਦੇ ਓਸ ਵੇਲੇ ਸਾਡੇ ਚਿਤ ਜੋ ਪ੍ਰਭੂ ਦੇ ਪਿਆਰ ਦਾ ਜੋ ਆਨੰਦ ਸੀ ਉਹਨੂੰ ਛੱਡਣ ਨੂੰ ਜੀਅ ਨਾ ਕਰੇ।

ਚਿਤ ਨ ਭਯੋ ਹਮਰੋ ਆਵਨ ਕਹ।
ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮਹ।
ਜਿਉ ਜਿਉ ਪ੍ਰਭ ਹਮ ਕੋ ਸਮਝਾਯੋ।
ਇਮ ਕਹਿ ਕੇ ਇਹ ਲੋਕ ਪਠਾਯੋ।

ਜਿਵੇਂ-ਤਿਵੇਂ ਸਮਝਾਉਣਾ ਕੀਤਾ, ਕਿ ਹੁਣ ਤੁਹਾਨੂੰ ਜਾਣਾ ਹੀ ਪੈਣਾ ਹੈ ਤੇ ਜਦੋਂ ਮੈਂ ਇਧਰ ਦੇਖਦਾ ਹਾਂ ਓਸ ਵੇਲੇ ਇਧਰਲਾ ਬਹੁਤ ਬੁਰਾ ਹਾਲ ਹੈ, ਬੜਾ ਹੀ ਜ਼ਾਲਮ ਬਾਦਸ਼ਾਹ ਸੰਸਾਰ ਦੇ ਪੱਟ 'ਤੇ ਔਰੰਗਜ਼ੇਬ ਆਇਆ ਹੋਇਆਂ ਹੈ ਜਿਸ ਨੇ ਇਹ ਪ੍ਰਣ ਕਰ ਲਿਆ ਸੀ ਕਿ ਸਵਾ ਮਣ ਜਨੇਊ ਜਦ ਤਕ ਨਹੀਂ ਲਹਿੰਦੇ ਮੈਂ ਖਾਣਾ ਨਹੀਂ ਖਾਣਾ। ਆਪਣੇ ਪਿਤਾ ਨੂੰ ਕਤਲ ਕਰਾ ਦਿਤਾ, ਭਰਾਵਾਂ ਨੂੰ ਕਤਲ ਕਰਾ ਦਿਤਾ। ਵੱਡੇ-ਵੱਡੇ ਸੁਰਮੱਦ ਵਰਗੇ ਪੀਰਾਂ ਨੂੰ ਕਤਲ ਕਰਾ ਦਿਤਾ। ਮੁਸਲਮਾਨਾਂ ਨੂੰ ਵੀ ਕਰਾ ਦਿਤਾ, ਹਿੰਦੂ ਸੰਤਾਂ ਨੂੰ ਵੀ ਕਰਾ ਦਿਤਾ। ਜ਼ੋਰ ਜਬਰ ਦੇ ਨਾਲ ਚਲਾਉਂਦਾ ਸੀ ਧਰਮ ਨੂੰ, ਆਪਣੀ ਮਰਜ਼ੀ ਦੇ ਮੁਤਾਬਿਕ ਜਿਹੜੇ ਸਾਧੂ ਸੀ ਉਹ ਸੁਤੰਤਰ ਹੁੰਦੇ ਨੇ, ਚਾਹੇ ਉਹ ਕਿਸੇ ਵੀ ਧਰਮ ਦੇ ਹੋਣ। ਉਨ੍ਹਾਂ ਨੂੰ ਜੇ ਕੋਈ ਆਪਣੀ ਮਰਜ਼ੀ ਦੇ ਨਾਲ ਚਲਾਵੇ, ਤਾਂ ਇਹ ਜ਼ਬਰ ਹੋ ਜਾਇਆ ਕਰਦਾ ਹੈ। ਜੋ ਸੂਫੀ ਪੀਰ ਸਨ, ਉਹ ਪ੍ਰਮੇਸ਼ਰ ਦਾ ਨੂਰ ਸਭ ਵਿਚ ਦੇਖਦੇ ਸਨ। ਸਾਰਿਆਂ ਦੇ ਅੰਦਰ ਪ੍ਰਭੂ ਦੀ ਜੋਤ, ਅੱਲਾਹ ਦੀ ਜੋਤ ਦੇਖਦੇ ਸਨ। ਸੋ ਉਨ੍ਹਾਂ ਨੂੰ ਉਹ ਲਾਈਨਾਂ 'ਚੋਂ ਬਾਹਰ ਨਹੀਂ ਸੀ ਨਿਕਲਣ ਦਿੰਦਾ। ਗਿਆਨ ਦੀ ਅਵਸਥਾ 'ਚ ਨਹੀਂ ਸੀ ਪਹੁੰਚਣ ਦਿੰਦਾ। ਜਦੋਂ ਇਹ ਸਾਰਾ ਹਾਲ ਦੇਖਿਆ ਕਿ ਸਾਰੇ corruption ਹੀ corruption ਹੋ ਗਈ ਤੇ ਹੋ ਵੀ ਧਰਮ ਦੇ ਨਾਮ 'ਤੇ ਗਈ। ਜਦੋਂ ਧਰਮ ਦੇ ਨਾਉਂ 'ਤੇ ਹੀ ਬੰਦੇ ਮਾਰੇ ਜਾਣ ਲੱਗ ਜਾਣ, ਫੇਰ ਬਚਾਓ ਕਿੱਥੇ ਹੋਇਆ ਕਰਦਾ ਹੈ, ਕਿਤੇ ਵੀ ਨਹੀਂ ਹੋਇਆ ਕਰਦਾ। ਮਹਾਰਾਜ ਕਹਿੰਦੇ ਜੇ ਪਰਮਾਰਥ ਵਾਸਤੇ ਹੀ ਪਾਪ ਕਰਨ ਲੱਗ ਜਾਵੇ, ਫੇਰ ਥਾਂ ਧਰਮਰਾਜ ਡਰ ਕੇ ਅਕਾਲ ਪੁਰਖ ਕੋਲ ਚਲਿਆ ਜਾਂਦਾ ਹੈ। ਕਿਉਂ ਡਰਦਾ ਹੈ, ਕਿਉਂਕਿ ਉਹ ਐਨਾ ਵੱਡਾ ਅਪਰਾਧ ਕਰ ਦਿੰਦਾ ਹੈ, ਧਰਮ ਦੇ ਨਾਉਂ 'ਤੇ, ਕਿ ਧਰਮਰਾਜ ਨੂੰ ਇਹ ਨਹੀਂ ਪਤਾ ਲਗਦਾ ਕਿ ਇਨ੍ਹਾਂ ਨੂੰ ਕਿਹੜੇ ਨਰਕ ਵਿਚ ਮੈਂ ਸੁੱਟਾਂ? ਅਕਾਲ ਪੁਰਖ ਨੂੰ ਪੁਛਦੇ ਨੇ ਕਿ ਮੈਨੂੰ ਕੋਈ ਨਵਾਂ ਨਰਕ ਬਣਾਂ ਕੇ ਦਿਓ, ਪਹਿਲੇ ਨਰਕ ਜਿਹੜੇ ਨਿੰਦਕਾਂ ਦੇ, ਹਥਿਆਰਿਆਂ ਦੇ, ਠੱਗਾਂ ਦੇ ਚੋਰਾਂ ਦੇ, ਬੇਮੁਖਾਂ ਦੇ, ਉਨ੍ਹਾਂ 'ਚ ਇਨ੍ਹਾਂ ਦੀ ਥਾਂ ਨਹੀਂ ਹੈ ਇਨ੍ਹਾਂ ਨੇ ਧਰਮ ਦੇ ਨਾਉਂ ਤੇ ਪਾਪ ਕਰੇ ਨੇ, ਲੇਕਿਨ ਪਾਪ ਕਰਨ ਵਾਲਾ ਇਹ ਸਮਝਦਾ ਹੈ ਕਿ ਮੈਂ ਪੁੰਨ ਕਰਿਆ ਹੈ। ਫਰਕ ਐਨਾ ਸੀ ਸੋਚ ਦਾ ਸਾਰਾ ਹੀ, ਸੋ ਮਹਾਰਾਜ ਕਹਿੰਦੇ ਕਿ ਇਹ ਸਾਰੀਆਂ ਚੀਜ਼ਾਂ ਦੇਖ ਕੇ ਸਾਡਾ ਚਿਤ ਨਾ ਕਰੇ, ਉਸ ਵੇਲੇ ਅਕਾਲ ਪੁਰਖ ਨੇ ਸਾਨੂੰ ਹੁਕਮ ਦਿਤਾ ਇਸ ਤਰ੍ਹਾਂ ਦੇ ਨਾਲ, ਪੜ੍ਹੋ ਪਿਆਰ ਨਾਲ -

ਧਾਰਨਾ - ਮੈਂ ਅਪਨਾ ਸੁਤ ਤੋਹੇ ਨਿਵਾਜਾ,
ਧਰਮ ਚਲਾਵੋਂ ਜਗ 'ਤੇ।

ਮੈ ਅਪਨਾ ਸੁਤ ਤੁਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕਉ ਸਾਜਾ।
ਜਹਾ ਤਹਾ ਤੇ ਧਰਮੁ ਚਲਾਇ।
ਕਬੁਧਿ ਕਰਨ ਤੇ ਲੋਕ ਹਟਾਇ।

ਕਹਿਣ ਲੱਗੇ ਮੈਂ ਆਪ ਨੂੰ ਆਪਣਾ ਪੁੱਤਰ ਨਿਵਾਜ ਕੇ ਭੇਜ ਰਿਹਾ ਹਾਂ। ਨਿਵਾਜਿਸ਼ ਪਹਿਲਾਂ ਹੋਈ ਹੈ -

ਪਹਿਲਾ ਬਾਬੇ ਪਾਯਾ ਬਖਸੁ ਦਰਿ,
ਪਿਛੋਂ ਦੇ ਫਿਰਿ ਘਾਲ ਕਮਾਈ।

ਭਾਈ ਗੁਰਦਾਸ ਜੀ, ਵਾਰ ੧/੨੪

ਸੰਸਾਰ ਦੇ ਉਤੇ ਬਹੁਤ ਮਹਾਂਪੁਰਖ ਆਏ, ਜਦ ਤੋਂ ਸੰਸਾਰ ਰਚਿਆ ਹੈ ਤਦ ਤੋਂ ਆਉਂਦੇ ਹੀ ਰਹਿੰਦੇ ਨੇ, ਤੇ ਜੇ ਅਸੀਂ ਵੱਡਿਆਂ-ਵੱਡਿਆ ਦੇ ਬਾਰੇ ਪੜ੍ਹੀਏ, ਤਾਂ ਈਸਾਈ ਧਰਮ ਦੇ ਜੋ ਮੁਖੀ ਸਨ, ਈਸਾ ਜੀ ਉਨ੍ਹਾਂ ਨੂੰ ਪ੍ਰਮੇਸ਼ਰ ਦਾ ਸੁਨੇਹਾ ਇਕ ਫਰਿਸ਼ਤੇ ਦੇ ਰਾਹੀਂ ਪ੍ਰਾਪਤ ਹੋਇਆ, ਨਾਲ ਪ੍ਰਮੇਸ਼ਰ ਵਲੋਂ ਸ਼ਕਤੀ ਆਈ, ਫਰਿਸ਼ਤੇ ਨੇ ਆ ਕੇ ਕਿਹਾ ਕਿ ਤੁਸੀਂ ਆਹ ਕੰਮ ਸੰਸਾਰ ਦੇ ਉਤੇ ਆ ਕੇ ਕਰੋ। ਨੇਕ ਕੰਮ, ਨੇਕ ਬੁੱਧੀ ਦੁਨੀਆਂ ਨੂੰ ਬਖਸ਼ੋ। ਇਸੇ ਤਰ੍ਹਾਂ ਇਸਲਾਮ ਦੇ ਪੈਗੰਬਰ ਮਹੁੰਮਦ ਸਾਹਿਬ ਜੀ ਨੂੰ ਸੁਨੇਹਾ ਆਇਆ, ਉਸ ਤੋਂ ਬਾਅਦ ਉਨ੍ਹਾਂ ਨੂੰ ਬੁਲਾਇਆ ਗਿਆ, ਸਤਵੇਂ ਅਸਮਾਨ 'ਤੇ ਆ ਕੇ ਪ੍ਰਮੇਸ਼ਰ ਦੇ ਆਮ੍ਹਣੇ-ਸਾਮ੍ਹਣੇ ਗੱਲਬਾਤ ਹੋਈ, ਹੋਰ ਬੇਅੰਤ ਮਹਾਤਮਾ ਹੋਏ ਨੇ, ਵੱਡੇ-ਵੱਡਿਆਂ ਦਾ ਮੈਂ ਜ਼ਿਕਰ ਕਰਦਾ ਹਾਂ, ਗੁਰੂ ਦਸ਼ਮੇਸ਼ ਪਿਤਾ ਨੂੰ ਦਰਗਾਹ ਦੇ ਵਿਚ ਤੁਰਨ ਤੋਂ ਪਹਿਲਾਂ, ਨਿਵਾਜਿਸ਼ ਹੋਈ ਤੇ ਈਸਾ ਜੀ ਨੂੰ ਇਹ ਕਹਿੰਦੇ ਨੇ ਕਿ ਪ੍ਰਮੇਸ਼ਰ ਜਦੋਂ ਉਨ੍ਹਾਂ ਨੇ ਕੰਮ ਦੇਖਿਆ ਸੰਸਾਰ ਦਾ ਕਿ ਬਹੁਤ ਜ਼ਾਲਮ ਨੇ, ਬਾਦਸ਼ਾਹ ਤਾਂ ਸੁਣਦਾ ਹੀ ਨਹੀਂ ਕਿਸੇ ਦੀ ਗੱਲ। ਉਸ ਵੇਲੇ ਆਇਆਂ ਕਿ ਮੈਂ ਤੈਨੂੰ ਆਪਣਾ ਪੁੱਤਰ ਬਣਾਉਂਦਾ ਹਾਂ, ਪੁੱਤਰ ਦੀ ਪਦਵੀ ਦਿੰਦਾ ਹਾਂ, ਦਸ਼ਮੇਸ਼ ਪਿਤਾ ਨੂੰ ਜਦ ਤੋਰਿਆ ਹੈ ਸੰਸਾਰ 'ਤੇ, ਉਸ ਇਹ ਗੱਲ ਕਹੀ ਕਿ -

ਮੈ ਅਪਨਾ ਸੁਤ ਤੁਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕਉ ਸਾਜਾ।

ਮੈਂ ਆਪਣਾ ਪੁੱਤਰ ਨਿਵਾਜ ਕੇ ਤੈਨੂੰ ਭੇਜਦਾ ਹਾਂ, ਵੈਸੇ ਪ੍ਰਮੇਸ਼ਰ ਦਾ ਕੋਈ ਪੁੱਤਰ ਨਹੀਂ, ਸਾਰੇ ਹੀ ਪੁੱਤਰ ਨੇ ਸੰਸਾਰ ਦੇ, ਨਾ ਕੋਈ ਉਹਦੀ ਮਾਂ ਹੈ, ਨਾ ਪਿਓ, ਨਾ ਕੋਈ ਭਰਾ ਹੈ, ਨਾ ਕੋਈ ਪੁੱਤਰ ਹੈ, ਉਹ ਨਿਵਾਜਦਾ ਹੈ, ਪੁੱਤਰ ਦਾ ਦਰਜਾ ਦਿੰਦਾ ਹੈ, ਕਹਿੰਦੇ ਮੈਂ ਪੁੱਤਰ ਦਾ ਦਰਜਾ ਦੇ ਕੇ ਭੇਜਦਾ ਹਾਂ -

ਜਹਾ ਤਹਾ ਤੇ ਧਰਮੁ ਚਲਾਇ।
ਕਬੁਧਿ ਕਰਨ ਤੇ ਲੋਕ ਹਟਾਇ।

ਉਥੇ ਜਾ ਕੇ ਧਰਮ ਚਲਾਉਣਾ ਹੈ। ਧਰਮ ਦੀ ਗੱਲ ਹੁਣ ਸਾਡੇ ਸਮਝ ਵਿਚ ਨਹੀਂ ਆਉਂਦੀ ਕਿ ਧਰਮ ਕਿਹੜਾ ਚਲਾਉਣਾ ਸੀਗਾ। ਇਕ ਪਾਸੇ ਤਾਂ ਇਸੇ ਕਥਾ ਦੇ ਅੰਦਰ ਗੁਰੂ ਮਹਾਰਾਜ ਆਪਣੇ ਦਸਤ-ਏ-ਮੁਬਾਰਕ ਨਾਲ ਲਿਖਦੇ ਨੇ, ਕਿ ਜਿੰਨੇ ਵੀ ਸਿਆਣੇ ਆਏ ਉਨ੍ਹਾਂ ਨੇ ਆਪਣਾ-ਆਪਣਾ ਤਰੀਕਾ ਚਲਾ ਦਿਤਾ, ਰੱਬ ਦਾ ਰਾਹ ਨਾ ਕਿਸੇ ਨੇ ਦੱਸਿਆ ਤੇ ਆਪਣੇ ਆਪ ਨੂੰ ਵਿਚ ਰੱਖ ਲਿਆ ਕਿ ਮੈਨੂੰ ਵੀ ਮੰਨੋ, ਮੇਰੇ ਰਾਹੀਂ ਤੁਸੀਂ ਰੱਬ ਕੋਲ ਪਹੁੰਚ ਸਕਦੇ ਓਂ ਤੇ ਜਦੋਂ ਆਪ ਨੇ ਇਹ ਗੱਲ ਕਹਿ ਦਿਤੀ,

ਤਾਂ ਫੇਰ ਕਿਹੜਾ ਧਰਮ ਰਹਿ ਗਿਆ, ਜਦੋਂ ਇਕ ਪਾਸੇ ਤਾਂ ਹੁਕਮ ਹੈ ਕਿ ਆਪਣੇ ਪਿਛੇ ਨਹੀਂ ਕੋਈ ਲਾਉਣਾ। ਮਹਾਰਾਜ ਜੀ ਕਹਿੰਦੇ ਨੇ ਕਿ ਦੇਖੋ ਅਸੀਂ ਆਪਣੇ ਪਿਛੇ ਨਹੀਂ ਲਾਉਂਦੇ -

ਜੋ ਹਮ ਕੋ ਪਰਮੇਸਰ ਉਚਰਿ ਹੈਂ।
ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।
ਮੋ ਕੌ ਦਾਸ ਤਵਨ ਕਾ ਜਾਨੋ।
ਯਾ ਮੈ ਭੇਦ ਨ ਰੰਚ ਪਛਾਨੋ।

ਦੇਖਿਓ ਮੈਨੂੰ ਨਾ ਰੱਬ ਕਹਿਣ ਲੱਗ ਜਾਇਓ ਕਿਤੇ ਭੁੱਲ ਕੇ, ਪ੍ਰਮੇਸ਼ਰ ਤਾਂ ਓਹੀ ਹੈ ਜਿਹੜਾ ਸਾਰੇ ਪਰੀਪੂਰਨ ਹੈ, ਉਹਦੇ ਹੀ ਮੈਂ ਲੜ ਲਾਉਣ ਵਾਸਤੇ ਆਇਆ ਹਾਂ, ਤੇ ਇਕ ਰਸਤਾ ਪ੍ਰਚਲਤ ਕਰਨ ਵਾਸਤੇ ਆਇਆ ਹਾਂ ਜਿਹਨੂੰ ਧਰਮ ਦਾ ਰਾਹ ਕਹਿੰਦੇ ਨੇ, ਧਰਮ ਦੇ ਰਾਹ 'ਤੇ Values ਹੁੰਦੀਆਂ ਨੇ, ਅੰਗ੍ਰੇਜ਼ੀ ਪੜ੍ਹੇ ਹੋਏ ਜਾਣਦੇ ਨੇ, Values basis, ਇਨਸਾਨੀ ਕੀਮਤਾਂ ਹੁੰਦੀਆਂ ਨੇ। ਉਹ ਮਨੁੱਖ ਦੇ ਵਿਚੋਂ ਗਾਇਬ ਹੋ ਗਈਆਂ ਸੀ, ਉਹ ਮਨੁੱਖ ਦੇ ਵਿਚ ਦੁਬਾਰਾ ਭਰਨੀਆਂ ਸੀ। ਖਿਮਾ ਨਹੀਂ ਸੀ ਰਹੀ, ਦਇਆ ਨਹੀਂ ਸੀ ਰਹੀ, ਸਤਿ ਦਾ ਜੀਵਨ ਨਹੀਂ ਸੀ ਰਿਹਾ, ਅਹਿੰਸਾ ਖਤਮ ਹੋ ਗਈ ਸੀ। ਬ੍ਰਹਮਚਰੀਆ ਨਹੀਂ ਸੀ ਰਿਹਾ, ਤਪ, ਦਾਨ, ਸਤਿ, ਸੰਤੋਖ, ਸ਼ੀਲ, ਸੁੱਚ ਨਹੀਂ ਸੀ ਰਹੀ, ਇਹ ਜਿਹੜੀਆਂ ਸਾਰੀਆਂ ਕੀਮਤਾਂ ਨੇ, ਇਸ ਤੋਂ ਆਦਮੀ ਖਾਲੀ ਹੋ ਗਿਆ ਸੀ। ਅਕਾਲ ਪੁਰਖ ਨੇ ਕਿਹਾ ਕਿ ਮਨੁਖ ਖਾਲੀ ਹੋ ਕੇ ਦੁਖੀ ਹੋ ਰਿਹਾ ਹੈ, ਜਦ ਤਕ ਇਹਦੇ ਅੰਦਰ ਇਹ ਗੁਣ ਨਹੀਂ ਹੋਣਗੇ, ਇਹ ਲੰਘੇਗਾ ਨਹੀਂ, ਧਰਮ ਨੂੰ ਇਕ ਰੂਪ ਰੇਖਾ ਬਣਾ ਲਿਆ ਏਸ ਨੇ, ਧਰਮ ਨੂੰ ਸਮਝਿਆ ਨਹੀਂ ਹੈ।

ਜੇ ਗੁਰੂ ਨਾਨਕ ਪਾਤਸ਼ਾਹ ਨੂੰ ਜਨੇਊ ਪਾਉਣ ਵਾਸਤੇ ਆਖਿਆ ਪਾਧੇ ਨੇ, ਇਕੱਠ ਹੋਇਆ ਬਹੁਤ ਵੱਡਾ, ਤਾਂ ਗੁਰੂ ਨਾਨਕ ਨੇ ਕਿਹਾ ਕਿ ਇਹ ਜਨੇਊ ਕੀ ਕੰਮ ਕਰਦਾ ਹੈ? ਧਾਗਾ ਪਾ ਕੇ ਗਲ ਵਿਚ ਮੇਰਾ ਕੀ ਬਣ ਜਾਏਗਾ? ਕਹਿੰਦੇ ਇਹਦੇ ਨਾਲ ਤੂੰ ਹਿੰਦੂ ਬਣ ਜਾਏਂਗਾ, ਹਾਲੇ ਤਕ ਤੂੰ ਕੁਛ ਵੀ ਨਹੀਂ ਹੈਗਾ ਤੇ ਤੇਰੀ ਜਾਤ ਖਤਰੀ ਦੀ ਹੈ, ਜਦ ਜਨੇਊ ਪਾਏਂਗਾ, ਤਾਂ ਤੈਨੂੰ ਸਭਾ ਸੁਸਾਇਟੀ ਨੇ ਮਾਣ ਦੇਣਾ ਹੈ, ਨਹੀਂ ਤਾਂ ਤੇਰਾ ਬਾਈਕਾਟ ਕਰ ਦੇਣਗੇ। ਤੇਰੇ ਨਾਲ ਕਿਸੇ ਨੇ ਬੋਲਣਾ ਨਹੀਂ, ਮਹਾਰਾਜ ਜੀ ਕਹਿੰਦੇ ਇਹ ਤਾਂ ਕੋਈ ਗੱਲ ਨਹੀਂ, ਕੀ ਧਾਗਾ ਪਾ ਕੇ ਆਦਮੀ ਬਦਲ ਗਿਆ? ਬੰਦਾ ਤਾਂ ਓਹੀ ਡਾਕੇ ਮਾਰਨ ਵਾਲਾ ਹੈ, ਚੋਰੀਆ ਕਰਨ ਵਾਲਾ ਹੈ, ਠੱਗੀਆਂ ਕਰਨ ਵਾਲਾ ਹੈ, ਤੇ ਇਕ ਧਾਗਾ ਪਾ ਲਿਆ ਉਹਦੇ ਗਲ ਵਿਚ ਕੀ ਉਹ ਪਵਿੱਤਰ ਹੋ ਗਿਆ? ਕਹਿੰਦੇ ਇਹ ਤਾਂ ਗੱਲ ਪਾਧਾ ਜੀ, ਮਨ ਨੂੰ ਨਹੀਂ ਲਗਦੀ ਕਿ ਇਕ ਧਾਗਾ ਪਾ ਲਓ ਤੇ ਉਹ ਪਵਿੱਤਰ ਹੋ ਗਿਆ। ਜਨੇਊ ਪਾ ਲਓ ਤੇ ਪਵਿੱਤਰ ਹੋ ਗਿਆ। ਨਹੀਂ ਇਹਦੇ ਵਿਚ ਤਾਂ ਕੋਈ ਗੜਬੜ ਹੋਈ, ਹੋਈ ਹੈ, ਇਹਦਾ ਮਤਲਬ ਇਹ ਨਹੀਂ ਸੀ ਇਹ ਤਾਂ ਕੋਈ ਪ੍ਰਤੀਕ ਸੀ ਕਿਸੇ ਚੀਜ਼ ਦਾ। ਪਾਧੇ ਨੇ ਕਿਹਾ ਕਿ ਇਹਨੂੰ ਜਨੇਊ ਕਿਹੜਾ ਪਾਉਣਾ ਚਾਹੀਦਾ ਹੈ। ਮਹਾਰਾਜ ਜੀ ਕਹਿੰਦੇ ਨੇ ਕਿ ਜੇ ਜਨੇਊ ਪਾਉਣਾ ਹੈ ਨਾ ਤਾਂ ਦਇਆ ਦੀ ਕਪਾਹ ਲੈ, ਸੰਤੋਖ ਦਾ ਸੂਤ ਲੈ, ਜਤ ਦੀਆਂ ਗੱਠਾਂ ਦੇ ਤੇ ਸਤਿ ਦਾ ਵੱਟ ਚਾੜ੍ਹ, ਹੁਣ ਸਤਿ ਦਾ ਜੀਵਨ ਤੇ ਜਤ, ਇੰਦਰਿਆਂ ਦਾ ਜਤ ਸਾਰਿਆਂ ਦਾ -

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ - ੨੭੪

ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਅੰਗ - ੨੭੪

ਮਿਥਿਆ ਨਾਹੀ ਰਸਨਾ ਪਰਸ ॥ ਅੰਗ - ੨੭੪

ਨਾ ਜ਼ੁਬਾਨ ਦੇ ਉਤੇ ਝੂਠ ਲੱਗੇ, ਨਾ ਕੰਨ ਕਿਸੇ ਦੀ ਨਿੰਦਿਆ ਸੁਣਨ ਤੇ ਨਾ ਜੀਭ ਕਿਸੇ ਦੀ ਨਿੰਦਿਆ ਚੁਗਲੀ ਦੀ ਗੱਲ ਕਰੇ। ਤੇ ਨਾ ਅੱਖਾਂ ਬੇਗਾਨਾ ਰੂਪ ਦੇਖਣ ਕਹਿੰਦੇ -

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਅੰਗ - ੪੭੧

ਜੇ ਤੇਰੇ ਕੋਲ ਇਹ ਹੈਗਾ ਤਾਂ ਮੈਨੂੰ ਦੇ ਦੇ। ਸੋ ਗੁਰੂ ਨਾਨਕ ਵੀ values ਆਦਮੀ ਦੇ ਅੰਦਰ ਪਾਉਣ ਆਏ ਸੀ। ਗੁਰੂ ਦਸ਼ਮੇਸ਼ ਪਿਤਾ ਵੇਲੇ ਵੀ human values ਅਲੋਪ ਹੋ ਚੁੱਕੀਆਂ ਸੀ, ਇਹ ਨਹੀ ਸੀ ਮਤਾ ਕਿ ਮਨੁਖ ਦੀ ਸ਼ਕਲ ਬਦਲ ਦਿਓ, ਨਾ, ਉਹ human values ਆਦਮੀ ਦੇ ਅੰਦਰ ਭਰਨ ਆਏ ਸੀ। ਪ੍ਰਮੇਸ਼ਰ ਨੇ ਜਿਵੇਂ ਪੈਦਾ ਕੀਤਾ ਸੀ, ਮਨੁੱਖ ਨੇ ਉਹਦੇ ਵਿਚ ਭੰਨ ਤੋੜ ਕਰ ਲਈ। ਕੇਸ ਜਮਾਂਦਰੂ ਆਉਂਦੇ ਨੇ ਸਾਡੇ, ਅਸੀਂ ਤਾਂ ਨਹੀਂ ਲਾਉਂਦੇ, ਉਹਦੀ ਹੁਕਮ ਅਦੂਲੀ ਕਰ ਲਈ, ਇਹ ਗੱਲ ਸਮਝਾਉਣੀ ਸੀ ਮਹਾਰਾਜ ਜੀ ਨੇ ਸਾਰੀ ਕਿ natural life ਕਿਵੇਂ ਜੀਉਂਈ ਜਾਂਦੀ ਹੈ, ਕੁਦਰਤ ਦੇ ਨਾਲ ਅਸੀਂ ਕਿਵੇਂ ਰਲ ਕੇ ਚਲ ਸਕਦੇ ਹਾਂ ਕਿਉਂਕਿ ਕੁਦਰਤ ਨੇ ਕੋਈ ਗੱਲ ਗਲਤ ਨਹੀਂ ਕਰੀ। ਉਹ ਸਾਡੇ ਭਲੇ ਵਾਸਤੇ ਹੀ ਕਰ ਰਹੀ ਹੈ। ਜੋ ਸਾਡੇ ਸਰੀਰਾਂ ਦੀ ਬਣਤਰ ਹੈ ਉਹ ਕੁਦਰਤ ਨੇ ਬਣਾਈ ਹੈ, ਲੋੜ ਦੇ ਮੁਤਾਬਿਕ। ਇਹਨੂੰ ਭੰਨ-ਤੋੜ ਕਰੀਏ ਫੇਰ ਗਲਤ ਹੋ ਜਾਂਦਾ ਹੈ। ਸੋ ਇਹ ਸਾਰੀਆ ਚੀਜ਼ਾਂ values ਦੱਸਣ ਵਾਸਤੇ ਮਹਾਰਾਜ ਨੂੰ ਹੁਕਮ ਹੋਇਆ -

ਜਹਾ ਤਹਾ ਤੈ ਧਰਮੁ ਚਲਾਇ।
ਕਬੁਧਿ ਕਰਨ ਤੇ ਲੋਕ ਹਟਾਇ।
ਅਕਾਲ ਪੁਰਖ ਬਾਚ।। ਚੌਪਈ।।

ਜਿਹੜੀ ਮਾੜੀ ਬੁੱਧੀ ਹੈ ਓਸ ਬੁੱਧੀ ਨੂੰ ਦੂਰ ਕਰੋ, ਜਿਹੜੇ ਗਲਤ ਨਿਹਚੇ ਨੇ ਉਨ੍ਹਾਂ ਨੂੰ ਦੂਰ ਕਰੋ, ਮਹਾਰਾਜ ਕਹਿਣ ਲੱਗੇ ਜਦੋਂ ਅਸੀਂ ਧਿਆਨ ਕਰਕੇ ਦੇਖਿਆ ਸਾਨੂੰ ਨਜ਼ਰ ਆਇਆ ਕਿ ਹਰੀ ਦੀ ਜੋਤ ਤਾਂ ਅਲੋਪ ਹੋ ਗਈ ਸਾਰਿਆਂ ਦੇ ਹਿਰਦਿਆਂ ਦੇ ਵਿਚੋਂ ਤੇ ਮਾਇਆ ਦਾ ਗੁਬਾਰ ਹਰ ਇਕ ਦੇ ਹਿਰਦੇ ਵਿਚ ਛਾਇਆ ਹੋਇਆ ਹੈ, ਇਸ ਤਰ੍ਹਾਂ ਫੁਰਮਾਨ ਹੈ -

ਧਾਰਨਾ - ਜੋਤ ਹਰੀ ਦੀ ਨਜ਼ਰ ਨਾ ਆਵੇ,
ਮਾਇਆ ਦਾ ਗੁਬਾਰ ਛਾ ਗਿਆ।

ਕਹਿੰਦੇ ਕਿਸੇ ਨੇ ਪੱਥਰ ਇਕੱਠੇ ਕਰ ਲਏ, ਉਹਨੂੰ ਹੀ ਵਾਹਿਗੁਰੂ ਕਹਿਣ ਲੱਗ ਗਏ, ਕਿਸੇ ਨੇ ਮਹੇਸ਼ ਨੂੰ ਵਾਹਿਗੁਰੂ ਕਹਿਣ ਲੱਗ ਗਏ, ਦੇਵਤਿਆਂ ਨੂੰ ਵਾਹਿਗੁਰੂ ਕਹਿਣ ਲੱਗ ਗਏ। ਕਿਸੇ ਨੇ ਕਿਹਾ ਹੈ ਕਿ ਸਾਡੇ ਮੰਦਰ ਦੇ ਵਿਚ ਰੱਬ ਰਹਿੰਦਾ ਹੈ, ਹੋਰ ਕਿਤੇ ਨਹੀਂ ਹੈ। ਕਿਸੇ ਨੇ ਕਿਹਾ ਹੈ ਕਿ ਮਸਜਿਦ ਦੇ ਵਿਚ ਰੱਬ ਰਹਿੰਦਾ ਹੈ, ਹੋਰ ਬਾਹਰ ਕਿਤੇ ਨਹੀਂ ਲੱਭਦਾ, ਸਭ ਦੇ ਦਿਲ ਵਿਚ ਰਹਿੰਦਾ ਹੈ, ਕੋਈ ਥਾਂ ਐਸਾ ਨਹੀਂ ਜਿਥੇ ਪ੍ਰਮੇਸ਼ਰ ਨਾ ਹੋਵੇ।

ਕਿਸੇ ਨੇ ਰਾਮ ਚੰਦਰ ਜੀ ਨੂੰ ਰੱਬ ਕਹਿ ਦਿਤਾ, ਕਿਸੇ ਨੇ ਕ੍ਰਿਸ਼ਨ ਮਹਾਰਾਜ ਜੀ ਨੂੰ ਰੱਬ ਕਹਿ ਦਿਤਾ।

ਕੋਈ ਮੱਛ ਅਵਤਾਰ ਨੂੰ ਮੰਨਦਾ ਹੈ, ਕੋਈ ਕੱਛ ਅਵਤਾਰ ਨੂੰ ਮੰਨਦਾ ਹੈ, ਆਪਣੀ-ਆਪਣੀ ਮਾਨਤਾ ਸ਼ੁਰੂ ਹੋ ਗਈ।

ਮਹਾਰਾਜ ਕਹਿੰਦੇ ਛੱਡ ਦੇ ਇਹ ਚੀਜ਼ਾਂ ਨੂੰ, ਫੋਕਟ ਨੇ, ਜਿਵੇਂ ਬਦਾਮ ਦਾ ਛਿਲਕਾ ਕੁੱਟ ਕੇ ਕੱਢ ਦੇਈਏ ਬਾਹਰ ਤੇ ਕੋਈ ਸਾਂਭ-ਸਾਂਭ ਕੇ ਰੱਖੀ ਜਾਵੇ, ਉਹਨੂੰ ਸਿਆਣਾ ਤਾਂ ਕੋਈ ਕਹਿੰਦਾ ਨਹੀਂ ਉਹਨੂੰ ਫੋਕਟ ਕਹਿੰਦੇ ਨੇ। ਨਿੰਬੂ ਨਚੋੜ ਲਿਆ ਤੇ ਉਹ ਫੋਕਟ ਨੂੰ ਸਾਂਭੀ ਫਿਰਦੇ ਨੇ, ਸੰਤਰਾ ਖਾ ਲਿਆ, ਫੋਕਟ ਨੂੰ ਸਾਂਭੀ ਫਿਰਦਾ ਹੈ। ਸੇਬ ਖਾ ਲਿਆ, ਉਪਰਲੀ ਛਿਲਕ ਨੂੰ ਸਾਂਭੀ ਫਿਰਦਾ ਹੈ। ਮਹਾਰਾਜ ਕਹਿੰਦੇ ਇਹ ਛੱਡ ਦੇ, ਜਿਹੜਾ ਸਾਰੀ ਸ੍ਰਿਸ਼ਟੀ ਨੂੰ ਸਾਜਦਾ ਹੈ ਨਾ, 'ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ, ਗੁਰ ਪ੍ਰਸਾਦਿ' ਉਹਨੂੰ ਤੂੰ ਰੱਬ ਜਾਣ, ਜਿਹੜਾ ਹਰ ਥਾਂ ਦੇ ਉਤੇ ਹੈ ਸੋ ਇਹੀ ਉਪਦੇਸ਼ ਗੁਰੂ ਮਹਾਰਾਜ ਨੇ ਆ ਕੇ ਸਾਨੂੰ ਦਿਤਾ -

ਧਾਰਨਾ - ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ।
ਜਾਗਤ ਜੋਤਿ ਜਪੈ ਨਿਸ ਬਾਸੁਰ,
ਏਕ ਬਿਨਾਂ ਮਨ ਨੈਕ ਨ ਆਨੈ॥
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ
ਤਬ ਖਾਲਸ ਤਾਹਿ ਨਖਾਲਸ ਜਾਨੈ॥

ਸੰਸਾਰ ਨੂੰ ਦੱਸਿਆ ਗੁਰੂ ਮਹਾਰਾਜ ਨੇ ਆ ਕੇ ਕਿ ਵਾਹਿਗੁਰੂ ਨਾ ਪੱਥਰ ਹੈ, ਨਾ ਕਿਸੇ ਮੰਦਰ ਦੇ ਵਿਚ ਕੈਦ ਹੈ, ਨਾ ਮਸਜਿਦ 'ਚ ਕੈਦ ਹੈ, ਨਾ ਕਿਸੇ ਹੋਰ ਧਰਮ ਅਸਥਾਨ 'ਚ ਕੈਦ ਹੈ, ਵਾਹਿਗੁਰੂ ਤਾਂ ਸਾਰੇ ਪਰੀਪੂਰਨ ਹੈ ਜਿਥੇ ਜਾਓ ਉਥੇ-

ਜਹ ਜਹ ਪੇਖਉ ਤਹ ਹਜੂਰਿ
ਦੂਰਿ ਕਤਹੁ ਨ ਜਾਈ ॥
ਰਵਿ ਰਹਿਆ ਸਰਬਤ੍ਰ ਮੈ
ਮਨ ਸਦਾ ਧਿਆਈ ॥ *ਅੰਗ - ੬੭੭*

ਜਿਥੇ ਵੀ ਅਸੀਂ ਜਾਵਾਂਗੇ ਉਹ ਜਾਗ੍ਰਤ ਜੋਤ -

ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ।।
ਨ ਘਾਟ ਹੈ ਨ ਬਾਢ ਹੈ
ਨ ਘਾਟਿ ਬਾਢਿ ਹੋਤ ਹੈ॥ *ਅਕਾਲ ਉਸਤਤਿ*

ਉਹ ਤਾਂ ਜਿਥੇ ਤਕ ਅਸਮਾਨ ਨੇ, ਜਿਥੇ ਤਕ ਹੋਰ ਕੁਝ ਹੈ, ਕੋਈ ਕਹਿ ਨਹੀਂ ਸਕਦਾ ਕਿਉਂਕਿ ਏਧਰ ਆਦਮੀ ਜੇ ਖਿਆਲ ਲਿਆਵੇ ਤਾਂ ਪਤਾ ਨਹੀਂ ਲਗਦਾ confuse ਹੋ ਜਾਂਦਾ ਹੈ, ਕਿਥੇ ਹੋਇਆ? ਉਪਰ ਨੂੰ ਦੇਖੋ ਤਾਂ ਨਹੀਂ ਕਿਤੇ ਅੰਤ। ਸੱਜੇ ਪਾਸੇ ਨੂੰ ਦੇਖੋ ਤਾਂ ਨਹੀਂ ਅੰਤ, ਖੱਬੇ ਨੂੰ ਦੇਖੋ ਤਾਂ ਨਹੀਂ ਅੰਤ, ਸਾਮ੍ਹਣੇ ਦੇਖੋ ਤਾਂ ਨਹੀਂ ਅੰਤ। ਪਿੱਠ ਵਲ ਦੇਖੋ ਤਾਂ ਨਹੀਂ ਅੰਤ, ਹੇਠਾਂ ਨੂੰ ਦੇਖੋ ਤਾਂ ਨਹੀਂ ਅੰਤ। ਕਿਤੇ ਹੈ ਹੀ ਨਹੀਂ, ਕਹਿੰਦੇ ਉਹ ਤਾਂ ਜੋਤੀ ਸਾਰੇ ਪਰੀਪੂਰਨ ਹੈ, ਉਹਨੂੰ ਵਾਹਿਗੁਰੂ ਕਹਿ ਕੇ, ਵਾਹਿਗੁਰੂ, ਅੱਲਾਹ, ਰਾਮ, ਕੁਛ ਕਹੋ ਉਹਨੂੰ ਕਹੋ।

ਮੜ੍ਹੀਆਂ ਵਿਚ ਕੀ ਪਿਆ ਹੈ ਮੜ੍ਹੀਆਂ ਵਿਚ, ਆਦਮੀ ਜੀਉਂਦਾ-ਜੀਉਂਦਾ ਕੁਛ ਕਰ ਨਹੀਂ ਸਕਿਆ, ਇੱਟਾਂ ਲਾ ਦਿਓ, ਫੇਰ ਉਹਦੇ ਉਪਰ ਮੱਥੇ ਟੇਕੀ ਜਾਓ, ਰੱਬ ਨੂੰ ਕਿਉਂ ਨਹੀਂ ਮੰਨਦੇ ਜਿਹੜਾ ਸਾਰੇ ਪਰੀਪੂਰਨ ਹੈ, ਅਰ ਜਾਗ੍ਰਤ ਜੋਤ ਹੈ, ਮੁਰਦਾ ਜੇ ਉਹਦੇ ਵਿਚ ਤਾਕਤ ਹੋਵੇ ਜੀਉਂਦਾ-ਜੀਉਂਦਾ ਹੀ ਕਰ ਲੈਂਦਾ ਸਭ ਕੁਛ। ਉਹਨੂੰ ਕਿਉਂ ਮੱਥੇ ਟੇਕਦੇ ਓਂ ਜਾ ਕੇ। ਆਪੇ ਹੀ ਬਣਾ ਕੇ, ਆਪੇ ਹੀ ਡਰੀ ਜਾਂਦੇ ਨੇ। ਮਹਾਰਾਜ ਕਹਿੰਦੇ ਭੁੱਲ ਕੇ ਵੀ ਨਾ ਕਰਿਓ ਇਹ ਕੰਮ, ਪ੍ਰੇਮੀਓ! ਪ੍ਰਮੇਸ਼ਰ ਦੇ ਨਾਲ ਦੂਈ ਪੈ ਜਾਏਗੀ ਤੁਹਾਡੀ। ਤੁਹਾਡੇ ਅੰਦਰਲੇ ਪਾਸੇ ਇਕ ਹੋਰ ਆ ਵੜੇਗਾ। 'ਧਨ ਪਿਰ ਕਾ ਇਕ ਹੀ ਸੰਗਿ ਵਾਸਾ' ਇਹ ਤਾਂ ਅੰਦਰ ਸਾਡੇ ਇਕ ਵਾਹਿਗੁਰੂ ਰਹਿੰਦਾ ਹੈ ਇਕ ਮੈਂ ਰਹਿੰਦਾ ਹੈ, ਜੇ ਇਕ ਹੋਰ ਵਾੜ ਲਈਏ, ਫੇਰ ਤਾਂ ਗੜਬੜ ਮੱਚਣੀ ਹੀ ਹੈ। ਕਈ ਐਥੇ ਕਹਿੰਦੇ ਨੇ ਕਿ ਜੀ ਅਸੀਂ ਫਲਾਣੇ ਥਾਂ ਮੱਥਾ ਟੇਕਿਆ, ਫਲਾਣੇ ਥਾਂ ਗਏ, ਮੈਂ ਕਿਹਾ ਕਿ ਤੁਸੀਂ ਇਕ ਨੂੰ ਮੰਨੋ। ਜਿਹੜਾ ਸਮਰੱਥ ਹੈ ਉਹਨੂੰ ਮੰਨੋ, ਉਹ ਪ੍ਰਮੇਸ਼ਰ ਹੈ, ਵਾਹਿਗੁਰੂ ਹੈ, ਅੱਲਾਹ ਹੈ, ਰਾਮ ਹੈ। ਉਹਦੀ ਆਰਾਧਨਾ ਕਰੋ। ਜਦ ਉਹਨੂੰ ਹਿਰਦੇ 'ਚ ਵਸਾ ਲਿਆ, ਮਹਾਰਾਜ ਕਹਿੰਦੇ ਫੇਰ ਤਾਂ ਮਨ ਨਾ ਵਰਤਾਂ ਨੂੰ, ਨਾ ਗੋਰਾਂ ਨੂੰ, ਨਾ ਕਬਰਾਂ ਨੂੰ, ਨਾ ਮੜ੍ਹੀਆਂ ਨੂੰ, ਨਾ ਮੱਠਾਂ ਨੂੰ ਕਰਦਾ ਹੈ -

ਤੀਰਥ ਦਾਨ ਦਇਆ ਤਪ ਸੰਜਮ....॥

ਇਨ੍ਹਾਂ ਦਾ ਆਸਰਾ ਨਾ ਲਓ, ਤੀਰਥਾਂ ਦਾ, ਦਾਨਾਂ ਦਾ, ਦਇਆਂ ਦਾ, ਤਪ ਦਾ -

......ਏਕ ਬਿਨਾ ਨਹਿ ਏਕ ਪਛਾਨੈ॥

ਵਾਹਿਗੁਰੂ ਨੂੰ ਹੀ ਦੇਖੋ ਸਾਰੇ ਪਰੀਪੂਰਨ -

ਪੂਰਨ ਜੋਤ ਜਗੈ ਘਟ ਮੈ
ਤਬ ਖਾਲਸ ਤਾਹਿ ਨਖਾਲਸ ਜਾਨੈ॥

ਜਦੋਂ ਘਟ ਦੇ ਅੰਦਰੋਂ ਹਨ੍ਹੇਰਾ ਦੂਰ ਹੋ ਗਿਆ, ਸਾਰੇ ਇਕ ਵਾਹਿਗੁਰੂ ਦਿਸਣ ਲਗ ਗਿਆ, ਫੇਰ ਕਹਿੰਦੇ ਕੀ ਹੁੰਦਾ ਹੈ, ਮਨੁਖ ਓਹੀ ਜਿਹੜਾ ਮੈਲ ਦਾ ਭਰਿਆ ਹੋਇਆ ਸੀ, ਉਹ ਮਨੁਖ pure ਹੋ ਗਿਆ।

ਤਬ ਖਾਲਸ ਤਾਹਿ ਨਖਾਲਸ ਜਾਨੈ॥

ਨਖਾਲਸਾ ਦੇ ਵਿਚੋਂ ਉਹ ਖਾਲਸ ਹੋ ਜਾਂਦਾ ਹੈ, pure man ਹੋ ਜਾਂਦਾ ਹੈ। ਫੇਰ ਉਹਦੀ ਨਿਸ਼ਾਨੀ ਕੀ ਹੈ -

ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥
ਪ੍ਰਭ ਮਹਿ, ਮੋ ਮਹਿ, ਤਾਸ ਮਹਿ,
ਰੰਚਕ ਨਾਹਨ ਭੇਵ॥

ਜਿਹਨੇ ਸਾਰੇ ਪਰੀਪੂਰਨ ਆਤਮਾ ਤਕ ਲਈ, ਨਿਹਚਾਹੋ ਗਿਆ ਜਿਹਦਾ ਕਿ ਵਾਹਿਗੁਰੂ ਸਾਰੇ ਪਰੀਪੂਰਨ ਆਤਮਾ ਹੈ ਤੇ ਉਹਦਾ ਰਸ ਕੀਹਨੂੰ ਆ ਗਿਆ? ਇਕ ਤਾਂ intellectually ਆ ਗਿਆ, ਅਕਲ ਨਾਲ ਸਿੱਖ ਲਿਆ, ਇਕ ਹੁੰਦਾ ਹੈ ਰਸ ਆ ਜਾਂਦਾ ਹੈ। ਕਹਿੰਦੇ ਉਹ ਖਾਲਸਾ ਹੁੰਦਾ ਹੈ।

ਕਿੱਡਾ ਵੱਡਾ ਹੋ ਗਿਆ ਉਹ, ਕਹਿੰਦੇ ਨਾ ਮੇਰੇ ਵਿਚ, ਨਾ

ਵਾਹਿਗੁਰੂ ਵਿਚ, ਨਾ ਉਹਦੇ ਵਿਚ, ਉਹਦੇ ਵਿਚ ਭੇਦ ਨਹੀਂ ਹੈ। ਸੋ ਐਸਾ ਗੁਰੂ ਮਹਾਰਾਜ ਨੇ ਆ ਕੇ ਉਪਦੇਸ਼ ਦਿਤਾ। ਐਸਾ ਧਰਮ ਦੇ ਵਿਚ ਉਨ੍ਹਾਂ ਨੇ ਇਨਕਲਾਬ ਲਿਆਂਦਾ, ਕਿ ਉਨ੍ਹਾਂ ਦਾ ਸਾਰੇ ਬੋਲਬਾਲਾ ਹੋ ਗਿਆ, ਸਾਰੇ ਮੰਨਦੇ ਨੇ ਉਨ੍ਹਾਂ ਨੂੰ। ਮਨੁਖ ਦੇ ਬਾਰੇ ਉਨ੍ਹਾਂ ਨੇ ਵਿਸ਼ਲੇਸ਼ਣ ਕੀਤਾ ਹੈ ਕਿ ਮਨੁੱਖ ਦੀ ਕੋਈ ਜਾਤ ਨਹੀਂ ਹੋਇਆ ਕਰਦੀ। ਕੋਈ ਜਾਤ ਨਹੀਂ ਹੈ ਮਨੁੱਖ ਦੀ, ਇਹ ਸਾਰੇ ਮਨੁੱਖ ਚਾਹੇ ਇਸਲਾਮ ਦੇ ਵਿਚ ਰਹਿਣ ਵਾਲਾ ਹੈ, ਚਾਹੇ ਹਿੰਦੂ ਹੈ, ਚਾਹੇ ਬੋਧੀ ਹੈ, ਚਾਹੇ ਕੋਈ ਵੀ ਹੈ ਜਾਤ ਇਕੋ ਹੀ ਹੈ,

ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ॥

ਸੋ ਐਸੇ ਉਪਦੇਸ਼ ਮਹਾਰਾਜ ਜੀ ਨੇ ਸਾਨੂੰ ਸੰਸਾਰ 'ਤੇ ਦਿਤੇ -

ਧਾਰਨਾ - ਸੁਣ ਗੁਰੂ ਪਿਆਰੇ,
ਸੱਚਾ ਅਮਰ ਗੋਬਿੰਦ ਕਾ।
ਸੱਚਾ ਅਮਰ ਗੋਬਿੰਦ ਕਾ ਦਾ ਸੁਣ ਗੁਰੂ ਪਿਆਰੇ।
ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।
ਵਿਚਿ ਸੰਗਤਿ ਢੋਈ ਨਾ ਲਹਿਨਿ ਜੋ ਖਸਮੁ ਵਿਸਾਰੇ।
ਗੁਰਮੁਖ ਮੱਥੇ ਉਜਲੇ ਸੱਚੇ ਦਰਬਾਰੇ।
ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ।
ਭਾਈ ਗੁਰਦਾਸ ਜੀ, ਵਾਰ ੪੧/੨

ਕਹਿੰਦੇ ਪਿਆਰੀ ਸਾਧਸੰਗਤ! ਸੁਣੋ ਗੁਰੂ ਦਾ ਅਮਰ। ਕੀਤਾ ਉਨ੍ਹਾਂ ਨੇ, ਕਹਿੰਦੇ -

ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।

ਸਤਿਸੰਗਤ ਕਹਿੰਦੇ ਨੇ -

ਸਤਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨

ਜਿਥੇ ਨਾਮ ਜਪਣ ਵਾਲੇ, ਨਾਮ ਦੀ ਵਿਆਖਿਆ ਕਰਨ ਵਾਲੇ, ਨਾਮ ਦੇ ਰਸੀਏ ਬੈਠਦੇ ਸੀ, ਕਹਿੰਦੇ ਉਨ੍ਹਾਂ ਦਾ ਮਿਲਾਪ ਕਰਕੇ ਪੰਚ ਦੂਤ ਸੰਘਾਰ ਦਿਤੇ। ਪੰਜਾਂ ਦੂਤਾਂ ਨੇ ਸਾਰੇ ਸੰਸਾਰ ਨੂੰ ਲੁਟਿਆ ਹੋਇਆ ਹੈ। ਅੰਦਰੋਂ ਇਹ ਦੂਤ ਮਾਰ ਦਿਤੇ।

ਵਿਚਿ ਸੰਗਤਿ ਢੋਈ ਨਾ ਲਹਿਨਿ ਜੋ ਖਸਮੁ ਵਿਸਾਰੇ।

ਜਿਹੜੇ ਖਸਮ ਨੇ ਵਿਸਾਰ ਦਿਤੇ ਸੰਗਤ ਵਿਚ ਉਨ੍ਹਾਂ ਦਾ ਪਾਖੰਡ ਨਹੀਂ ਚਲਦਾ। ਨਾ ਮਸੰਦਾਂ ਦਾ ਚਲਦਾ ਹੈ, ਨਾ ਕਿਸੇ ਹੋਰ ਦਾ ਚਲਦਾ ਹੈ। ਭੇਖ ਦਾ ਨਹੀਂ ਚਲਦਾ, ਰਸਮਾਂ ਦਾ ਨਹੀਂ ਚਲਦਾ। ਕਿਉਂਕਿ ਉਹ ਰਲਦੇ ਨਹੀਂ ਖਸਮ ਨੇ ਵਿਸਾਰੇ ਹੋਏ ਨੇ।

ਗੁਰਮੁਖ ਮੱਥੇ ਉਜਲੇ ਸੱਚੇ ਦਰਬਾਰੇ।
ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ।

ਆਪ ਹੀ ਗੁਰੂ ਤੇ ਆਪ ਹੀ ਚੇਲਾ। ਪਹਿਲਾਂ ਅੰਮ੍ਰਿਤ ਛਕਾਇਆ ਤੇ ਫੇਰ ਉਨ੍ਹਾਂ ਤੋਂ ਆਪ ਛਕਿਆ। ਸੋ ਆਪ ਦੇ ਜੋ ਬਚਪਨ ਦੇ ਕੌਤਕ ਨੇ, ਬੜੇ ਵਚਿੱਤਰ ਨੇ, ਖਿੱਚ ਪਾਉਣ ਵਾਲੇ ਨੇ, ਜਿਸ ਵਕਤ ਆਪ ਦਾ ਪ੍ਰਕਾਸ਼ ਹੋਇਆ, ਉਸ ਵੇਲੇ ਅੰਮ੍ਰਿਤ ਵੇਲੇ ਦੀ ਨਮਾਜ਼ ਜਿਹਨੂੰ ਫਜ਼ਰ ਦੀ ਨਮਾਜ਼ ਕਹਿੰਦੇ ਨੇ, ਇਥੇ ਘੜਾਮ ਦੇ ਵਿਚ ਇਕ ਸਮਰੱਥ ਪੁਰਸ਼ ਰਹਿੰਦਾ ਸੀ ਤੇ ਜੇ ਆਪਾਂ ਇਨਸਾਫ ਨਾਲ ਗੱਲ ਕਰੀਏ ਨਾ ਤਾਂ ਤੁਸੀਂ ਹੈਰਾਨ ਹੋ ਜਾਵੋਂਗੇ ਕਿ ਓਸ ਸੂਫੀ ਪੀਰ ਨੂੰ ਪ੍ਰਕਾਸ਼ ਹੋਇਆ, ਸਿਜਦਾ ਕਰ ਰਿਹਾ ਸੀ, ਪੱਛਮ ਨੂੰ। ਲੇਕਿਨ ਹੈਰਾਨ ਹੁੰਦਾ ਹੈ ਕਿ ਇਹ ਪ੍ਰਕਾਸ਼ ਕਿਸ ਥਾਂ ਤੋਂ ਆ ਰਿਹਾ ਹੈ? ਉਸ ਵੇਲੇ ਰੁਖ ਬਦਲ ਲਿਆ। ਪੱਛਮ ਵਲ ਪਿੱਠ ਕਰ ਲਈ, ਪੂਰਬ ਵਲ ਮੂੰਹ ਕਰ ਲਿਆ, ਸਾਰੇ ਮੁਰੀਦ ਹੈਰਾਨ ਹੋ ਰਹੇ ਨੇ ਕਿ ਅੱਜ ਮੁਰਸ਼ਦ ਕੀ ਕਰਨ ਲੱਗ ਗਏ ਸਾਡੇ, ਬਈ ਪੱਛਮ ਨੂੰ ਨਮਾਜ਼ ਪੜ੍ਹੀ ਜਾਂਦੀ ਹੈ, ਤੇ ਇਹਨੇ ਪੱਛਮ ਦੀ ਥਾਂ ਦੇ ਉਤੇ ਪੂਰਬ ਨੂੰ ਮੂੰਹ ਕਰ ਲਿਆ। ਇਹ ਤਾਂ ਉਲਟ ਹੋ ਗਿਆ, ਓਧਰ ਤਾਂ ਪਿੱਠ ਹੋ ਗਈ। ਸ਼ੰਕਾ ਮਨ ਵਿਚ ਆ ਗਿਆ। ਓਸ ਵੇਲੇ ਉਹ ਨਮਾਜ਼ ਪੜ੍ਹਦਾ ਬਜ਼ਦ 'ਚ ਆ ਗਿਆ। ਨਾਪਣ ਲਗ ਗਿਆ ਅਸਮਾਨ ਨੂੰ, ਧਰਤੀ ਨੂੰ ਕਿ ਆਹ ਪ੍ਰਕਾਸ਼ ਕਿਥੋਂ ਆ ਰਿਹਾ ਹੈ। ਦੇਖਣ ਲਗ ਗਿਆ, ਬਿਬਾਨ ਤੁਰਿਆ ਆ ਰਿਹਾ ਹੈ, ਪ੍ਰਕਾਸ਼ ਹੀ ਪ੍ਰਕਾਸ਼ ਹੈ ਸਾਰੇ, ਸਾਰੀ ਸ੍ਰਿਸ਼ਟੀ ਦੇ ਵਿਚ ਪ੍ਰਕਾਸ਼ ਹੋ ਗਿਆ, ਬੰਦਗੀ ਕਰਨ ਵਾਲਿਆਂ ਨੂੰ ਪਤਾ ਲਗ ਜਾਂਦਾ ਹੈ ਕਿ ਅੱਜ ਇਸ ਇਲਾਕੇ ਦੇ ਵਿਚ ਕੋਈ ਜੋਤ ਵਾਲਾ ਪੁਰਸ਼ ਪਹੁੰਚਿਆ ਹੈ। ਇਹ ਵੀ ਪਤਾ ਲਗ ਜਾਂਦਾ ਹੈ ਕਿ ਅੱਜ ਕੋਈ ਦੁਸ਼ਟ ਆਤਮਾ ਇਥੇ ਆਈ ਹੋਈ ਹੈ, ਨਾਮ ਜਪਣ ਵੇਲੇ ਸਾਰੀ ਚੀਜ਼ ਦੀ ਸੋਝੀ ਹੋ ਜਾਂਦੀ ਹੈ। ਉਸ ਵੇਲੇ ਬੇਅੰਤ ਸੰਤ ਸੀਗੇ, ਵੱਡੇ-ਵੱਡੇ ਸਾਧੂ ਸੀਗੇ, ਵੱਡੇ-ਵੱਡੇ ਯੋਗੀ ਸੀ, ਲੇਕਿਨ ਕੋਈ ਵੀ ਨਾ ਦੇਖ ਸਕਿਆ। ਦੇਖਿਆ ਕੀਹਨੇ ਭੀਖਣਸ਼ਾਹ ਨੇ ਦੇਖਿਆ, ਪੀਰ ਨੇ ਦੇਖਿਆ ਕਿ ਕੋਈ ਨੂਰ ਅੱਲਾਹ ਦਾ ਉਤਰ ਰਿਹਾ ਹੈ। ਐਡਾ ਪ੍ਰਕਾਸ਼ ਜਿਹੜਾ ਅੱਜ ਤਕ ਨਹੀਂ ਦੇਖਿਆ। ਉਹਨੇ ਨਮਾਜ਼ ਓਧਰ ਪੜ੍ਹੀ ਮੂੰਹ ਕਰਕੇ, ਤੇ ਸਿਜਦਾ ਕਰ ਦਿਤਾ। ਹੈਰਾਨ ਹੋ ਗਏ ਮੁਰੀਦ ਕਿ ਇਹ ਪੀਰ ਜੀ ਨੇ ਅੱਜ ਕੀ ਕਰਿਆ। ਜਦੋਂ ਨਮਾਜ਼ ਪੜ੍ਹ ਹਟੇ, ਕਹਿਣ ਲੱਗੇ ਪੀਰ ਜੀ! ਅੱਜ ਤੁਸੀਂ ਕੁਫਰ ਦੀ ਬਾਤ ਕਰੀ ਹੈ। ਸ਼ਰ੍ਹਾ ਦੇ ਉਲਟ ਗੱਲ ਕਰੀ ਹੈ। ਸਾਡੇ ਮਨਾਂ 'ਚ ਸ਼ੰਕੇ ਪੈ ਗਏ ਨੇ, ਆਪ ਸਮਰੱਥ ਪੁਰਸ਼ ਹੋ, ਆਪ ਕ੍ਰਿਪਾ ਕਰਕੇ ਸਾਡਾ ਸ਼ੰਕਾ ਨਵਿਰਤ ਕਰੋ। ਮੁਰੀਦਾਂ ਨੂੰ ਕਹਿਣ ਲੱਗੇ ਕਿ ਅੱਜ ਮੈਂ ਦੂਰੀ ਨਾਪ ਲਈ ਹੈ ਇਥੋਂ, ਸੇਧ ਲੈ ਲਈ ਹੈ ਪੂਰੀ, ਤੇ ਮੇਰੀ ਸੇਧ ਵਿਚ ਗਲਤੀ ਨਹੀਂ ਕੋਈ ਵੀ ਹੋਣੀ ਤੇ ਓਸ ਥਾਂ ਦੇ ਉਤੇ ਅੱਲਾਹ ਦਾ ਨੂਰ, ਵਾਹਿਗੁਰੂ ਦੀ ਜੋਤ ਪ੍ਰਗਟ ਹੋਈ ਹੈ ਅੱਜ, ਤੇ ਮੈਂ ਜਿਸਨੂੰ ਚਾਹੁੰਦਾ ਸੀ ਉਹ ਅੱਜ ਇਥੇ ਆ ਗਿਆ ਧਰਤੀ ਦੇ ਉਤੇ, ਇਸ ਕਰਕੇ ਮੈਂ ਇਸ ਕਰਕੇ ਉਹਨੂੰ ਪਛਾਣ ਕੇ ਸਿਜਦਾ ਕਰਿਆ ਸੀ, ਲੇਕਿਨ ਸਾਰਿਆਂ ਦੇ ਨਿਹਚੇ ਤਾਂ ਪੱਕੇ ਨਹੀਂ ਹੁੰਦੇ, ਉਸ ਵੇਲੇ ਉਹ ਕਹਿਣ ਲੱਗਿਆ ਕਿ ਆਪਾਂ ਛੇਤੀ ਚੱਲੀਏ। ਉਸ ਜੋਤ ਦਾ ਦਰਸ਼ਨ ਕਰੀਏ। ਤਾਂ ਉਸ ਵੇਲੇ ਸਨੇ-ਸਨੇ ਜੋ ਸੇਧ ਲਾਈ ਸੀ ਉਹਦੇ ਉਤੇ ਤੁਰਦਾ ਰਿਹਾ, ਬੜਾ ਕਾਮਲ ਫਕੀਰ ਸੀ ਜਿਹਨੇ ਬਗੈਰ ਨਕਸ਼ੇ ਤੋਂ, ਬਗੈਰ ਜਾਣੇ ਤੋਂ ਸਫਰ ਆਰੰਭ ਦਿਤਾ ਤੇ ਪਤਾ ਹੈ ਉਹਨੂੰ ਕਿ ਇਥੇ ਹੈ ਜੋਤ। ਜੋਤ ਧਿਆਨ ਵਿਚ ਹੈ। ਚਲਦਾ-ਚਲਦਾ ਬਿਹਾਰ ਵਿਚ ਪਹੁੰਚਿਆ, ਕਈ ਮਹੀਨੇ ਲਗ ਗਏ ਉਹਨੂੰ ਚਲਦੇ ਨੂੰ। ਉਥੇ ਜਾ ਕੇ ਗੁਰੂ ਮਹਾਰਾਜ ਜੀ ਦਾ ਜਿਥੇ ਨਿਵਾਸ ਸੀ, ਗੁਰੂ ਨੌਵੇਂ ਪਾਤਸ਼ਾਹ ਤਾਂ ਆਸਾਮ ਵਲ ਗਏ ਹੋਏ ਸੀ ਤੇ ਇਹ ਪਟਨੇ ਓਸ

ਘਰ ਦੇ ਅੱਗੇ ਪਹੁੰਚ ਗਿਆ, ਕਹਿਣ ਲੱਗਿਆ ਇਥੇ ਹੈ ਜੋਤੀ, ਇਸ ਘਰ ਵਿਚ ਹੈ ਜੋਤੀ। ਹੁਣ ਦੇਖੋ ਕਹਿੰਦਾ ਪ੍ਰਕਾਸ਼ ਹੀ ਪ੍ਰਕਾਸ਼ ਹੈ। ਮੈਂ ਸੈਂਟਰ ਲੱਭ ਲਿਆ ਜੋਤੀ ਦਾ। ਜਾ ਕੇ ਬੇਨਤੀ ਕਰੀ ਕਿ ਅੱਲਾਹ ਦੇ ਨੂਰ ਦਾ ਦਰਸ਼ਨ ਕਰਨ ਆਇਆ ਹਾਂ। ਮਾਤਾ ਜੀ ਨੇ ਸੁਣਿਆ, ਮਾਤਾ ਗੁਜਰੀ ਜੀ ਨੇ ਸੁਣਿਆ, ਓਸ ਵੇਲੇ ਆਪ ਨੇ ਸੁਣਿਆ, ਮਾਤਾ ਨਾਨਕੀ ਜੀ ਨੇ ਸੁਣਿਆ, ਕਹਿਣ ਲੱਗੇ ਕਿ ਕੋਈ ਸੂਫੀ ਪੀਰ ਆਇਆ ਹੈ। ਮਾਮਾ ਕ੍ਰਿਪਾਲ ਜੀ ਨਾਲ ਸਲਾਹ ਕਰੀ, ਕਿ ਹੁਣ ਕੀ ਕਰਿਆ ਜਾਵੇ, ਉਹ ਪੀਰ ਆਇਆ ਹੈ ਪੰਜਾਬ ਤੋਂ, ਤੇ ਥਹੁ ਟਿਕਾਣੇ ਦਾ ਪਤਾ ਲਗ ਗਿਆ, ਸਾਹਿਬਜ਼ਾਦੇ ਨੂੰ ਆਪਾਂ ਛੁਪਾ ਕੇ ਰਖਦੇ ਸੀ, ਇਹਨੇ ਪ੍ਰਗਟ ਕਰ ਦੇਣਾ ਹੈ, ਰਾਜ ਬੜਾ ਮਾੜਾ ਚਲ ਰਿਹਾ ਹੈ, ਬਈ ਹੁਣ ਕੀ ਕਰਿਆ ਜਾਵੇ। ਕਹਿੰਦੇ ਕੋਈ ਚੇਟਕੀ ਨਾ ਹੋਵੇ, ਕੋਈ ਜਾਦੂ ਟੂਣਾ ਨਾ ਕਰ ਜਾਵੇ, ਉਹਨੂੰ ਕਹਿ ਦਿਤਾ ਪੀਰ ਜੀ, ਹਾਲੇ ਦਰਸ਼ਨ ਨਹੀਂ ਕਰਾਉਣੇ, ਤਿੰਨ ਮਹੀਨੇ ਦੇ ਹੋਏ ਨੇ ਅਜੇ। ਉਹਨੇ ਕਿਹਾ ਕਿ ਦਰਸ਼ਨ ਤੋਂ ਬਗੈਰ ਤਾਂ ਮੈਂ ਵੀ ਨਹੀਂ ਜਾਂਦਾ। ਉਥੇ ਹੀ ਭੁੱਖ ਹੜਤਾਲ ਕਰਕੇ ਮੁਰੀਦਾਂ ਸਣੇ ਦਰਵਾਜ਼ੇ ਦੇ ਅੱਗੇ ਡੇਰਾ ਲਾ ਲਿਆ, ਕਹਿਣ ਲੱਗਿਆ ਕਿ ਮੈਨੂੰ ਜੋਤ ਨਜ਼ਰ ਆ ਰਹੀ ਹੈ ਤੇ ਮੈਂ ਐਡੀ ਦੂਰੋਂ ਆਇਆ ਹਾਂ, ਐਨਾ ਪੰਧ ਕਰਕੇ, ਦੋ-ਢਾਈ ਮਹੀਨੇ ਤਾਂ ਮੈਨੂੰ ਚਲਦੇ-ਚਲਦੇ ਨੂੰ ਲਗ ਗਏ ਨੇ, ਮੈਂ ਨਿਰਾਸ਼ ਵਾਪਸ ਨਹੀਂ ਜਾਣਾ, ਮੈਂ ਅੱਲਾਹ ਦੇ ਦਰਸ਼ਨ ਕਰਕੇ ਜਾਣਾ ਹੈ। ਇਕ ਦਿਨ ਲੰਘ ਗਿਆ, ਸਮਝਾਉਂਦੇ ਨੇ ਪੀਰ ਨੂੰ, ਜਾਓ ਤੁਸੀਂ ਇਨ੍ਹਾਂ ਨੇ ਨਹੀਂ ਦਰਸ਼ਨ ਕਰਾਉਣੇ। ਕਹਿੰਦਾ ਮੈਂ ਜਾਣਾ ਹੀ ਨਹੀਂ ਅੰਨ ਪਾਣੀ ਛੱਡ ਕੇ ਬਹਿ ਗਿਆ। ਜਦੋਂ ਦੋ ਦਿਨ ਲੰਘ ਗਏ ਤੀਸਰਾ ਦਿਨ ਆਇਆ, ਤੇ ਫੇਰ ਸਲਾਹ ਕੀਤੀ ਗਈ ਕਿ ਹੋ ਸਕਦਾ ਹੈ ਕਿ ਇਹ ਸੱਚਾ ਹੋਵੇ, ਕੋਈ ਸਰਾਪ ਨਾ ਦੇ ਜਾਵੇ ਜਾਂਦਾ-ਜਾਂਦਾ ਤੇ ਕਿਉਂ ਨਾ ਦਰਸ਼ਨ ਕਰ ਦੇਈਏ, ਉਸ ਵੇਲੇ ਮਾਤਾ ਗੁਜਰੀ ਜੀ ਗੁਰੂ ਦਸ਼ਮੇਸ਼ ਪਿਤਾ ਨੂੰ ਬਾਹਾਂ 'ਚ ਪਾ ਕੇ ਲਈ ਆ ਰਹੇ ਨੇ। ਅੱਗੇ ਸੋਨੇ ਤੇ ਚਾਂਦੀ ਦੇ ਪਾਵਿਆਂ ਵਾਲਾ ਪਲੰਘ ਡਹਿਆ ਹੋਇਆ ਹੈ, ਫੁੱਲਾਂ ਦੀ ਸੇਜ ਵਿਛੀ ਹੋਈ ਹੈ, ਉਤੇ ਚਾਨਣੀ ਲੱਗੀ ਹੋਈ ਹੈ, ਬਹੁਤ ਹੀ ਸੁੰਦਰ ਵਸਤਰ ਉਸ ਥਾਂ ਦੇ ਉਤੇ ਵਿਛਾਏ ਹੋਏ ਨੇ, ਹੇਠਾਂ ਗਲੀਚੇ ਵਿਛਾਏ ਹੋਏ ਨੇ, ਮਾਮਾ ਕ੍ਰਿਪਾਲ ਜੀ ਤੇ ਮਾਤਾ ਜੀ ਹੌਲੀ-ਹੌਲੀ ਗੁਰੂ ਮਹਾਰਾਜ ਨੂੰ ਬਾਹਾਂ 'ਚ ਪਾਈਂ ਆ ਰਹੇ ਨੇ ਤੇ ਸਾਰਿਆਂ ਨੇ ਦਰਸ਼ਨ ਕਰੇ, ਜਿਸ ਵਕਤ ਮੰਜੇ ਦੇ ਉਤੇ ਬਿਰਾਜਮਾਨ ਕਰ ਦਿਤੇ ਤਾਂ ਨੂਰ ਝੱਲਿਆ ਨਹੀਂ ਜਾਂਦਾ ਕਿਸੇ ਤੋਂ ਵੀ, ਐਨੇ ਸੁੰਦਰ ਨੇ। ਓਸ ਸਿਜਦੇ ਕਰਦਾ ਹੈ ਨੇਤਰਾਂ 'ਚੋਂ ਜਲ ਜਾਂਦਾ ਹੈ। ਅੱਲਾਹ ਤਾਲਾ! ਤੂੰ ਮੇਰੀ ਇਸੇ ਜਨਮ ਦੇ ਵਿਚ ਸੁਣ ਲਈ, ਤੂੰ ਮੈਨੂੰ ਮਨੁੱਖ ਜਾਮੇ ਵਿਚ ਦਰਸ਼ਨ ਦੇ ਦਿਤੇ। ਮੁਰੀਦਾਂ ਨੂੰ ਕਿਹਾ ਦਰਸ਼ਨ ਕਰ ਲਓ, ਇਨ੍ਹਾਂ ਨੂੰ ਮੈਂ ਸਿਜਦਾ ਕਰਿਆ ਸੀ ਓਸ ਦਿਨ, ਇਹ ਨਿਰਾ ਹੀ ਨੂਰ ਦਾ ਬੁੱਤ ਹੈ, ਸਰੀਰ ਤਾਂ ਦੇਖਣ ਵਾਸਤੇ ਲਗਦਾ ਹੈ। ਸਰੀਰ ਨਹੀਂ ਹੈ ਨੂਰ ਹੀ ਨੂਰ ਹੈ। ਇਹ ਦੇਖਣ ਵਾਸਤੇ ਕਿ ਕੀਹਦਾ ਪੱਖ ਕਰਨਗੇ। ਕੀਹਦੇ ਵਲ ਹੋਣਗੇ। ਦੋ ਕੁੱਜੀਆ ਮੰਗਾ ਲਈਆਂ। ਇਕ ਓਧਰਲੇ ਹੱਥ ਕੋਲ ਰੱਖ ਦਿਤੀ, ਇਕ ਦੂਸਰੇ ਕੋਲ ਰੱਖ ਦਿਤੀ। ਰੱਖ ਦਿਤੀਆਂ ਜ਼ਰਾ ਦੂਰ, ਗੁਰੂ ਮਹਾਰਾਜ ਬੜੇ ਮੁਸਕਰਾਏ ਤਿੰਨ ਮਹੀਨੇ ਦੇ, ਇਹਦੇ ਵਲ ਦੇਖਿਆ ਦੇਖ ਕੇ ਬੜੇ ਮੁਸਕਰਾਏ, ਹੱਸ ਰਹੇ ਨੇ, ਓਸ ਤੋਂ ਬਾਅਦ ਗਰਦਨ ਮਰੋੜ ਲਈ, ਖੱਬੇ ਪਾਸੇ ਵਾਲੀ ਕੁੱਜੀ 'ਤੇ ਹੱਥ ਰੱਖ ਦਿਤਾ, ਸੱਜੇ ਪਾਸੇ ਵਲ ਮਰੋੜੀ ਸੱਜੇ ਪਾਸੇ ਵਾਲੀ 'ਤੇ ਰੱਖ ਦਿਤਾ। ਫੇਰ ਦੋਹਾਂ ਤੋਂ ਹੱਥ ਚੁੱਕ ਕੇ ਆਪ ਫੇਰ ਮੁਸਕਰਾਏ, ਫੇਰ ਦੇਖਿਆ ਪੀਰ ਵਲ, ਪੀਰ ਸਮਝ ਗਿਆ ਜੋ ਗੱਲ ਸੀ, ਸਿਜਦਾ ਕੀਤਾ, ਕਹਿਣ ਲੱਗਿਆ ਮੁਰੀਦਾ ਨੂੰ, ਕਹਿਣ ਲੱਗਿਆ ਮੁਰੀਦੋ! ਕੁਛ ਸਮਝ 'ਚ ਪਿਆ? ਕਹਿੰਦੇ ਮੈਂ ਪਰਲਾ ਬਰਤਨ ਰੱਖਿਆ ਸੀ ਇਸਲਾਮ ਵਾਲਿਆਂ ਦਾ ਉਰਲਾ ਰੱਖਿਆ ਸੀ ਹਿੰਦੂਆਂ ਦਾ। ਜੇ ਤਾਂ ਇਨ੍ਹਾਂ ਨੇ ਦੋਵੇਂ ਹੱਥ ਰੱਖ ਦਿਤੇ, ਹਿੰਦੂਆਂ ਵਾਲੇ ਉਪਰ ਤਾਂ ਇਹ ਹਿੰਦੂਆਂ ਦਾ ਪੱਖ ਕਰਨਗੇ। ਜੇ ਇਸਲਾਮ ਵਾਲਿਆਂ ਦੇ ਉਤੇ ਰੱਖ ਦਿਤੇ ਤਾਂ ਇਸਲਾਮ ਵਾਲਿਆਂ ਦਾ ਕਰਨਗੇ। ਇਹ ਤਾਂ ਸੁਲਾਕੁਲ ਆਏ ਨੇ, ਇਨ੍ਹਾਂ ਨੂੰ ਹਿੰਦੂ ਤੇ ਮੁਸਲਮਾਨ ਬਰਾਬਰ ਹੋਏਗਾ। ਦੋਵੇਂ ਬਰਾਬਰ ਹੋਣਗੇ, ਘੱਟ ਨਹੀਂ ਕੋਈ ਹੋਏਗਾ।

ਜੀਵਨ ਦੇ ਅੰਦਰ ਦੇਖੋ ਤੁਸੀਂ ਵਿਚਾਰ ਕਰਕੇ, ਗਲਤੀ ਇਥੋਂ ਪੈਂਦੀ ਹੈ, ਇਤਿਹਾਸਾਂ 'ਚ ਗਲਤੀਆਂ ਪੈ ਜਾਂਦੀਆਂ ਨੇ। ਲਿਖਣ ਵਾਲੇ ਵਿਚਾਰ ਕਰਕੇ ਨਹੀਂ ਲਿਖਦੇ। ਇੱਕਲੇ-ਇਕੱਲੇ ਵਾਕੇ ਨੂੰ ਜੋੜਦੇ ਨਹੀਂ ਜਿਹੜਾ ਕੁਛ ਮੂਹਰੇ ਆਇਆ ਲਿਖ ਦਿਤਾ। ਸਾਡੇ ਵਿਚ ਇਹ ਪ੍ਰਚਲਤ ਹੋ ਗਿਆ ਕਿ ਮੁਸਲਮਾਨ ਬਹੁਤ ਮਾੜਾ ਹੈ ਤੇ ਸਾਡਾ ਉਹ ਮਿੱਤਰ ਨਹੀਂ ਹੈ, ਸਾਡਾ ਕੁਛ ਨਹੀਂ ਲਗਦਾ। ਅਸੀਂ ਭੁੱਲ ਜਾਂਦੇ ਹਾਂ, ਗੁਰੂ ਨਾਨਕ ਨੇ ਕੀਹਦੇ ਨਾਲ ਸਾਰੀ ਜ਼ਿੰਦਗੀ ਸਫਰ ਕਰਿਆਂ, ਕੌਣ ਸੀਗਾ ਜਿਹਨੂੰ ਕਹਿੰਦੇ ਸੀ ਮਰਦਾਨਿਆਂ! ਧੁਰ ਕੀ ਬਾਣੀ ਆ ਰਹੀ ਹੈ ਰਬਾਬ ਸੁਰ ਕਰ। ਕੌਣ ਸੀ ਉਹ? ਜਿਹੜੇ ਬਹੁਤੇ ਕੱਟੜ ਨੇ ਉਹ ਇਹ ਕਹਿੰਦੇ ਹੋਣੇ ਕਿ ਗੁਰੂ ਨਾਨਕ ਸਾਹਿਬ ਆਪੇ ਹੀ ਖੂਹ ਤੇ ਜਾ ਕੇ ਪਾਣੀ ਪੀਂਦੇ ਹੋਣੇ ਨੇ, ਜਾਂ ਭਾਈ ਬਾਲਾ ਲਿਆ ਦਿੰਦਾ ਹੋਣਾ ਹੈ। ਇਹ ਗੱਲਾਂ ਸੋਚਣੀਆਂ ਗਲਤ ਨੇ। ਜਦੋਂ ਮਹਾਰਾਜ ਇਹ ਕਹਿੰਦੇ ਨੇ ਕਿ-

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।

ਇਹ ਕੋਈ ਐਵੇਂ ਤਾਂ ਨਹੀਂ, ਕਵਿਤਾ ਤਾਂ ਨਹੀਂ ਬਣਾ ਰਹੇ ਨੇ ਕਿ ਮਨੁੱਖ, ਮਨੁੱਖ ਹੀ ਹੁੰਦਾ ਹੈ। ਉਹਦੇ ਹੱਥ ਦੀ ਕੋਈ ਭਿੱਟ ਨਹੀਂ ਹੁੰਦੀ। ਮਨੁੱਖ ਮਨੁੱਖ ਹੀ ਹੈ, ਮਨੁੱਖ ਨੂੰ ਮਨੁੱਖ ਵਰਗਾ ਪਿਆਰ ਕਰੋ, ਨੇੜੇ ਰੱਖੋ, ਸਾਰਿਆਂ ਨੂੰ ਪਿਆਰ ਕਰੋ, ਕਿਸੇ ਦੇ ਨਾਲ ਨਫਰਤ ਨਾ ਕਰੋ। ਫੇਰ ਹੁਣ ਹਾਲਾਤ ਦੇਖੋ।

ਗੁਰੂ ਮਹਾਰਾਜ ਪਾਉਂਟੇ ਸਾਹਿਬ ਆ ਜਾਂਦੇ ਨੇ, ਪਾਉਂਟੇ ਸਾਹਿਬ ਪਠਾਣ ਨੌਕਰ ਰੱਖ ਲਏ, ਤੇ ਬਾਈ ਧਾਰ ਦੇ ਰਾਜਿਆਂ ਨੇ ਫਤਹਿ ਚੰਦ ਦੇ ਘਰ ਵਿਆਹੁਣ ਆਉਣਾ ਹੈ, ਭੀਮ ਚੰਦ ਦੇ ਲੜਕੇ ਨੂੰ ਲੈ ਕੇ ਬਰਾਤ ਦੇ ਰੂਪ ਦੇ ਅੰਦਰ, ਤੇ 500 ਪਠਾਣ ਜਿਹੜਾ ਹੈ ਉਹ ਔਰੰਗਜ਼ੇਬ ਨੇ ਕੱਢੇ ਸੀ, ਮਹਾਰਾਜ ਜੀ ਨੇ ਬੁੱਧੂਸ਼ਾਹ ਦੇ ਕਹਿਣ ਦੇ ਉਤੇ, ਆਪਣੇ ਉਥੇ ਥਾਂ ਦੇ ਦਿਤਾ ਤੇ ਨੌਕਰ ਰੱਖ ਲਏ। ਉਹ ਬੇਈਮਾਨ ਹੋ ਗਏ। ਉਹ ਚਲੇ ਗਏ, ਲੇਕਿਨ ਕਾਲੇ ਖਾਂ ਸੌ ਬੰਦੇ ਨੂੰ ਨਾਲ ਲੈ ਕੇ ਗੁਰੂ ਮਹਾਰਾਜ ਕੋਲ ਰਿਹਾ। ਮਹਾਰਾਜ ਕਹਿੰਦੇ, ਕਾਲੇ ਖਾਂ ਤੂੰ ਵੀ ਜਾਹ, ਤੂੰ ਕਾਹਨੂੰ ਰਹਿ ਗਿਆ, ਤੂੰ ਸਾਥੀਆ ਨਾਲ ਜਾਹ। ਕਹਿੰਦਾ ਮਹਾਰਾਜ! ਉਨ੍ਹਾਂ ਨੇ ਈਮਾਨ ਵੇਚ ਦਿਤਾ, ਮੈਂ ਈਮਾਨ ਵਾਲਾ ਬੰਦਾ ਹਾਂ। ਮੈਂ ਤੇਰਾ ਨਮਕ ਖਾਧਾ ਹੈ, ਮੈਂ ਕਿੱਥੇ ਜਾਵਾਂ? ਮੈਂ ਤਾਂ ਆਪਣੀ ਜਾਨ ਇਥੇ ਦੇਵਾਂਗਾ ਤੇ ਜਿਸ ਵਕਤ ਬੁੱਧੂਸ਼ਾਹ ਨੂੰ ਪਤਾ ਲਗਦਾ ਹੈ ਕਿ ਗੁਰੂ

ਮਹਾਰਾਜ ਦੇ ਉਤੇ ਬਾਈਧਾਰ ਦੇ ਰਾਜਿਆਂ ਨੇ ਮਿਲਵੀ ਫੌਜ ਦਾ ਹੱਲਾ ਕਰ ਦਿਤਾ, ਉਸ ਵੇਲੇ ਸੱਤ ਸੌ ਮੁਰੀਦ ਲੈ ਕੇ ਪਹੁੰਚਦਾ ਹੈ। ਕੋਈ ਆਉਂਦਾ ਹੈ ਕਿਸੇ ਦੀ ਮਦਦ ਨੂੰ? ਆਪ ਮੈਦਾਨੇ-ਏ-ਜੰਗ 'ਚ ਆਉਂਦਾ ਹੈ, ਜੰਗ ਸ਼ੁਰੂ ਹੋ ਚੁਕਿਆ ਹੈ। ਦੋ ਪੁੱਤਰ ਤੇ ਦੋ ਆਪਣੇ ਭਰਾ ਰਿਸ਼ਤੇਦਾਰ ਓਸ ਜੰਗ ਦੇ ਵਿਚ ਸ਼ਹੀਦ ਕਰਾ ਦਿਤੇ। ਸਾਮ੍ਹਣੇ ਅੱਖਾਂ ਦੇ ਪਹਿਲਾਂ ਵੱਡਾ ਪੁੱਤਰ ਸ਼ਹੀਦ ਹੋਇਆ, ਫੇਰ ਵੱਡਾ ਹੋਇਆ। ਇਕ ਨੇ ਵੀ ਪੈਰ ਪਿੱਛੇ ਨਹੀਂ ਪਾਇਆ। ਜੰਗ ਜਿੱਤਿਆ ਗਿਆ। ਹੁਣ ਇਕ ਪਾਸੇ ਤਾਂ ਤੁਸੀਂ ਲੈ ਲਓ ਹਿੰਦੂ ਰਾਜੇ, ਉਹ ਰਾਜੇ ਜਿਨ੍ਹਾਂ ਨੂੰ ਮਹਾਰਾਜ ਜੀ ਨੇ ਤਿੰਨ ਲੱਖ ਦਾ ਓਸ ਸਮੇਂ ਦਾ ਜਦੋਂ ਨੌ ਮਣ ਕੱਚੇ ਛੋਲੇ ਆਉਂਦੇ ਸੀ, ਓਸ ਵੇਲੇ ਦਾ ਜਿਹੜਾ gift ਭੇਜਿਆ, ਲੜਕੀ ਦੀ ਸ਼ਾਦੀ 'ਤੇ, ਉਹਦਾ ਮੁੱਲ ਤਿੰਨ ਲੱਖ ਲਿਖਿਆ ਹੋਇਆ ਹੈ ਇਤਿਹਾਸ 'ਚ; ਹੁਣ ਦਾ ਤਿੰਨ ਕਰੋੜ ਸਮਝ ਲਓ। ਦੋ ਸੌ ਬੰਦਾ ਲੈ ਕੇ ਗਿਆ ਸੀ ਉਸਨੂੰ। ਉਨ੍ਹਾਂ ਦੇ ਐਨਾ ਕੁਛ ਦੇਣ ਦੇ ਬਾਵਜੂਦ ਵੀ ਉਹਦੀ ਫੌਜ ਗੁਰੂ ਦਸਵੇਂ ਪਾਤਸ਼ਾਹ ਦੇ ਖਿਲਾਫ ਚੜ੍ਹੀ, ਨਾਲ ਨਹੀਂ ਰਹੀ। ਹੁਣ ਤੁਸੀਂ ਦੇਖੋ ਮਿਤਰ ਕਿਹੜਾ ਸੀ ਤੇ ਗਦਾਰੀ ਕੀਹਨੇ ਕਰੀ। ਐਵੇਂ ਹੀ ਸੁਣ ਸੁਣਾ ਕੇ ਦੂਜੇ ਦੇ ਖਿਲਾਫ ਖਿਆਲ ਪੈਦਾ ਕਰ ਲੈਣੇ, ਬੜੀ ਮਾੜੀ ਗੱਲ ਹੁੰਦੀ ਹੈ। ਇਤਿਹਾਸ ਨੂੰ ਵਾਚੋ, ਵਾਕਿਆਤ ਨੂੰ ਵਾਚੋ। ਉਸ ਵੇਲੇ ਕਿੰਨਾ ਡਰ ਸੀ। ਰਾਜੇ ਵੀ ਖਿਲਾਫ ਸੀ ਬੁੱਧੂਸ਼ਾਹ ਦੇ, ਖਿਲਾਫ ਹੋਣਾ ਹੀ ਸੀ, ਤੇ ਬਾਅਦ ਵਿਚ ਉਹਨੂੰ ਪਤਾ ਸੀ ਕਿ ਮੈਨੂੰ ਇਕੱਲੇ ਨੂੰ ਦੰਡ ਦੇਣਗੇ, ਲੇਕਿਨ ਪਰਵਾਹ ਨਹੀਂ ਕਰੀ ਓਸਨੇ। ਜਦੋਂ ਬੱਚੇ ਸ਼ਹੀਦ ਹੋ ਗਏ, ਗੁਰੂ ਮਹਾਰਾਜ ਨੇ ਸਾਰੇ ਬੁਲਾਏ ਜੰਗ ਤੋਂ ਬਾਅਦ ਤਾਂ ਬੁੱਧੂਸ਼ਾਹ ਦੇ ਪਾਸ ਗੁਰੂ ਮਹਾਰਾਜ ਨੇ ਅਫਸੋਸ ਪ੍ਰਗਟ ਕੀਤਾ ਕਿ ਬੁੱਧੂਸ਼ਾਹ ਤੇਰੇ ਲਖਤ-ਏ-ਜਿਗਰ ਤੇਰੀਆਂ ਅੱਖਾਂ ਦੇ ਸਾਮ੍ਹਣੇ ਸ਼ਹੀਦ ਹੋ ਗਏ ਤੇ ਅਸੀਂ ਅਸੀਸ਼ ਦਿੰਦੇ ਹਾਂ। ਕਹਿੰਦਾ ਪਾਤਸ਼ਾਹ ਐਉਂ ਨਾ ਕਹੋ, ਮੈਂ ਤਾਂ ਤੁੱਛ ਭੇਟਾ ਦਿਤੀ ਹੈ ਆਪ ਨੂੰ। ਮੈਂ ਤਾਂ ਆਪਣਾ ਸਰੀਰ ਦੇਣ ਆਇਆ ਸੀ, ਲੇਕਿਨ ਤੁਹਾਨੂੰ ਮੇਰੇ ਪੁਤਰਾਂ ਦਾ ਸਰੀਰ ਪਿਆਰਾ ਸੀ, ਉਨ੍ਹਾਂ ਨੂੰ ਅੱਲਾਹ ਦੀ ਵਾਰੇਗਾਹ ਖਾਸ ਵਿਚ ਤੁਸੀਂ ਭੇਜ ਦਿਤਾ ਤੁਸੀਂ। ਦਰਗਾਹ ਵਿਚ ਭੇਜ ਦਿਤਾ ਤੁਸੀਂ। ਮੈਂ ਰਿਣੀ ਹਾਂ ਤੁਹਾਡਾ। ਤੇ ਨਸੀਰਾਂ ਦੇ ਦੋ ਭਰਾਵਾਂ ਨੂੰ ਤੁਸੀਂ ਭੇਜ ਦਿਤਾ, ਤੇ ਮੈਂ ਰਿਣੀ ਹਾਂ, ਬਹੁਤ ਅੱਛਾ ਹੁੰਦਾ ਜੇ ਮੈਨੂੰ ਵੀ ਤੁਸੀਂ ਭੇਜ ਦਿੰਦੇ।

ਹੁਣ ਦੇਖੋ! ਕਿੱਡੀ ਅਕੀਦਤ ਹੈ, ਕਿੰਨੀ ਸ਼ਰਧਾ ਹੈ, ਕਿੰਨਾ ਭਰੋਸਾ ਹੈ, ਜੇ ਵੈਰ ਹੁੰਦਾ, ਗੁਰੂ ਦਸ਼ਮੇਸ਼ ਪਿਤਾ ਨੂੰ ਮੁਸਲਮਾਨ ਮਾੜਾ ਸਮਝਦਾ ਹੁੰਦਾ, ਤਾਂ ਸੱਤ ਸੌ ਬੰਦਾ ਕਿਉਂ ਆਉਂਦਾ ਲੜਨ ਵਾਸਤੇ ਲੱਕ ਬੰਨ ਕੇ। ਅਨੁਮਾਨ ਹੈ ਕਿ ਤਿੰਨ ਸੌ ਬੰਦਾ ਉਹਦਾ ਸ਼ਹੀਦ ਹੋ ਗਿਆ ਸੀ।

ਉਸ ਤੋਂ ਬਾਅਦ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ, ਜਦੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਦੇ ਨੇ, ਇਕ ਪਾਸੇ ਰਾਜੇ ਨੇ, ਰਾਜਿਆਂ ਦੀ ਆਪਣੀ ਨੀਤੀ ਹੁੰਦੀ ਹੈ, ਜਨਤਾ ਦਾ ਆਪਣਾ ਹਿਸਾਬ ਹੁੰਦਾ ਹੈ। ਰਾਜਿਆਂ ਦੇ ਪਿਛੇ ਜਨਤਾ ਨਾਲ ਵਿਗਾੜ ਲਓ ਤਾਂ ਗੱਲ ਮਾੜੀ ਹੁੰਦੀ ਹੈ ਨਾ। ਓਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਸਰਸੇ ਤੋਂ ਲੰਘਦੇ ਨੇ। ਲੰਘ ਕੇ ਫੌਜ ਪਿਛੇ ਪਈ ਹੋਈ ਹੈ, ਤੇ ਆਉਂਦੇ ਕਿਥੇ ਨੇ, ਨਿਹੰਗ ਕੋਟਲੇ, ਨਿਹੰਗ ਖਾਨ ਦੇ ਕਿਲੇ ਵਿਚ ਆ ਜਾਂਦੇ ਨੇ। ਪਹਿਲਾਂ ਤਾਂ ਕਿਲੇ ਵਿਚ ਆਉਣਾ, ਹੁਣ ਉਹਨੂੰ ਤਾਂ ਚਾਹੀਦਾ ਸੀ ਦਰਵਾਜ਼ੇ ਬੰਦ ਕਰ ਦਿੰਦਾ। ਗੁਰੂ ਮਹਾਰਾਜ ਨਾਲ ਚਾਲੀ ਸਿੰਘ ਸੀਗੇ ਤੇ ਉਥੇ ਹੀ ਫੜ ਕੇ ਬੜਾ ਹੀ ਭਾਰਾ ਇਨਾਮ ਲੈਂਦਾ। ਲੇਕਿਨ ਉਹਨੇ ਗੁਰੂ ਮਹਾਰਾਜ ਨੂੰ ਇਕ ਕਮਰੇ 'ਚ ਬੰਦ ਕਰ ਦਿਤਾ ਕਿ ਮਹਾਰਾਜ ਤੁਸੀਂ ਇਥੇ ਬਿਰਾਜੋ। ਪਿਛੇ ਹੀ ਫੌਜ ਦਾ ਦਸਤਾ ਆ ਜਾਂਦਾ ਹੈ। ਉਹਨੇ ਤਲਾਸ਼ੀ ਸ਼ੁਰੂ ਕਰ ਦਿਤੀ। ਸਾਰੇ ਕਮਰੇ ਦਿਖਾ ਦਿਤੇ ਨਿਹੰਗਖਾਨ ਨੇ, ਲੇਕਿਨ ਜਿਥੇ ਗੁਰੂ ਮਹਾਰਾਜ ਸੀ, ਜਦ ਉਹ ਕਮਰਾ ਦਿਖਾਉਣ ਨੂੰ ਕਿਹਾ ਤਾਂ ਕਹਿਣ ਲੱਗਿਆਂ ਮਹਾਰਾਜ ਇਥੇ ਤਾਂ ਮੇਰੀ ਲੜਕੀ ਤੇ ਦਾਮਾਦ ਨੇ। ਇਹ ਨਹੀਂ ਮੈਂ ਖੋਲ੍ਹ ਸਕਦਾ। ਹੁਣ ਕਿੱਡੀ ਵੱਡੀ ਕੁਰਬਾਨੀ ਸੀ। ਓਸ ਲੜਕੀ ਨੇ ਜਦ ਇਹ ਗੱਲ ਸੁਣੀ ਕਿ ਮੇਰੇ ਪਿਤਾ ਨੇ ਆਹ ਗੱਲ ਕਹਿ ਦਿਤੀ, ਸਾਰੀ ਜ਼ਿੰਦਗੀ ਕੁਆਰੀ ਰਹੀ, ਵਿਆਹ ਹੀ ਨਹੀਂ ਕਰਾਇਆ। ਉਸ ਤੋਂ ਬਾਅਦ ਗੁਰੂ ਮਹਾਰਾਜ ਮਾਛੀਵਾੜੇ ਚਲੇ ਜਾਂਦੇ ਨੇ। ਗੁਲਾਬੇ ਨੂੰ ਕਹਿੰਦੇ ਨੇ, ਗੁਲਾਬਿਆ! ਦਰਵਾਜ਼ਾ ਖੋਲ੍ਹ, ਜਿਹਦੇ ਬਾਗ 'ਚ ਰਹੇ ਸੀ, ਗੁਲਾਬਾ ਕਹਿੰਦਾ ਇਹ ਦਰਵਾਜ਼ਾ ਨਹੀਂ ਖੁਲ੍ਹਦਾ, ਬੰਦ ਹੋਇਆ ਹੋਇਆ ਹੈ, ਜਦ ਕਿ ਚੰਗਾ ਭਲਾ ਖੁਲ੍ਹਦਾ ਸੀ। ਮਹਾਰਾਜ ਕਹਿੰਦੇ, ਚੰਗਾ ਇਹ ਹੁਣ ਖੁਲ੍ਹਣਾ ਹੀ ਨਹੀਂ ਹੈ। ਉਪਰ ਦੀ ਹੋ ਕੇ ਗਏ, ਪਾਸੇ ਦੀ। ਉਸ ਵੇਲੇ ਕਿੰਨਾ ਔਖਾ ਸੀ। ਤੇ ਕੀਹਨੂੰ-ਕੀਹਨੂੰ ਭੇਤ ਵਿਚ ਲਿਆ, ਇਕ ਤਾਂ ਲਲਾਰੀ ਨੂੰ ਲਿਆ ਭੇਤ ਵਿਚ ਕਿ ਤੂੰ ਨੀਲੇ ਵਸਤਰ ਰੰਗ ਦੇ। ਫਟਾਫਟ ਨੀਲੇ ਕਰ ਦੇ ਇਨ੍ਹਾਂ ਨੂੰ। ਦੂਸਰਾ ਦੋਵੇਂ ਭਰਾ ਗਨੀ ਖਾਂ ਤੇ ਨਬੀ ਖਾਂ। ਉਸ ਵੇਲੇ ਹੁਕਮ ਇਹ ਸੀ ਕਿ ਜਿਸਦੇ ਘਰ ਕੋਈ ਸਿੱਖ ਫੜਿਆ ਗਿਆ ਤੇ ਜਾਂ ਗੁਰੂ ਰਹਿ ਗਿਆ। ਉਹਦੇ ਬਾਲ-ਬੱਚੇ ਕੋਹਲੂ ਵਿਚ ਸਾਰੀ ਦੁਨੀਆਂ ਦੇ ਸਾਮ੍ਹਣੇ ਪੀੜ ਦਿਤੇ ਜਾਣਗੇ। ਕਿੰਨਿਆਂ ਸਿੱਖਾਂ ਦੇ ਇਤਿਹਾਸ ਵਿਚ, ਪੂਰਾ ਇਤਿਹਾਸ ਨਹੀਂ ਹੈ, ਆਹ ਵਾਲੇਵਾਲ ਪਿਆਰਾ ਸਿੰਘ ਸੀਗਾ ਉਹਦੇ ਸਾਰੇ ਬੱਚੇ ਪੀੜ ਦਿਤੇ ਸੀ ਕਿ ਤੇਰੇ ਕੋਲ ਗੁਰੂ ਆਏ ਸੀ ਰਾਤ ਨੂੰ। ਉਹ ਹਾਲਾਤ ਕੋਈ ਮਾਮੂਲੀ ਨਹੀਂ ਸੀ, ਇਨਾਮ ਵੱਡੇ-ਵੱਡੇ ਰੱਖੇ ਗਏ ਸੀ। ਓਸ ਵੇਲੇ ਕੀਹਨੇ ਹੌਂਸਲਾ ਕਰਿਆ। ਦੋਹਾਂ ਭਰਾਵਾਂ ਪਠਾਣਾਂ ਨੇ ਕਰਿਆ ਕਿ ਮਹਾਰਾਜ ਇਥੇ ਤਾਂ ਸ਼ੱਕ ਪੈ ਜਾਏਗਾ, ਕੋਈ ਦੱਸ ਦਏਗਾ, ਤੁਸੀਂ ਸਾਡੇ ਘਰ ਚੱਲੋ, ਤੇ ਜਿਸ ਵਕਤ ਗੁਰੂ ਮਹਾਰਾਜ ਜੀ ਵਾਪਸ ਉਥੋਂ ਜਾਣ ਦੀ ਤਿਆਰੀ ਕਰਦੇ ਨੇ, ਓਸ ਵੇਲੇ ਸਲੋਹ ਵਾਲਾ ਪੀਰ ਆ ਜਾਂਦਾ ਹੈ ਤੇ ਉਹ ਪੀਰ ਇਹ ਗੱਲ ਕਹਿੰਦਾ ਹੈ ਕਿ ਮਹਾਰਾਜ! ਫੌਜ ਨੇ ਤਕੜਾਈ ਕਰੀ ਹੋਈ ਹੈ, ਚੌਂਕੀਆਂ ਬਹੁਤ ਤਕੜੀਆਂ ਨੇ ਜੇ ਤੁਸੀ ਗ੍ਰਿਫਤਾਰ ਹੋ ਗਏ, ਬਹੁਤ ਔਖਾ ਹੋ ਜਾਏਗਾ, ਤੁਹਾਨੂੰ ਸਭ ਜਾਣਦੇ ਨੇ। ਤੇ ਕੋਈ ਵਿਉਂਤ ਕਰੀਏ। ਵਿਉਂਤ ਇਹ ਹੈ ਕਿ ਇਕ ਪਲਟਣ ਮੇਰੇ ਚੇਲਿਆਂ ਦੀ, ਮੇਰੇ ਮੁਰੀਦਾਂ ਦੀ ਆਈ ਹੋਈ ਹੈ, ਇਥੇ ਤੇ ਮੈਂ ਸਾਰਾ ਇੰਤਜ਼ਾਮ ਕਰ ਦਿੰਦਾ ਹਾਂ। ਆਪ ਨੂੰ ਪ੍ਰਵਾਨ ਹੋਵੇ ਉਵੇਂ ਜਿਵੇਂ ਕਰ ਦਿੰਦੇ ਹਾਂ। ਕਿ ਭਾਈ ਦਇਆ ਸਿੰਘ ਨੂੰ ਪਲੰਘੇ ਤੇ ਬਿਠਾਓ, ਦੋਵੇਂ ਇਹ ਚੁੱਕਣਗੇ ਦੋਵੇਂ ਦੂਸਰੇ, ਤੇ ਜੇ ਤਾਂ ਲੰਘ ਗਏ ਫੇਰ ਤਾਂ ਠੀਕ ਹੈ। ਜੇ ਨਾ ਲੰਘੇ ਫੜੇ ਗਏ ਤਾਂ ਸਾਨੂੰ ਕਹਿਣ ਦਾ ਮੌਕਾ ਮਿਲ ਜਾਏਗਾ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈ ਨਾ ਅਸੀਂ ਝੂਠ ਬੋਲੀਏ। ਸੋ ਸਾਰਾ ਇੰਤਜ਼ਾਮ ਕਰ ਲਿਆ, ਓਸ ਤੋਂ ਬਾਅਦ ਜਦੋਂ ਸੂਰਜ ਛਿਪਣ ਲੱਗਿਆ ਤੇ

ਮੰਜੇ ਤੇ ਬਿਠਾ ਕੇ ਜਾ ਰਹੇ ਨੇ, ਓਸ ਵੇਲੇ ਕੁਦਰਤੀ ਗ੍ਰਿਫਤਾਰ ਕਰਨਾ ਸੀ, ਗ੍ਰਿਫਤਾਰ ਕਰਕੇ ਉਹ ਬੰਦ ਕਰ ਦਿਤੇ, ਤਾਂ ਓਸ ਵੇਲੇ ਜਿਹੜੇ ਦੋਵੇਂ ਭਰਾ ਸੀ ਉਹ ਕਹਿਣ ਲੱਗੇ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈਗੇ ਇਹ ਤਾਂ ਪੀਰ ਨੇ। ਕਹਿਣ ਲੱਗੇ ਗੁਰੂ ਗੋਬਿੰਦ ਸਿੰਘ ਨੂੰ ਸਲੋਹ ਵਾਲੇ ਪੀਰ ਨੇ ਪੜ੍ਹਾਇਆ ਹੈ, ਤੇ ਉਹ ਅੱਜ ਤੁਹਾਡੀ ਫੌਜ ਵਿਚ ਆਏ ਹੋਏ ਨੇ, ਉਨ੍ਹਾਂ ਨੂੰ ਬੁਲਾ ਕੇ ਪੁੱਛ ਲਓ, ਪਿਆਦਾ ਭੇਜ ਦਿਤਾ। ਉਹਨੇ ਕਿਹਾ ਕਿ ਹੁਣ ਤਾਂ ਮੈਂ ਨਮਾਜ਼ ਪੜ੍ਹਨੀ ਹੈ। ਅਜੇ ਤਾਂ ਨਹੀਂ ਮੈਂ ਆ ਸਕਦਾ, ਉਸ ਤੋਂ ਬਾਅਦ ਮੈਂ ਇਬਾਦਤ ਕਰਨੀ ਹੈ, ਦਿਨ ਚੜ੍ਹੇ ਆਵਾਂਗਾ, ਤੁਸੀਂ ਉਨ੍ਹਾਂ ਨੂੰ ਕਹਿਣਾ ਨਾ ਕੁਛ ਵੀ, ਆਦਰ ਤੇ ਸਤਿਕਾਰ ਨਾਲ ਰੱਖਿਓ, ਐਨੀ ਗੱਲ ਕਹਿ ਕੇ ਓਸੇ ਵੇਲੇ ਆਪਣੇ ਮੁਰੀਦ ਨੂੰ ਭੇਜਿਆ ਕਿ ਜਾਹ ਸਾਰੀਆਂ ਪਿਕਟਾਂ ਤੇ ਘੁੰਮ ਕੇ ਆ, ਦੇਖ ਸਾਰੇ ਗੱਲ ਧੁੰਮ ਗਈ ਕਿ ਗੁਰੂ ਗੋਬਿੰਦ ਸਿੰਘ ਫੜੇ ਗਏ। ਉਹਨੇ ਆ ਕੇ ਦੱਸ ਦਿਤਾ ਕਿ ਸਾਰੇ ਗੱਲ ਧੁੰਮ ਗਈ ਕਿ ਗੁਰੂ ਗੋਬਿੰਦ ਸਿੰਘ ਫੜੇ ਗਏ ਨੇ ਤੇ ਸਵੇਰੇ ਤੁਹਾਡੀ ਗਵਾਹੀ ਨਾਲ ਨਿਰਣਾ ਹੋਣਾ ਹੈ, ਕਿਉਂਕਿ ਤੁਸੀਂ ਉਨ੍ਹਾਂ ਨੂੰ ਫਾਰਸੀ ਪੜ੍ਹਾਈ ਹੈ, ਕਹਿਣ ਲੱਗੇ ਕਿ ਕੀ ਕਰ ਰਹੇ ਨੇ ਸਭ, ਕਹਿੰਦਾ ਸਭ ਬੱਸ ਹੁਣ ਤਾਂ ਮਸਤ ਹੋਏ ਸੁਸਤ ਹੋਏ ਬੈਠੇ ਨੇ। ਉਸ ਵੇਲੇ ਮਹਾਰਾਜ ਜੀ ਕੋਲ ਆਇਆ ਕਿ ਮਹਾਰਾਜ! ਹੁਣ ਨਿਕਲਣ ਦਾ ਮੌਕਾ ਹੈ। ਗੁਰੂ ਮਹਾਰਾਜ ਕੋਲ ਤਿੰਨ ਸ਼ਸਤਰ ਸੀ ਗੁਰੂ ਤੇਗ ਬਹਾਦਰ ਸਾਹਿਬ ਦੇ, ਜਿਹੜੇ ਉਹ ਕਿਸੇ ਕੀਮਤ ਤੇ ਵੀ ਆਪਣੇ ਕੋਲੋਂ ਨਹੀਂ ਸੀ ਛੱਡਣਾ ਚਾਹੁੰਦੇ। ਉਸ ਵੇਲੇ ਗੁਰੂ ਮਹਾਰਾਜ ਜੀ ਨੂੰ ਬੁੱਢਾ ਦਰਿਆ ਪਾਰ ਕਰਕੇ, ਛੇ-ਸੱਤ ਮੀਲ ਲੈ ਗਏ, ਉਥੇ ਦਰਿਆ ਦੇ ਕੰਢੇ ਉਹਦੇ ਮੁਰੀਦ ਦੀ ਝੌਂਪੜੀ ਹੋਈ ਸੀ। ਕਹਿੰਦੇ, ਤੁਸੀਂ ਹੁਣ ਇਥੇ, ਦਿਨ ਚੜ੍ਹੇ ਜਾਣਾ ਤਾਂ ਠੀਕ ਨਹੀਂ ਮੈਂ ਸਾਰਾ ਅੰਦਾਜ਼ਾ ਰੱਖਾਂਗਾ, ਹਰ ਚੀਜ਼ ਦਾ ਪਤਾ ਰੱਖਾਂਗਾ, ਪਹਿਲਾਂ ਉਨ੍ਹਾਂ ਨੂੰ ਛੁਡਾਈਏ, ਇਹ ਫੌਜ ਨੇ ਚਲੇ ਜਾਣਾ ਹੈ ਇਥੋਂ, ਤੇ ਅਸੀਂ ਫੇਰ ਤੁਹਾਨੂੰ ਲੈ ਲਵਾਂਗੇ। ਸੋ ਮੁਰੀਦ ਨੂੰ ਕਹਿ ਦਿਤਾ ਇਹ ਜੋ ਮਹਿਮਾਨ ਨੇ, ਇਨ੍ਹਾਂ ਦੇ ਬਾਰੇ ਕਿਤੇ ਕੋਈ ਗੱਲ ਨਹੀਂ ਤੁਸੀਂ ਕਰਨੀ। ਇਥੇ ਹੀ ਰਹਿਣਗੇ। ਸੋ ਦੂਸਰੇ ਦਿਨ ਉਹ ਜਾਂਦਾ ਹੈ, ਜਾ ਕੇ ਜਦ ਪੁਛਿਆ ਗਿਆ ਕਿ ਪੀਰ ਜੀ! ਤੁਸੀਂ ਗੁਰੂ ਗੋਬਿੰਦ ਸਿੰਘ ਜੀ ਕੋਲ ਚੰਗੀ ਤਰ੍ਹਾਂ ਰਹੇ ਓਂ, ਦੱਸੋ ਇਹ ਗੁਰੂ ਗੋਬਿੰਦ ਸਿੰਘ ਨੇ ਉਹ ਕਹਿੰਦਾ ਨਾ। ਇਹ ਤਾਂ ਨਹੀਂ ਹਨ ਇਹ ਤਾਂ ਕੋਈ ਪੀਰ ਨੇ, ਇਹ ਤਾਂ ਆਪਣੇ ਸੈਰ ਸਪਾਟੇ ਕਰਦੇ ਫਿਰਦੇ ਨੇ, ਮੈਂ ਨਹੀਂ ਇਨ੍ਹਾਂ ਨੂੰ ਜਾਣਦਾ, ਮੈਂ ਗੁਰੂ ਗੋਬਿੰਦ ਸਿੰਘ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਉਨ੍ਹਾਂ ਨੂੰ ਛੱਡ ਦਿਤਾ ਜਾਂਦਾ ਹੈ, ਉਵੇਂ ਹੀ ਮੰਜੇ ਤੇ ਫੇਰ ਸ਼ਾਮ ਨੂੰ ਤੁਰਦੇ ਨੇ ਓਥੇ, ਤੇ ਜਦੋਂ ਰਾਤ ਨੂੰ ਆਉਂਦੇ ਨੇ ਫੇਰ ਉਹ ਪੀਰ ਸਲੋਹ ਵਾਲਾ ਆਪਣੇ ਮੁਰੀਦ ਕੋਲ ਆਉਂਦਾ ਹੈ, ਉਥੋਂ ਫੇਰ ਗੁਰੂ ਮਹਾਰਾਜ ਨੂੰ ਚਾਰਪਾਈ ਤੇ ਬਿਠਾਇਆ।

ਹੁਣ ਐਡਾ ਵੱਡਾ ਨਾਟਕ, ਬਈ ਇਹ ਪਹਿਲਾਂ ਪ੍ਰਗਟ ਕਿਉਂ ਨਾ ਹੋਇਆ? ਕਿੰਨਿਆਂ ਦੇ ਮਨਾਂ 'ਚ ਵੀਚਾਰ ਆਉਂਦੀ ਹੈ ਕਿ ਗੱਲ ਐਉਂ ਚਲਦੀ ਹੈ, ਗੱਲ ਐਉਂ ਚਲਦੀ ਸੀ। ਇਸਲਾਮ ਦਾ ਰਾਜ ਸੀ, ਭੇਤ, ਭੇਤ ਹੀ ਰਹਿੰਦਾ ਹੁੰਦਾ ਹੈ। ਜੇ ਕੋਈ ਦੱਸ ਦਿੰਦਾ ਕਿ ਇਨ੍ਹਾਂ ਨੇ ਕੱਢਿਆ ਹੈ, ਫੇਰ ਉਹ ਕਾਨੂੰਨ ਦੀ ਪਕੜ ਵਿਚ ਤਾਂ ਬਾਅਦ ਵਿਚ ਵੀ ਆ ਸਕਦਾ ਹੈ। ਵੀਹ ਸਾਲ ਤੋਂ ਬਾਅਦ ਵੀ ਆ ਸਕਦਾ ਹੈ, ਤੀਹ ਸਾਲ ਤੋਂ ਬਾਅਦ ਵੀ ਆ ਸਕਦਾ ਹੈ। ਤੇ ਇਹ ਗੱਲ ਪ੍ਰਚਲਤ ਨਹੀਂ ਹੋਈ, ਪ੍ਰਚਲਤ ਗੱਲ ਦੂਸਰੀ ਹੋ ਗਈ। ਸੋ ਪੀਰ ਤੇ ਉਹ ਦੋਵੇਂ ਭਰਾ ਚਾਹੁੰਦੇ ਤਾਂ ਲੱਖਾਂ ਰੁਪਿਆ ਲੈ ਲੈਣੇ ਸੀ ਉਨ੍ਹਾਂ ਨੇ। ਫੇਰ ਉਹ ਮਿੱਤਰ ਹੋਏ ਕਿ ਦੁਸ਼ਮਣ ਹੋਏ?

ਅੱਗੇ ਜਾ ਕੇ ਮਹਾਰਾਜ ਰਾਏ ਕੱਲੇ ਦੇ ਕੋਲ ਪਹੁੰਚ ਜਾਂਦੇ ਨੇ, ਰਾਏ ਕੱਲੇ ਕੋਲ ਮਹਾਰਾਜ ਤਿੰਨ ਮਹੀਨੇ ਰਹੇ, ਨਵਾਬ ਸਰਹੰਦ ਨੂੰ ਪਤਾ ਲਗਦਾ ਹੈ ਕਿ ਰਾਏ ਕੱਲੇ ਕੋਲ ਉਹਦਾ ਰਾਜ ਸੀਗਾ, ਮਲੇਰਕੋਟਲੇ ਦੇ ਬਰਾਬਰ-ਬਰਾਬਰ, ਮਨਸੂਰਾਂ, ਜੋਧਾਂ ਸਭ ਉਹਦੇ ਰਾਜ ਵਿਚ ਸੀ, ਲੁਧਿਆਣੇ ਤਕ ਰਾਜ ਸੀਗਾ ਓਹਦਾ। ਉਹਨੂੰ ਸੰਦੇਸ਼ਾ ਜਾਂਦਾ ਹੈ ਜਿ ਗੁਰੂ ਗੋਬਿੰਦ ਸਿੰਘ ਤੇਰੇ ਕੋਲ ਨੇ ਤੂੰ ਗ੍ਰਿਫਤਾਰ ਕਰ ਕੇ ਮੇਰੇ ਕੋਲ ਭੇਜ ਦੇ, ਔਰੰਗਜ਼ੇਬ ਦੇ ਕੋਲੋਂ ਬਹੁਤ ਵੱਡਾ ਇਨਾਮ ਪ੍ਰਾਪਤ ਕਰਾਂਗੇ। ਤੈਨੂੰ ਹੋਰ ਵੱਡਾ ਅਹੁਦਾ ਦਿਤਾ ਜਾਏਗਾ। ਪ੍ਰਵਾਨ ਹੋਏਂਗਾ। ਉਹਨੇ ਜਵਾਬ ਕੀ ਦਿਤਾ। ਉਹ ਕਹਿੰਦਾ ਨਵਾਬ ਸਾਹਿਬ! ਮੈਂ ਰੱਬ ਵਾਲਾ ਬੰਦਾ ਹਾਂ, ਮੈਂ ਕਾਫਰ ਨਹੀਂ ਹਾਂ, ਮੇਰਾ ਅਕੀਦਾ ਜੋ ਹੈ, ਉਹ ਗੁਰੂ ਗੋਬਿੰਦ ਸਿੰਘ ਦੇ ਉਤੇ ਪੀਰਾਂ ਵਾਲਾ ਹੈ। ਤੇ ਪੀਰਾਂ ਦੇ ਵਾਸਤੇ ਜਿਵੇਂ ਮੁਰੀਦ ਆਖਰੀ ਦਮ ਤਕ ਕਟ ਮਰਦੇ ਨੇ, ਜਦ ਤਕ ਮੇਰੀ ਸਟੇਟ ਦਾ ਇਕ ਵੀ ਬੰਦਾ ਬਚਦਾ ਹੈ, ਓਨੀਂ ਦੇ ਤਕ ਤੁਸੀਂ ਗੁਰੂ ਗੋਬਿੰਦ ਸਿੰਘ ਨੂੰ ਹੱਥ ਨਹੀਂ ਲਾ ਸਕਦੇ।

ਅੱਜ ਕੋਈ ਹੈ ਸਾਧਸੰਗਤ ਜੀ! ਸੰਸਾਰ ਦੇ ਅੰਦਰ ਜਿਹੜਾ ਕਿਸੇ ਨੂੰ ਪਨਾਹ ਦੇਵੇ ਇਕ ਰਾਜਾ। ਕੋਈ ਸਟੇਟ ਹੈ ਜਿਹੜੀ ਕਿਸੇ ਨੂੰ ਪਨਾਹ ਦੇ ਦੇਵੇ, ਤੇ ਕਹਿ ਦੇਵੇ ਕਿ ਅਸੀਂ ਮਰਦੇ ਦਮ ਤਕ ਨਹੀਂ ਦੇ ਸਕਦੇ। ਫੇਰ ਇਨ੍ਹਾਂ ਨੂੰ ਮਿੱਤਰ ਕਹੀਏ ਕਿ ਦੁਸ਼ਮਣ? ਸੋ ਇਹ ਗੱਲਾਂ ਗਲਤ ਨੇ।

ਸੋ ਭੀਖਣਸ਼ਾਹ ਨੇ ਕੁੱਜੀਆ ਲਿਆ ਕੇ, ਦੇਖਣਾ ਚਾਹਿਆ ਕਿ ਗੁਰੂ ਗੋਬਿੰਦ ਸਿੰਘ ਕੀਹਦੇ ਨੇ, ਹਿੰਦੂਆਂ ਦੇ ਨੇ ਕਿ ਮੁਸਲਮਾਨਾਂ ਦੇ ਨੇ। ਮਹਾਰਾਜ ਜੀ ਨੇ ਦੱਸਿਆ ਕਿ ਅਸੀਂ ਦੋਹਾਂ ਦੇ ਹਾਂ। ਸੋ ਐਸੇ ਕੌਤਕ ਨੇ ਸਾਧਸੰਗਤ ਜੀ! ਪੜ੍ਹੋ ਪਿਆਰ ਨਾਲ-

ਧਾਰਨਾ - ਸੁਣ ਲਓ ਪਿਆਰਿਓ!
ਕਥਾ ਦਸਵੇਂ ਗੁਰਾਂ ਦੀ।

ਸੋ ਇਸ ਤਰ੍ਹਾਂ ਆਪ ਬਚਪਨ ਤੋਂ ਹੀ, ਬਹੁਤ ਹੀ ਪਿਆਰੇ ਬਹੁਤ ਸੁੰਦਰ, ਜੋ ਦੇਖਦਾ ਸੀ ਮੋਹਿਆ ਜਾਂਦਾ ਸੀ। ਮਾਤਾ ਜੀ ਜਿਥੇ ਰਹਿੰਦੇ ਸੀ ਉਥੇ ਖੂਹ ਸੀਗਾ, ਓਸ ਮਹੱਲੇ ਤੋਂ, ਦੂਰ-ਦੂਰ ਤੋਂ ਸੋਹਣਾ ਪਾਣੀ ਹੋਣ ਕਰਕੇ ਓਥੋਂ ਭਰਨ ਵਾਸਤੇ ਆਉਂਦੇ ਸੀ, ਤੇ ਨਾਲ ਇਹ ਹੁੰਦਾ ਕਿ ਅਸੀਂ ਬਾਲਾ ਗੋਬਿੰਦ ਰਾਏ ਦੇ ਦਰਸ਼ਨ ਵੀ ਕਰ ਲਵਾਂਗੇ। ਖਿੱਚ ਪੈਂਦੀ ਸੀ ਹਰੇਕ ਨੂੰ। ਜ਼ਰੂਰ ਦਰਸ਼ਨ ਕਰਨੇ ਚਾਹੁੰਦੇ ਸੀ ਲੇਕਿਨ ਮਹਾਰਾਜ ਜੀ ਨੇ ਐਸਾ ਕੌਤਕ ਰਚਣਾ ਕਿ ਗੁਲੇਲੇ ਲੈ ਕੇ ਜਦ ਘੜਾ ਭਰ ਕੇ ਸਿਰ ਤੇ ਰੱਖਣਾ, ਗੁਲੇਲੇ ਮਾਰਨਾ ਤੇ ਘੜਾ ਭੰਨ ਦੇਣਾ। ਕੁਛ ਨਹੀਂ ਕਹਿਣਾ। ਉਹ ਘੜੇ ਨਹੀਂ ਸੀ ਭੰਨਦੇ, ਉਹ ਪਾਪਾਂ ਦੇ ਘੜੇ ਭੰਨਦੇ ਸੀ। ਜਿਹਦੇ ਗੁਲੇਲਾ ਲਗਦਾ ਸੀ ਘੜੇ 'ਚ ਉਹਦੇ ਸਾਰੇ ਪਾਪ ਖੰਡਤ ਕਰ ਦਿੰਦੇ ਸੀ। ਦੁਨੀਆਂ ਨੂੰ ਸਮਝ ਨਹੀਂ ਪਈ, ਗੁਰੂ ਦਸਵੇਂ ਪਾਤਸ਼ਾਹ ਗੁਲੇਲੇ ਕਿਉਂ ਮਾਰਦੇ ਸੀ। ਕਿੰਨਿਆਂ ਦਾ ਉਧਾਰ ਕਰਦੇ ਸੀ।

ਉਸ ਤੋਂ ਬਾਅਦ ਮਾਤਾ ਜੀ ਨੇ ਗਾਗਰਾਂ ਦੇ ਦਿਤੀਆਂ। ਮਹਾਰਾਜ ਜੀ ਨੇ ਤੀਰ ਬਣਾ ਲਏ। ਗਾਗਜਾਂ ਦੇ ਵਿਚ ਚਿੱਬ ਪਾਉਣੇ ਸ਼ੁਰੂ ਕਰ ਦਿਤੇ। ਜਦ ਕਈਆਂ ਨੇ ਕਿਹਾ ਕਿ ਅਸੀਂ ਹੁਣ ਪਾਣੀ ਕਿਥੋਂ ਲਈਏ? ਕਹਿੰਦੇ ਖੂਹ ਹੀ ਖਾਰਾ ਹੋ ਜਾਏ। ਖਾਰਾ ਹੋ ਗਿਆ ਉਸੇ ਵੇਲੇ ਖੂਹ। ਉਥੇ ਇਕ ਬਹੁਤ ਵਿਦਵਾਨ ਜਿਸਦਾ ਨਾਮ ਸ਼ਿਵਦੱਤ ਸੀ, ਉਹ ਸੱਚੀਮੁਚੀ ਦੀ ਭਗਤੀ ਕਰਦਾ ਹੁੰਦਾ ਸੀ। ਸ੍ਰੀ ਰਾਮ ਚੰਦਰ ਜੀ ਦੇ ਉਤੇ ਉਸਦੀ ਨੇਸ਼ਟਾ ਸੀ, ਬਹੁਤ ਵੈਰਾਗ ਕਰਦਾ ਸੀ, ਵੈਰਾਗ ਦੇ ਅੰਦਰ ਨੇਤਰਾਂ 'ਚੋ ਜਲ ਜਾਈ ਜਾਂਦਾ। ਗੰਗਾ ਦੇ ਕਿਨਾਰੇ ਬੈਠ ਕੇ ਉਹਨੇ ਭਗਤੀ ਕਰਨੀ, ਹਰ ਵਕਤ ਰੋਂਦਾ ਰਹਿੰਦਾ ਸੀ ਕਿ ਹੇ ਪ੍ਰਭੂ! ਮੈਨੂੰ ਦਰਸ਼ਨ ਦੇ। ਜੋ ਵੈਰਾਗੀਆਂ ਦੀ ਦਸ਼ਾ ਹੋਇਆ ਕਰਦੀ ਹੈ ਉਹ ਦਸ਼ਾ ਉਸ ਉਤੇ ਵਾਪਰਿਆਂ ਕਰਦੀ ਸੀ। ਅੱਜ ਉਹਦੀ ਅਰਦਾਸ ਦਰਗਾਹ 'ਚ ਕਬੂਲ ਹੋਈ। ਬਾਲਾ ਗੋਬਿੰਦ ਰਾਇ ਜੀ ਬੱਚਿਆਂ ਨੂੰ ਲੈ ਕੇ ਉਥੇ ਚਲੇ ਗਏ ਜਿਥੇ ਉਹ ਬੈਠਾ ਭਗਤੀ ਕਰਦਾ ਸੀ। ਬਹੁਤੇ ਵੱਡੇ ਨਹੀਂ ਸੀਗੇ, ਛੋਟੀ ਜਿਹੀ ਉਮਰ ਸੀ, ਪੰਜ ਕੇ ਸਾਲ ਦੀ। ਕੋਲ ਚਲੇ ਗਏ ਜਾ ਕੇ ਕੰਨ ਦੇ ਕੋਲ ਜਾ ਕੇ ਕਹਿੰਦੇ ਪੰਡਤ ਜੀ! ਝਾਤ। ਉਹਨੇ ਜਦ ਨੇਤਰ ਖੋਲ੍ਹੇ ਤਾਂ ਉਸ ਵੇਲੇ ਅੱਖਾਂ ਤੋਂ ਓਹਲੇ ਜਾ ਚੁੱਕੇ ਸੀ, ਆਵਾਜ਼ ਆਈ ਜਾਂਦੀ ਹੈ, ਝਾਤ। ਫੇਰ ਵੈਰਾਗ ਕਰਨ ਲੱਗ ਗਿਆ ਕਿ ਹੇ ਪ੍ਰਭੂ! ਤੂੰ ਦਰਸ਼ਨ ਤਾਂ ਦਿਤਾ, ਮੈਂ ਦੇਖ ਨਹੀਂ ਸਕਿਆ ਤੈਨੂੰ। ਫੇਰ ਆਈ ਆਵਾਜ਼ ਪੰਡਤ ਜੀ! ਦੇਖੋ। ਕੀ ਦੇਖਦਾ ਹੈ ਸਾਮ੍ਹਣੇ ਸ੍ਰੀ ਰਾਮਚੰਦਰ ਜੀ ਧਨੁਖ ਬਾਣ ਲਈ ਖੜ੍ਹੇ ਨੇ। ਨਮਸ਼ਕਾਰਾਂ ਕਰਦਾ ਹੈ, ਜਦ ਮੱਥਾ ਟੇਕਦਾ ਹੈ, ਸੀਸ ਚੁੱਕਦਾ ਹੈ ਤਾਂ ਗੁਰੂ ਦਸ਼ਮੇਸ਼ ਪਿਤਾ ਦੇ ਦਰਸ਼ਨ ਹੁੰਦੇ ਨੇ। ਬਾਲੇ ਪੰਜ ਸਾਲ ਦੀ ਉਮਰ ਦੇ। ਜਦ ਫੇਰ ਹੱਥ ਬੰਨ੍ਹ ਕੇ ਦੇਖਦਾ ਹੈ ਤਾਂ ਸ੍ਰੀ ਰਾਮਚੰਦਰ ਜੀ ਦੇ ਦਰਸ਼ਨ ਹੁੰਦੇ ਨੇ, ਹੈਰਾਨ ਹੋ ਗਿਆ। ਮਹਾਰਾਜ ਮੁਸਕਰਾ ਰਹੇ ਨੇ, ਪੱਕਾ ਨੇਸ਼ਟਾ ਹੋ ਗਿਆ ਕਿ ਮੇਰਾ ਈਸ਼ਟ ਆ ਗਿਆ, ਫਤਹਿ ਹੋ ਗਈ। ਪਿਆਰ ਫਤਹਿ ਕਹਿੰਦੇ ਨੇ ਇਹਨੂੰ।

ਉਸੇ ਸ਼ਹਿਰ ਦੇ ਅੰਦਰ ਇਕ ਰਾਜਾ ਫਤਹਿ ਚੰਦ ਜਿਸਦਾ ਨਾਮ ਸੀ, ਬੇਔਲਾਦ ਸੀ। ਬਹੁਤ ਪੈਸੇ ਵਾਲਾ ਸੀ ਤੇ ਉਹਦੀ ਰਾਣੀ ਨੂੰ ਹਰ ਵਕਤ ਚਿੰਤਾ ਰਹਿੰਦੀ ਸੀ ਕਿ ਬਹੁਤ ਧਨ ਹੈ ਲੇਕਿਨ ਔਲਾਦ ਨਹੀਂ ਹੋਈ ਹੈ। ਫਤਹਿਚੰਦ ਸੀ, ਮੈਣੀ ਗੋਤ ਸੀ। ਉਸ ਨੂੰ ਰਾਣੀ ਮੈਣੀ ਕਹਿੰਦੇ ਸੀ। ਜਦ ਇਹ ਸ਼ਿਵਦੱਤ ਦੇ ਪਾਸ ਗਈ ਕਿ ਪੰਡਤ ਜੀ ਤੁਸੀਂ ਰੱਬ ਨੂੰ ਮਿਲੇ ਹੋਏ ਓਂ। ਸਾਰੇ ਕਹਿੰਦੇ ਨੇ ਕਿ ਪੰਡਤ ਜੀ ਨੂੰ ਰੱਬ ਮਿਲ ਗਿਆ। ਤੁਹਾਡੇ ਉਪਰ ਤਾਂ ਕੋਈ ਖਾਸ ਨੂਰ ਚੜ੍ਹ ਗਿਆ ਅੱਜ ਤਾਂ। ਹਰ ਵਕਤ ਤੁਸੀਂ ਖੁਸ਼ ਰਹਿੰਦੇ ਓਂ। ਤੁਹਾਡੇ ਬਚਨਾਂ 'ਚ ਮਿਠਾਸ ਆ ਗਈ, ਤੁਹਾਡੇ ਨੇਤਰਾਂ 'ਚ ਖਿੱਚ ਹੈ ਤੇ ਤੁਸੀਂ ਮੇਰੇ ਤੇ ਕ੍ਰਿਪਾ ਕਰੋ। ਮੇਰੀ ਝੋਲੀ ਦੇ ਵਿਚ ਪੁੱਤਰ ਦੀ ਦਾਤ ਪਾਓ। ਕਹਿਣ ਲੱਗੇ, ਰਾਣੀ ਸਾਹਿਬ ਦਾਤਾਂ ਦੇਣ ਵਾਲਾ ਤਾਂ ਇਥੇ ਤੁਹਾਡੇ ਕੋਲ ਹੀ ਰਹਿੰਦਾ ਹੈ। ਤੁਸੀਂ ਉਹਦੀ ਆਰਾਧਨਾ ਕਰੋ। ਉਹਨੇ ਆਪ ਹੀ ਦਾਤ ਦੇਣ ਵਾਸਤੇ ਆ ਜਾਣਾ ਹੈ। ਕਿਉਂਕਿ ਮੈ ਜਦ ਤੋਂ ਬਾਣੀ ਦੀ ਵਿਚਾਰ ਸ਼ੁਰੂ ਕੀਤੀ ਹੈ, ਜਦ ਤੋਂ ਮੈਨੂੰ ਮਿਲਿਆ ਹੈ ਭਗਵਾਨ, ਉਸ ਵੇਲੇ ਮੈਂ ਤੱਤ ਬਾਣੀ ਦੀ ਵਿਚਾਰ ਸ਼ੁਰੂ ਕਰ ਦਿਤੀ ਤੇ ਓਸ ਬਾਣੀ ਦੇ ਵਿਚੋਂ ਮੈਂ ਇਸ ਤਰ੍ਹਾਂ ਦੇ ਨਾਲ ਏਸ ਮਤਲਬ ਨਾਲ ਗੱਲ ਨੂੰ ਸਮਝਣ ਕੀਤਾ ਹੈ-

ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,
ਸੇਵਾ ਕਰ ਲੈ ਸਾਧੂਆਂ ਦੀ।
ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬

ਕਹਿਣ ਲੱਗੇ, ਰਾਣੀ ਸਾਹਿਬ ਮੈਂ ਗੁਰਬਾਣੀ ਦੀ ਵਿਚਾਰ ਕਰੀ ਹੈ ਕਿ ਚਾਰ ਪਦਾਰਥ - ਧਰਮ, ਅਰਥ, ਕਾਮ, ਮੋਖਸ਼ ਇਹਦੇ 'ਚ ਸਾਰੀ ਦੁਨੀਆਂ ਦੇ ਪਦਾਰਥ ਤੇ ਰੂਹਾਨੀ ਪਦਾਰਥ ਆ ਜਾਂਦੇ ਨੇ। ਇਹ ਸਾਰੇ ਹੀ ਸਾਧੂਆਂ ਦੀ ਸੇਵਾ ਕਰਕੇ ਜੇ ਉਨ੍ਹਾਂ ਨੂੰ ਪ੍ਰਸੰਨ ਕਰ ਲਓ ਤੇ ਉਨ੍ਹਾਂ ਦੇ ਮੁਖ 'ਚੋਂ ਨਿਕਲ ਜਾਵੇ, ਪ੍ਰਸੰਨ ਹੋ ਕੇ ਤਾਂ ਵੱਡੀ ਤੋਂ ਵੱਡੀ ਦਾਤ ਮਿਲ ਜਾਂਦੀ ਹੈ।

ਐਉਂ ਨਹੀਂ ਹੁੰਦਾ ਕਿ ਜੀ ਬਚਨ ਦੇ ਦਿਓ ਜੀ। ਹੱਟੀ ਤਾਂ ਨਹੀਂ ਹੈ ਇਹ। ਸਾਡਾ ਆਹ ਹੋ ਜਾਏ, ਆਹ ਹੋ ਜਾਏ ਜੀ। ਐਉਂ ਨਹੀਂ ਹੋਇਆ ਕਰਦਾ। ਸੇਵਾ ਕਰਨੀ ਪੈਂਦੀ ਹੈ, ਰਝਾਉਣਾ ਪੈਂਦਾ ਹੈ, ਜਦੋਂ ਗੁਰੂ ਰੀਝਦਾ ਹੈ ਓਸ ਵੇਲੇ ਦਿੰਦਾ ਹੈ, ਗੁਰੂ ਕਦ ਰੀਝਦਾ ਹੈ ਜਦ ਉਹਦਾ ਸਿੱਖ ਰੀਝ ਜਾਂਦਾ ਹੈ। ਉਹਦਾ ਸਿੱਖ ਰੀਝ ਜਾਵੇ ਕਿਸੇ ਦੀ ਸੇਵਾ 'ਤੇ, ਫੇਰ ਗੁਰੂ ਦਾ ਬਿਰਧ ਬਣ ਜਾਂਦਾ ਹੈ। ਉਹਦੇ ਬਚਨ ਦੀ ਲਾਜ ਰੱਖਣੀ। ਸੋ ਕਹਿਣ ਲੱਗੇ, ਬਾਲਾ ਗੋਬਿੰਦ ਰਾਏ ਬਚਪਨ ਦੇ ਅੰਦਰ, ਉਹ ਸਾਥੀਆਂ ਦੇ ਨਾਲ ਖੇਲ੍ਹਦੇ ਰਹਿੰਦੇ ਨੇ। ਤੁਸੀਂ ਉਨ੍ਹਾਂ ਦੀ ਆਸ ਕਰੋ, ਲੰਗਰ ਤਿਆਰ ਕਰੋ, ਆਰਾਧਨਾ ਕਰੋ। ਉਹ ਆ ਜਾਣਗੇ, ਫੇਰ ਉਨ੍ਹਾਂ ਤੋਂ ਮੰਗ ਲਓ। ਦਰਸ਼ਨ ਕਰਾ ਦਿਤੇ, ਇਕ ਆਹ ਜਾਂਦੇ ਨੇ, ਖੇਲ੍ਹਦਿਆਂ ਦੇ ਦਰਸ਼ਨ ਕਰਾ ਦਿਤੇ ਮਹਾਰਾਜ ਜੀ ਦੇ। ਸਰੂਪ ਹਿਰਦੇ 'ਚ ਵਸ ਗਿਆ, ਸਮਾਧੀ ਲਾ ਕੇ ਬੈਠਦੀ ਹੈ, ਨਾਲ ਇਹ ਹੈ ਕਿ ਹੇ ਬਾਲਾ ਪ੍ਰੀਤਮ, ਜੇ ਪੁਤਰ ਦੇਣਾ ਹੈ ਤਾਂ ਆਪਣੇ ਵਰਗਾ ਦੇਈਂ। ਤੇਰੇ ਵਰਗਾ ਹੋਵੇ ਇੰਨ-ਬਿੰਨ, ਜਿਹੜਾ ਖਿੱਚਾਂ ਪਾਉਂਦਾ ਹੋਵੇ, ਜਿਹਦੇ ਨੇਤਰਾਂ 'ਚ ਰਸ ਹੋਵੇ। ਜਿਹਦੇ ਬੋਲ ਦੇ ਵਿਚ ਮੁਸਕਾਨ ਹੋਵੇ, ਜਿਹਦੇ ਅੰਗ-ਅੰਗ ਦੇ ਵਿਚ ਪਿਆਰ ਹੋਵੇ, ਅੱਜ ਬੈਠੀ ਹੈ, ਅੰਮ੍ਰਿਤ ਵੇਲੇ ਦੋ ਵਜੇ ਤੋਂ ਬੈਠੀ ਹੈ। ਚੌਂਕੜਾ ਨਹੀਂ ਹਿਲਾ ਰਹੀ, ਦਿਨ ਚੜ੍ਹ ਗਿਆ, ਓਧਰ ਹੁਕਮ ਕਰ ਦਿਤਾ ਕਿ ਭੁੰਗਣੀਆਂ ਬਣਾਓ, ਜੇ ਉਹ ਆ ਗਏ ਤਾਂ ਪ੍ਰਸ਼ਾਦ ਕੀ ਦੇਵਾਂਗੇ, ਨਿਹਚਾ ਹੈ ਹਿਰਦੇ ਦੇ ਅੰਦਰ ਕਿ ਜ਼ਰੂਰ ਆਉਣਗੇ, ਕਿਉਂਕਿ ਪੰਡਤ ਸ਼ਿਵਦੱਤ ਗਲਤ ਗੱਲ ਨਹੀਂ ਕਹਿੰਦਾ। ਸਮਾਂ ਨਿਕਲਦਾ ਤੁਰਿਆਂ ਜਾਂਦਾ ਹੈ, ਦਿਨ ਚੜ੍ਹ ਗਿਆਂ ਤੇ ਓਧਰ ਗੁਰੂ ਦਸ਼ਮੇਸ਼ ਪਿਤਾ ਬਾਲਾ ਪ੍ਰੀਤਮ ਬੱਚਿਆਂ ਨੂੰ ਨਾਲ ਲੈ ਕੇ ਓਸਦੇ ਰਾਜ ਮਹੱਲ ਵਲ ਨੂੰ ਤੁਰ ਪਏ। ਪਹਿਰੇਦਾਰ ਖੜ੍ਹੇ ਨੇ, ਰੂਪ ਦੇਖਿਆ ਸਭ ਨੇ ਕੋਈ ਰੋਕ ਨਹੀਂ ਸਕਿਆ, ਬਈ ਅਸੀਂ ਰੋਕ ਦੇਈਏ ਤੇ ਖਬਰ ਅੰਦਰ ਦੇਈਏ, ਹੈਰਾਨ ਹੋ ਗਏ ਸਰੂਪ ਦੇਖਦੇ ਸਾਰ। ਭੁੱਲ ਗਏ ਸਾਰੇ ਸਭ ਕੁਛ, ਆਪਣਾ ਆਪਾ ਭੁੱਲ ਗਏ। ਮਹਾਰਾਜ ਮਲਕੜੇ ਅੰਦਰ ਚਲੇ ਗਏ, ਪੌੜੀਆਂ ਚੜ੍ਹ ਗਏ, ਜਿਸ ਮਹੱਲ ਦੇ ਅੰਦਰ ਰਾਣੀ ਬੈਠੀ ਸੀ ਚੌਂਕੜਾ ਮਾਰੀਂ ਤੇ ਨੇਤਰ ਬੰਦ ਸੀ ਤੇ ਓਸ ਆਸਣ ਤੇ ਗੁਰੂ ਮਹਾਰਾਜ ਚੜ੍ਹੇ ਤੇ ਦੋਵੇਂ ਬਾਹਾਂ ਗਲ 'ਚ ਪਾ ਲਈਆਂ। ਗੋਦੀ 'ਚ ਇਕ ਦਮ ਲਮਕ ਕੇ ਪੈ ਗਏ। ਮਾਂ.....ਮਾਂ....., ਆਵਾਜ਼ ਦਿਤੀ, ਮਾਂ.....ਮਾਂ......। ਮਾਂ ਦਾ ਸ਼ਬਦ ਸੁਣਦੀ ਸਾਰ ਉਹਦੇ ਸਰੀਰ ਦੇ ਵਿਚੋਂ ਝਰਨ੍ਹਾਟਾਂ ਨਿਕਲਣ ਲਗ ਗਈਆਂ। ਸੰਭਲਿਆ ਨਹੀਂ ਜਾਂਦਾ ਐਨਾ ਅਨੰਦ ਆ ਗਿਆ। ਮੈਨੂੰ ਵੀ ਕੋਈ ਮਾਂ ਕਹਿਣ ਵਾਲਾ ਆ ਗਿਆ? ਮੇਰੀ

ਗੋਦੀ ਦੇ ਵਿਚ ਵੀ ਕੋਈ ਪੈ ਕੇ ਕਹਿੰਦਾ ਹੈ ਮਾਂ? ਤੇ ਮੇਰੇ ਗਲ ਵਿਚ ਬਾਹਾਂ ਪਾ ਕੇ, ਮੇਰੇ ਸੀਨੇ ਨੂੰ ਠੰਢ ਪਾ ਕੇ ਕੋਈ ਕਹਿੰਦਾ ਹੈ ਮਾਂ। ਪੁੱਤਰ ਕਿੱਡੀ ਪਿਆਰੀ ਚੀਜ਼ ਹੈ। ਪੁੱਤਰ ਦੀ ਵਾਸ਼ਨਾ, ਪੁੱਤਰ ਦੀ ਲਾਲਸਾ ਕਿਵੇਂ ਬੀਬੀਆਂ ਨੂੰ ਤੰਗ ਕਰ ਦਿੰਦੀ ਹੈ। ਮਾੜੇ ਤੋਂ ਮਾੜਾ ਕੰਮ ਕਰਨ ਨੂੰ ਤਿਆਰ ਹੋ ਜਾਂਦੀਆਂ ਨੇ। ਸੋ ਜਦੋਂ ਨੇਤਰ ਖੋਲ੍ਹੇ ਹੈਰਾਨ ਹੋ ਗਈ ਕਿ ਮੇਰੀ ਗੋਦੀ ਵਿਚ ਬੈਠੇ ਨੇ। ਕਹਿਣ ਲੱਗੇ, ਮਾਂ! ਮੇਰੇ ਵਰਗਾ ਤਾਂ ਮੈਂ ਹੀ ਹਾਂ ਤੇ ਮੈਂ ਤੇਰਾ ਪੁੱਤਰ ਹਾਂ, ਮੇਰੇ ਸਾਥੀਆਂ ਨੂੰ ਭੁੱਖ ਲੱਗੀ ਹੋਈ ਹੈ। ਛੇਤੀ ਲਿਆ ਕੇ ਦੇ ਖਾਣ ਨੂੰ। ਓਸੇ ਵੇਲੇ ਭੁੰਗਣੀਆਂ ਤਿਆਰ ਸੀ, ਛਕਾਈਆਂ ਆਪ ਨੇ, ਦਿਲ ਨਹੀਂ ਕਰਦਾ ਕਿ ਇਹ ਮੇਰੀਆਂ ਅੱਖਾਂ ਤੋਂ ਓਹਲੇ ਹੋਣ। ਕਹਿੰਦੇ ਅਸੀਂ ਰੋਜ਼ ਆਇਆਂ ਕਰਾਂਗੇ ਤੇ ਤੇਰੇ ਬਾਗ ਵਿਚ ਖੇਲ੍ਹਿਆ ਕਰਾਂਗੇ ਤੇ ਮਾਤਾ ਹੁਣ ਤੂੰ ਮੇਰੀ ਮਾਤਾ ਹੋ ਗਈ ਨਾ, ਮੈਂ ਤੇਰਾ ਪੁੱਤਰ ਹੋ ਗਿਆ, ਹੁਣ ਤਾਂ ਆਪਾਂ ਇਕੋ ਹੀ ਹੋ ਗਏ।

ਸੋ ਸਮਾਂ ਪੈਂਦਾ ਗਿਆ, ਹੌਲੀ-ਹੌਲੀ ਓਥੇ ਇਕ ਨਵਾਬ ਸੀ ਕਰੀਮ ਖਾਨ, ਤੇ ਓਸ ਵੇਲੇ ਦਾ ਰਿਵਾਜ਼ ਇਹ ਸੀ ਕਿ ਜਦੋਂ ਕੋਈ ਆਫੀਸਰ ਆਉਂਦਾ, ਨਵਾਬ ਆਉਂਦਾ ਤਾਂ ਸੱਤ ਸਲਾਮਾਂ ਝੁਕ ਕੇ ਕਰਨੀਆਂ ਪੈਂਦੀਆਂ ਸੀ। ਤਾਂ ਜਿਸ ਵਕਤ ਉਹ ਨਵਾਬ ਆਇਆ ਮਹਾਰਾਜ ਜੀ ਨੇ ਸਾਰੇ ਬੱਚਿਆਂ ਨੂੰ ਕਹਿ ਦਿਤਾ ਕਿ ਦੰਦੀਆਂ ਚੜਾਉਣੀਆਂ ਨੇ ਝੁਕਣਾ ਨਹੀਂ ਹੈਗਾ। ਓਸੇ ਤਰ੍ਹਾਂ ਕੀਤਾ, ਜਦ ਸਿਪਾਹੀ ਮਗਰ ਪਏ, ਸਾਰੇ ਹੀ ਕੋਈ ਏਧਰ ਜਾ ਵੜਿਆ, ਕੋਈ ਓਧਰ ਜਾ ਵੜਿਆ। ਕੋਈ ਨਾ ਲੱਭਿਆ, ਇਹ ਖੜ੍ਹੇ ਰਹੇ। ਜਦ ਉਹਨੇ ਰੂਪ ਦੇਖਿਆ, ਤੱਕਣੀ ਦੇਖੀ ਦਿਲ ਦੇ ਅੰਦਰ ਹੀ ਖੁੱਭ ਗਈ। ਉਸ ਵੇਲੇ ਘੋੜੇ ਤੋਂ ਉਤਰਿਆ, ਸਲਾਮ ਕਰੀ, ਸਿਜਦਾ ਕਰਿਆ। ਕਹਿੰਦੇ ਕੌਣ ਹੈ ਇਹ ਬਾਲਕ, ਜਿਸਨੇ ਮੈਨੂੰ ਵੀ ਆਪਣੇ ਘੋੜੇ ਤੋਂ ਉਤਾਰ ਕੇ ਆਪਣੇ ਚਰਨਾਂ ਤੇ ਪਾ ਲਿਆ? ਕਹਿੰਦੇ, ਇਹ ਪੰਜਾਬ ਤੋਂ ਆਏ ਹੋਏ ਨੇ, ਗੁਰੂ ਤੇਗ ਬਹਾਦਰ ਸਾਹਿਬ ਦੇ ਫਰਜ਼ੰਦ ਨੇ। ਸੋ ਉਸ ਨੇ ਬੇਨਤੀ ਕਰੀ ਕਿ ਹੇ ਸਾਹਿਬਜ਼ਾਦੇ! ਮੈਨੂੰ ਦਰਸ਼ਨ ਦਿਆ ਕਰ, ਰੋਜ਼ ਦਿਆ ਕਰ। ਸੋ ਐਸੇ ਪਿਆਰ ਦੀਆਂ ਜਿੱਤਾਂ ਬੇਅੰਤ, ਗਿਣਤੀ ਤੋਂ ਬਾਹਰ ਨੇ। ਲੇਕਿਨ ਸੁਨੇਹਾ ਆ ਗਿਆ ਮਹਾਰਾਜ ਨੂੰ ਕਿ ਵਾਪਸ ਪੰਜਾਬ ਆ ਜਾਓ।

ਗੁਰੂ ਮਹਾਰਾਜ ਨੇ ਤਿਆਰੀਆਂ ਕਰ ਲਈਆਂ। ਗੁਰੂ ਨੌਵੇਂ ਪਾਤਸ਼ਾਹ ਨੂੰ ਪਤਾ ਸੀ ਕਿ ਹੁਣ ਅਸੀਂ ਸ਼ਹੀਦੀ ਦੇ ਦੇਣੀ ਹੈ। ਉਸ ਵੇਲੇ ਉਨ੍ਹਾਂ ਨੇ ਆਪ ਨੂੰ ਵਾਪਸ ਬੁਲਾ ਲਿਆ। ਵਿਛੋੜਾ ਜਿਹਨੂੰ ਕਹਿੰਦੇ ਨੇ, ਇਹ ਬਹੁਤ ਹੀ ਬੁਰਾ ਸੱਲ੍ਹ ਹੈ ਸਾਧਸੰਗਤ ਜੀ। ਖਾਸ ਕਰਕੇ ਮਹਾਂਪੁਰਸ਼ਾਂ ਦਾ ਵਿਛੋੜਾ, ਉਹ ਝੱਲਣਾ ਔਖਾ ਹੋ ਜਾਂਦਾ ਹੈ, ਝੱਲ ਨਹੀਂ ਹੁੰਦਾ ਤੇ ਉਸ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ -

ਧਾਰਨਾ - ਝੱਲਿਆ ਨਾ ਜਾਵੇ ਸਤਿਗੁਰ ਤੇਰਾ ਵਿਛੋੜਾ।

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ
ਦੇਖਿ ਦਰਸੁ ਅਘਾਵੈ ॥ ***ਅੰਗ - ੭੦੮***

ਐਸੀ ਹਾਲਤ ਹੈ ਸ਼ਹਿਰ ਦੀ -

ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੇਦਿ ॥
ਅੰਗ - ੧੧੦੦

ਸਾਰਿਆਂ ਦੇ ਅੰਦਰ ਬਿਰਹਾ ਆ ਗਿਆ, ਤੇ ਜਿਸ ਵਕਤ ਮਹਾਰਾਜ ਜੀ ਰਾਣੀ ਦੇ ਪਾਸ ਜਾਂਦੇ ਨੇ ਕਿ ਮਾਤਾ! ਹੁਕਮ ਆ ਗਿਆ ਸਾਨੂੰ, ਅਸੀਂ ਜਾ ਰਹੇ ਹਾਂ। ਇਹ ਬਚਨ ਨਹੀਂ ਸੀਗਾ, ਉਹਨੂੰ ਐਉਂ ਲੱਗਿਆ ਜਿਵੇਂ ਕਿਸੇ ਨੇ ਬਹੁਤ ਅਣੀ ਵਾਲਾ ਬਾਣ ਮਾਰਿਆ ਹੋਵੇ, ਬੇਹੋਸ਼ ਹੋ ਕੇ ਗਿਰ ਗਈ ਉਸ ਵੇਲੇ। ਪੱਖੇ ਝੱਲੇ ਗਏ, ਜਲ ਮੂੰਹ ਵਿਚ ਪਾਇਆ ਗਿਆ, ਸਾਵਧਾਨ ਕਰਿਆ, ਮਾਤਾ ਐਨਾ ਅਫਸੋਸ ਕਿ ਗੱਲ ਦਾ, ਐਨਾ ਦੁੱਖ? ਕਹਿਣ ਲੱਗੀ, ਪੁੱਤਰ! ਮੈਂ ਰਹਿ ਨਹੀਂ ਸਕਦੀ, ਬੜੀ ਦੇਰ ਤੋਂ ਬਾਅਦ ਮੇਰੀ ਇੱਛਾ ਪੂਰੀ ਹੋਈ ਸੀ। ਆਪ ਕਹਿਣ ਲੱਗੇ, "ਅਸੀਂ ਜਾਨੇ ਹਾਂ ਕਿਤੇ, ਜਿਸ ਟਾਇਮ ਅਸੀਂ ਆਉਂਦੇ ਹਾਂ ਸੰਗਤ ਕਰਿਆ ਕਰੋ, ਬਾਣੀ ਦੀ ਵਿਚਾਰ ਕਰਿਆ ਕਰੋ, ਮੇਰੇ ਸਾਥੀ ਜੋ ਨੇ ਇਹ ਆਉਣਗੇ, ਜਦੋਂ ਤੁਸੀਂ ਭੁੰਗਣੀਆਂ ਦਾ ਪ੍ਰਸ਼ਾਦ ਤੁਸੀਂ ਵਰਤਾਓਂਗੇ, ਤੁਸੀਂ ਦੇਖੋਗੇ ਮੈਂ ਵਿਚ ਖੇਡਦਾ ਹੋਵਾਂਗਾ। ਨਵਾਬ ਰਹੀਮ ਖਾਂ ਨੂੰ ਪਤਾ ਲੱਗਿਆ, ਬੇਹਬਲ ਹੋ ਗਿਆ, ਰੋ ਰਿਹਾ ਹੈ ਉਚੀ-ਉਚੀ, ਸਾਹਿਬ ਮੈਂ ਕਿਵੇਂ ਜੀਵਾਂਗਾ, ਮੇਰਾ ਤਾਂ ਅਮਲ ਤੁਸੀਂ ਬਣ ਚੁੱਕੇ।

ਕਹਿੰਦੇ, ਰਹੀਮ ਖਾਂ! ਸੱਚੇ ਦਿਲ ਦੇ ਨਾਲ ਨਮਾਜ਼ ਪੜ੍ਹੀਂ ਜਦ ਤੂੰ ਸਿਜਦਾ ਕਰਕੇ ਦੋਵੇਂ ਹੱਥ ਜੋੜ ਕੇ ਮੰਗੇਂਗਾ ਪ੍ਰਭੂ ਤੋਂ ਤਾਂ ਮੈਂ ਸਾਮ੍ਹਣੇ ਤੇਰੇ ਖੜ੍ਹਾ ਹੋਇਆ ਕਰਾਂਗਾ। ਰੋਜ਼ ਤੈਨੂੰ ਦਰਸ਼ਨ ਹੋਣਗੇ। ਸੋ ਐਉਂ ਬਖਸ਼ਿਸ਼ਾਂ ਕਰਕੇ ਆਪ ਚਲਦੇ-ਚਲਦੇ ਪੰਜਾਬ ਵਲ ਨੂੰ ਆ ਰਹੇ ਨੇ ਤੇ ਅੱਜ ਆਪ ਲਖਨੌਰ ਆ ਜਾਂਦੇ ਨੇ ਤੇ ਉਥੇ ਵੀ ਕਈ ਮਹੀਨੇ ਆਪ ਨੂੰ ਠਹਿਰਨਾ ਪਿਆ ਤੇ ਖੁਦੋ-ਖੂੰਡੀ ਖੇਲ੍ਹ ਰਹੇ ਨੇ। ਹਾਕੀ ਖੇਲ੍ਹ ਰਹੇ ਨੇ ਅੱਜਕਲ੍ਹ ਦੀ ਅੰਗ੍ਰੇਜ਼ੀ ਦੀ ਜ਼ੁਬਾਨ 'ਚ। ਕਿੰਨੇ ਪਿਆਰੇ ਲਗਦੇ ਹੋਣੇ ਨੇ ਖੇਲ੍ਹਦੇ। ਉਹ ਪੀਰ ਭੀਖਣਸ਼ਾਹ ਫੇਰ ਆ ਗਿਆ। ਉਹਨੇ ਉਸੇ ਵੇਲੇ ਸਿਜਦਾ ਕਰਨਾ ਸ਼ੁਰੂ ਕਰ ਦਿਤਾ, ਸੱਤ ਸਿਜਦੇ ਕੀਤੇ, ਸੱਤ ਸਲਾਮਾਂ ਕੀਤੀਆਂ, ਨਵੇਂ ਮੁਰੀਦ ਰਲੇ ਹੋਏ ਸੀ ਉਨ੍ਹਾਂ ਨੇ ਫੇਰ ਸ਼ੰਕਾ ਕਰਿਆ ਕਿ ਤੁਸੀਂ ਹਿੰਦੂ ਲੜਕੇ ਨੂੰ ਸਲਾਮਾਂ ਕਰੀ ਜਾਂਦੇ ਓਂ। ਕਹਿਣ ਲੱਗੇ, ਇਹ ਤਾਂ ਅੱਲਾਹ ਦਾ ਨੂਰ ਨੇ, ਇਨ੍ਹਾਂ ਦੇ ਦਰਸ਼ਨ ਵਾਸਤੇ ਮੈਂ ਉਥੇ ਪਟਨੇ ਪਹੁੰਚਿਆ ਸੀ। ਆਓ ਮੈਂ ਇਕ ਗੱਲ ਪੁੱਛਣੀ ਹੈ ਇਨ੍ਹਾਂ ਤੋਂ। ਓਸ ਵੇਲੇ ਬੱਚੇ ਸੀ, ਅੱਜ ਵੱਡੇ ਨੇ ਮੈਂ ਇਨ੍ਹਾਂ ਤੋਂ ਇਕ ਗੱਲ ਪੁਛਣੀ ਹੈ, ਬਈ ਇਹ ਕਿਨ੍ਹਾਂ ਵਲ ਹੋਣਗੇ। ਓਸ ਵੇਲੇ ਦੋ ਮਠਿਆਈ ਦੇ ਬਰਤਨ ਮੰਗਾਏ ਗਏ, ਕੁੱਜੇ ਮੰਗਾਏ ਗਏ, ਦੋਹਾਂ ਦੇ ਮੂੰਹ ਢੱਕ ਦਿਤੇ ਤੇ ਮਹਾਰਾਜ ਜੀ ਦੇ ਅੱਗੇ ਲਿਜਾ ਕੇ ਰੱਖ ਦਿਤੇ। ਮਹਾਰਾਜ ਜੀ ਕਹਿੰਦੇ, ਦੋ ਕਿਉਂ ਲੈ ਕੇ ਆਏ ਓਂ ਤਿੰਨ ਲੈ ਕੇ ਆਓ। ਇਕ ਹੋਰ ਮੰਗਾ ਲਿਆ। ਹੁਣ ਸੋਚਦੇ ਨੇ ਕਿ ਤਿੰਨ ਮੰਗਾ ਲਏ, ਤੀਜਾ ਕੀਹਦਾ ਮੰਗਾ ਲਿਆ? ਤਾਂ ਉਸ ਵੇਲੇ ਬੈਠੇ ਨੇ, ਕੋਈ ਸਵਾਲ ਨਹੀਂ ਹੋ ਰਿਹਾ ਤੇ ਮਹਾਰਾਜ ਪੀਰ ਵਲ ਦੇਖਦੇ ਨੇ, ਮੁਸਕਰਾਏ। ਮਹਾਰਾਜ ਜੀ ਨੇ ਪਹਿਲਾਂ ਦੋਵੇਂ ਹੱਥ ਇਕ ਦੇ ਉਤੇ ਰੱਖ ਦਿਤੇ। ਫੇਰ ਇਕ-ਇਕ ਹੱਥ ਦੋਹਾਂ ਤੇ ਰੱਖ ਦਿਤਾ। ਹੁਣ ਪੀਰ ਸਮਝਦਾ ਹੈ, ਕਰਨੀ ਕਮਾਈ ਵਾਲਾ ਪੀਰ

ਸੀ। ਸਿਜਦਾ ਕੀਤਾ। ਉਸ ਵੇਲੇ ਮੁਰੀਦਾਂ ਨੇ ਪੁੱਛਿਆ ਕਿ ਪੀਰ ਜੀ! ਸਾਡੇ ਤਾਂ ਸਮਝ ਵਿਚ ਨਹੀਂ ਆਈ ਕੁਛ ਗੱਲ? ਸਾਨੂੰ ਵੀ ਸਮਝਾ ਦਿਓ ਕਿ ਕੀ ਤੁਹਾਡੀ ਗੱਲਬਾਤ ਹੋਈ ਹੈ? ਇਸ਼ਾਰੇ ਨਾਲ ਗੱਲਬਾਤ ਹੋਈ ਹੈ, ਤੁਸੀਂ ਵੀ ਕੋਈ ਇਸ਼ਾਰਾ ਕਰ ਰਹੇ ਸੀ, ਉਹ ਵੀ ਕੋਈ ਇਸ਼ਾਰਾ ਕਰ ਰਹੇ ਸੀ। ਕਹਿੰਦੇ, ਮੁਰੀਦੋ! ਮੈਂ ਇਹ ਜਾਨਣ ਦੀ ਕੋਸ਼ਿਸ਼ ਕਰੀ ਸੀ ਕਿ ਇਹ ਹਿੰਦੂਆਂ ਦਾ ਹੋਣਗੇ ਜਾਂ ਇਸਲਾਮ ਵਾਲਿਆਂ ਦੇ ਹੋਣਗੇ। ਪਰ ਉਨ੍ਹਾਂ ਨੇ ਇਕ ਬਰਤਨ ਹੋਰ ਮੰਗਾ ਕੇ ਕਿਹਾ ਕਿ ਅਸੀਂ ਦੋਹਾਂ ਵਾਸਤੇ ਇਕ ਸਾਂਝਾ ਰਸਤਾ ਚਲਾਵਾਂਗੇ। ਉਹਦੇ ਉਤੇ ਤਾਂ ਦੋਵੇਂ ਹੱਥ ਰੱਖ ਦਿਤੇ, ਫੇਰ ਮੈਂ ਕਿਹਾ ਕਿ ਹਿੰਦੂਆਂ ਦਾ ਤੇ ਇਸਲਾਮ ਦਾ ਤੁਹਾਡੇ ਨਾਲ ਕੀ ਸਬੰਧ ਹੋਏਗਾ? ਉਸ ਵੇਲੇ ਆਪ ਨੇ ਦੋਵੇਂ ਹੱਥ ਦੋਹਾਂ ਤੇ ਰੱਖ ਦਿਤੇ, ਇਕ ਓਧਰ ਇਕ ਓਧਰ ਕਿ ਸਾਨੂੰ ਸਾਰੇ ਸਮ ਨੇ। ਸਾਡਾ ਕਿਸੇ ਨਾਲ ਵਿਰੋਧ ਨਹੀਂ। ਸਾਡੀ ਨਿਗ੍ਹਾ ਵਿਚ ਨਾ ਕੋਈ ਹਿੰਦੂ ਹੈ, ਨਾ ਕੋਈ ਤੁਰਕ ਹੈ।

ਐਨੇ ਨੂੰ ਇਕ ਹੋਰ ਪੀਰ ਆ ਗਿਆ, ਤੇ ਓਸ ਪੀਰ ਨੇ ਆ ਕੇ ਜਿਸ ਦਾ ਨਾਮ ਆਰਫਦੀਨ ਸੀ ਲਖਨੌਰ ਦਾ, ਬੜਾ ਹੀ ਕਰਾਮਾਤੀ ਤੇ ਅੰਤਰਜਾਮੀ ਫਕੀਰ ਸੀ। ਪਹੁੰਚਿਆ ਹੋਇਆ ਸੀ ਰੱਬ ਤਕ। ਗੁਰੂ ਦਸਵੇਂ ਪਾਤਸ਼ਾਹ ਦੀਆਂ ਕਥਾਵਾਂ ਨੂੰ ਪ੍ਰਗਟ ਕਰਨ ਵਾਲੇ ਸਾਧਸੰਗਤ ਜੀ ਧਿਆਨ ਰੱਖੋ, ਮੁਸਲਮਾਨ ਪੀਰ ਨੇ। ਜਿਨ੍ਹਾਂ ਨੇ ਸੱਚ ਬੋਲਿਆ, ਹਿੰਦੂ ਦਾ ਜ਼ਿਕਰ ਨਹੀਂ ਆਇਆ, ਜਾਂ ਤਾਂ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਿਆ, ਜਾਂ ਪਹੁੰਚ ਨਹੀਂ ਸੀ ਐਡੀ ਵੱਡੀ, ਉਨ੍ਹਾਂ ਦੀ ਪਹੁੰਚ ਵੱਡੀ ਸੀ, ਇਹ ਗੱਲ ਮੰਨਣੀ ਪੈਣੀ ਹੈ। ਐਵੇਂ ਨਹੀਂ ਸੀ ਅਸੀਂ ਕਹਿ ਦੇਈਏ ਕਿ ਸੂਫੀ ਪੀਰ ਸੀ, ਬਾਬਾ ਫਰੀਦ ਗੁਰੂ ਗ੍ਰੰਥ ਸਾਹਿਬ ਵਿਚ ਨਾ ਆਉਂਦੇ, ਜੇ ਉਚੇ ਨਾ ਹੁੰਦੇ। ਸੋ ਉਹ ਆ ਕੇ ਜਦੋਂ ਪਾਲਕੀ 'ਚੋਂ ਉਤਰਿਆ, ਉਤਰ ਕੇ ਸਿਜਦਾ ਕੀਤਾ। ਉਹ ਕਹਿੰਦਾ ਵਲੀ ਅੱਲਾਹ! ਸੁਬਾਨ ਅੱਲਾਹ! ਸੁਬਾਨ ਅੱਲਾਹ! ਤੇ ਮੁਰੀਦਾਂ ਨੇ ਪੁੱਛਿਆ ਪੀਰ ਜੀ! ਤੁਸੀਂ ਤਾਂ ਸਭ ਤੋਂ ਵੱਡੇ ਓਂ, ਤੁਹਾਡੇ ਸਮਾਨ ਐਸ ਵੇਲੇ ਭਾਰਤ ਵਰਸ਼ ਵਿਚ ਕੋਈ ਪੀਰ ਨਹੀਂ ਹੈ, ਤੁਸੀਂ ਇਹ ਕੀ ਕੰਮ ਕਰਿਆ, ਏਸ ਬੱਚੇ ਨੂੰ ਸਲਾਮ ਕਰੀ ਹੈ ਤੇ ਨਾਲੇ ਤੁਸੀਂ ਸੁਬਾਨ ਅੱਲਾਹ! ਸੁਬਾਨ ਅੱਲਾਹ! ਕਹਿ ਰਹੇ ਓਂ? ਕਹਿਣ ਲੱਗੇ, ਮੈਂ ਹੈਰਾਨ ਹਾਂ ਅੱਲਾਹ ਦੀ ਕੁਦਰਤ ਤੋਂ। ਜਦ ਮੈਂ ਸਮਾਧੀ 'ਚ ਜਾਂਦਾ ਹਾਂ ਤੇ ਉਥੇ ਅੱਲਾਹ ਦੇ ਦਰ ਤੇ ਪਹੁੰਚਦਾ ਹਾਂ, ਉਥੇ ਮੈਂ ਕੀ ਦੇਖਦਾ ਹਾਂ ਕਿ ਉਥੇ ਬੇਅੰਤ ਪੀਰ ਪੈਗੰਬਰ, ਔਲੀਏ ਖੜ੍ਹੇ ਨੇ ਸਾਰੇ, ਬਾਹਰ ਖੜ੍ਹੇ ਨੇ।

ਸਭ ਨੇ ਉਥੇ, ਲੇਕਿਨ ਕੋਈ ਖੁਦਾ ਦੇ ਕੋਲ ਨਹੀਂ ਪਹੁੰਚਦਾ, ਮੈਂ ਹੈਰਾਨ ਹਾਂ, ਜਿੰਨੀਆਂ ਬੇਨਤੀਆਂ ਕਰਦੇ ਨੇ। ਸਾਰੀਆਂ ਅਰਜ਼ੀਆਂ ਏਸ ਬੱਚੇ ਦੇ ਹੱਥ ਵਿਚ ਹੁੰਦੀਆਂ ਨੇ, ਤੇ ਇਹ ਅੱਲਾਹ ਤਾਲਾ ਦੇ ਅੰਦਰ ਜਾਂਦਾ ਹੈ -

ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥ ਅੰਗ - ੮

ਤੇ ਓਧਰੋਂ ਸੁਨੇਹੇ ਲਿਆ ਕੇ ਦਿੰਦਾ ਹੈ, ਅੱਜ ਇਥੇ ਮੈਨੂੰ ਏਸ ਰੂਪ ਵਿਚ, ਇਸ ਧਰਤੀ ਤੇ ਦਰਸ਼ਨ ਹੋ ਗਏ, ਤਾਂ ਮੈਂ ਸਲਾਮਾਂ ਕਰੀਆਂ ਨੇ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਅਨੰਦਪੁਰ ਸਾਹਿਬ ਪਹੁੰਚ ਜਾਂਦੇ ਨੇ।

ਅੱਜ ਆਪ ਖੇਲ੍ਹਦੇ-ਖੇਲ੍ਹਦੇ ਆਉਂਦੇ ਨੇ। ਨੌਂ ਸਾਲ ਦੀ ਆਪ ਦੀ ਉਮਰ ਹੋ ਗਈ। ਉਸ ਵੇਲੇ ਕੀ ਦੇਖਦੇ ਨੇ ਅੰਦਰ ਬਹੁਤ ਸਾਰੇ ਬੰਦੇ ਬੈਠੇ ਨੇ, ਵੱਡੇ-ਵੱਡੇ ਤਿਲਕ ਲੱਗੇ ਹੋਏ ਨੇ। ਵਧੀਆ-ਸੋਹਣੇ ਵਸਤਰ ਪਹਿਨੇ ਹੋਏ ਨੇ, ਦੇਖਣ ਤੋਂ ਪਤਾ ਲਗਦਾ ਹੈ ਕਿ ਵੱਡੇ ਵਿਦਵਾਨ ਪੁਰਸ਼ ਆਏ ਨੇ। ਲੇਕਿਨ ਉਦਾਸੀ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਜਿੰਨਾਂ ਸ਼ਾਇਦ ਹੀ ਸੰਸਾਰ ਤੇ ਕੋਈ ਦੁਖੀ ਹੋਵੇ ਤੇ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਆਪ ਨੇ ਸਾਰੀ ਅਰਜ਼ ਉਨ੍ਹਾਂ ਦੀ ਸੁਣੀ ਤੇ ਆਪ ਗੰਭੀਰ ਹੋਏ ਬੈਠੇ ਨੇ, ਓਸ ਵੇਲੇ ਅਚਾਨਕ ਖੇਲ੍ਹਦੇ-ਖੇਲ੍ਹਦੇ ਆ ਕੇ ਇਸ ਚੁੱਪ ਨੂੰ ਤੋੜਨ ਵਾਸਤੇ ਗੁਰੂ ਮਹਾਰਾਜ ਨੇ ਪਿਛਲੇ ਪਾਸੇ ਦੀ ਹੋ ਕੇ ਗੁਰੂ ਤੇਗ ਬਹਾਦਰ ਸਾਹਿਬ ਦੇ ਗਲ ਵਿਚ ਦੋਹੇਂ ਬਾਹਾਂ ਪਾ ਲਈਆਂ। ਜਦ ਸਾਵਧਾਨ ਹੋਏ ਦੇਖਿਆ। ਕੋਈ ਮਾਮੂਲੀ ਪੁੱਤਰ ਨਹੀਂ ਸੀ, ਗੁਰੂ ਤੇਗ ਬਹਾਦਰ ਸਾਹਿਬ ਨੇ, ਜਦੋਂ ਜਨਮ ਲਿਆ ਇਨ੍ਹਾਂ ਨੇ ਓਸ ਵੇਲੇ ਆਤਮ ਦਾਸ ਇਕ ਵੱਡਾ ਸੰਤ ਗੁਰੂ ਮਹਾਰਾਜ ਕੋਲ ਆਸਾਮ ਵਿਚ ਸੀਗਾ, ਆਹ ਧੋਬੜੀ-ਘਾਟ ਕੋਲ ਸੀਗਾ, ਉਥੇ ਜਦੋਂ ਖੁਸ਼ੀਆਂ ਮਨਾਈਆਂ ਜਾ ਗਈਆਂ ਸੀ, ਉਹ ਕਹਿਣ ਲੱਗੇ, ਮਹਾਰਾਜ ਅੱਜ ਤੁਸੀਂ ਐਨੀ ਖੁਸ਼ੀ ਮਨਾ ਰਹੇ ਓਂ, ਰਾਜੇ ਖੁਸ਼ੀ ਮਨਾ ਰਹੇ ਨੇ, ਕਾਰਨ ਕੀ ਹੈ? ਉਹ ਕਹਿਣ ਲੱਗੇ, ਸੰਤ ਜੀ! ਅੱਜ ਸਾਡੇ ਗ੍ਰਹਿ ਵਿਚ ਗੁਰੂ ਅਵਤਾਰ ਪ੍ਰਗਟ ਹੋਏ ਨੇ, ਧੁਰ ਤੋਂ ਨਿਵਾਜੇ ਨੇ। ਉਨ੍ਹਾਂ ਨੂੰ ਕਿਸੇ ਤਪ ਨੂੰ ਕਰਨ ਦੀ ਲੋੜ ਨਹੀਂ ਪੈਣੀ, ਸਾਧਨਾ ਵਿਚ ਪੈਣ ਦੀ ਲੋੜ ਨਹੀਂ ਪੈਣੀ, ਧੁਰ ਤੋਂ ਹੀ ਪੂਰੇ ਆਏ ਨੇ ਤੇ ਜੇ ਮੈਂ ਐਉਂ ਕਹਿ ਦੇਵਾਂ ਅਕਾਲ ਪੁਰਖ ਆਪ ਹੀ manifest ਹੋ ਕੇ ਸਾਕਾਰ ਰੂਪ ਧਾਰ ਕੇ ਮਨੁਖ ਦੇ ਜਾਮੇ 'ਚ ਆਏ ਨੇ। ਇਹ ਵੀ ਗੱਲ ਠੀਕ ਹੈ। ਓਸ ਵੇਲੇ ਉਹਨੇ ਬੇਨਤੀ ਕੀਤੀ ਕਿ ਫੇਰ ਪਾਤਸ਼ਾਹ ਮੈਨੂੰ ਦਰਸ਼ਨ ਕਰਨ ਦੀ ਆਗਿਆ ਦਿਓ। ਕਹਿੰਦੇ ਦਰਸ਼ਨ ਤੈਨੂੰ ਹੋਣਗੇ, ਅੱਜ ਤੋਂ 43 ਸਾਲ ਬਾਅਦ, ਉਹ ਦੱਖਣ ਨੂੰ ਜਾਂਦੇ ਹੋਣਗੇ, ਤੇ ਤੂੰ ਉਥੇ ਦਰਸ਼ਨ ਕਰੇਂਗਾ ਬੁਰਹਾਨਪੁਰ ਦੇ ਅੰਦਰ ਨਾਲੇ ਸੇਵਾ ਕਰੇਂਗਾ। 43 ਸਾਲ ਬਾਅਦ ਦਰਸ਼ਨ ਹੋਏ ਉਸ ਨੂੰ।

ਸੋ ਗੁਰੂ ਮਹਾਰਾਜ ਤਾਂ ਸਭ ਕੁਛ ਜਾਣਦੇ ਸੀ। ਉਸ ਵੇਲੇ ਆਪ ਨੇ ਕਿਹਾ ਪਿਤਾ ਜੀ! ਐਨੀ ਗੰਭੀਰ ਅਵਸਥਾ ਕਿਉਂ ਹੈ? ਇਹ ਲੋਕ ਕੌਣ ਨੇ? ਕਹਿਣ ਲੱਗੇ, ਗੋਬਿੰਦ ਰਾਏ ਇਹ ਬਹੁਤ ਦੁਖੀ ਨੇ, ਜ਼ਬਰਦਸਤੀ ਇਨ੍ਹਾਂ ਦਾ ਧਰਮ ਬਦਲਿਆ ਜਾ ਰਿਹਾ ਹੈ। ਇਹ ਵਿਦਵਾਨ ਪੁਰਸ਼ ਨੇ ਤੇ ਇਹ ਆਪਣੇ ਧਰਮ ਦੀ ਰਾਖੀ ਵਾਸਤੇ ਆਏ ਨੇ। ਕਹਿੰਦੇ ਇਨ੍ਹਾਂ 'ਚ ਕੋਈ ਨਹੀਂ ਹੈ ਜਿਹੜਾ ਆਪਣੇ ਧਰਮ ਦੀ ਰਾਖੀ ਕਰ ਲਵੇ। ਭਾਰਤ ਵਰਸ਼ ਵਿਚ ਕੋਈ ਬੰਦਾ ਐਸਾ ਨਹੀਂ ਜਿਹੜਾ ਇਨ੍ਹਾਂ ਦੇ ਧਰਮ ਦੀ ਰਾਖੀ ਕਰ ਦੇਵੇ? ਸੈਂਕੜੇ ਰਾਜੇ ਨੇ ਵੱਡੇ-ਵੱਡੇ, ਵੱਡੇ-ਵੱਡੇ ਸਟੇਟਾਂ ਦੇ ਮਾਲਕ ਨੇ ਤੇ ਕੋਈ ਇਕ ਨਹੀਂ, ਵੱਡੇ-ਵੱਡੇ ਇਨ੍ਹਾਂ ਦੇ ਸਾਧੂ ਨੇ, ਕੋਈ ਨਹੀਂ ਕਰ ਸਕਦਾ? ਕਹਿੰਦੇ, ਨਹੀਂ, ਸਭ ਪਾਸਿਓਂ ਹਾਰ ਕੇ ਆਏ ਨੇ, ਤੇ ਕਹਿੰਦੇ ਇਨ੍ਹਾਂ ਦੇ ਐਨੇ ਦੇਵਤੇ ਨੇ, ਮੰਦਰਾਂ ਦੇ ਵਿਚ ਟੱਲ ਵਜਦੇ ਨੇ, ਵੱਡੇ-ਵੱਡੇ ਮੰਦਰ ਬਣਾਏ ਹੋਏ ਨੇ ਤੇ ਉਨ੍ਹਾਂ ਨੂੰ ਭੋਗ ਲਵਾਉਂਦੇ ਨੇ, ਕਹਿੰਦੇ ਨੇ ਕਿ ਸਾਡੇ ਦੇਵਤੇ ਪ੍ਰਤੱਖ ਨੇ। ਉਨ੍ਹਾਂ ਦੇਵਤਿਆਂ ਦੀ ਆਰਾਧਨਾ ਕਰਕੇ ਆਪਣੀ ਰਾਖੀ ਨਹੀਂ ਕਰਾ ਸਕਦੇ, ਧਰਮ ਨਹੀਂ

ਬਚਾ ਸਕਦੇ, ਕਹਿੰਦੇ ਨਹੀਂ, ਕਿਸੇ ਦੇਵਤੇ ਨੇ ਰਾਖੀ ਨਹੀਂ ਕਰੀ, ਸਗੋਂ ਦੇਵ ਮੰਦਰ ਤੋੜ-ਤੋੜ ਕੇ ਪੈਰਾਂ ਦੇ ਵਿਚ ਲਾ ਦਿਤੇ ਗਏ ਨੇ, ਨੀਹਾਂ ਦੇ ਵਿਚ ਚਿਣ ਦਿਤੇ ਗਏ ਨੇ, ਮੂਰਤੀਆਂ ਚਿਣ ਦਿਤੀਆਂ ਗਈਆਂ ਨੇ, ਕੋਈ ਦੇਵਤਾ ਟਸ ਤੋਂ ਮਸ ਨਹੀਂ ਕਿਸੇ ਨੇ ਕਰੀ। ਕਹਿੰਦੇ ਹੁਣ ਪਿਤਾ ਜੀ! ਤੁਸੀਂ ਕੀ ਸੋਚ ਰਹੇ ਓਂ? ਕਹਿੰਦੇ, ਪੁੱਤਰ ਐਸ ਵੇਲੇ ਕੋਈ ਪੂਰਨ ਸੰਤ ਹੋਵੇ, ਉਹ ਆਪਣੀ ਕੁਰਬਾਨੀ ਦੇਵੇ ਤਾਂ ਇਹ ਧਰਮ ਠਹਿਰ ਸਕਦਾ ਹੈ, ਨਹੀਂ ਤਾਂ ਧਰਮ ਦਾ ਪਹਾੜ ਐਨੇ ਜ਼ੋਰ ਨਾਲ ਰੁੜ੍ਹਿਆ ਆ ਰਿਹਾ ਹੈ, ਕਿ ਇਕ ਹਿੰਦ ਸਾਰਾ ਜਿਹੜਾ ਹੈ ਇਹ ਧਰਮ ਤੋਂ ਹੀਣ ਹੋ ਜਾਏਗਾ। ਕੋਈ ਨਹੀਂ ਰਹੇਗਾ, ਸੋ ਅਸੀਂ ਇਸ ਚੀਜ਼ ਦੀ ਵਿਚਾਰ ਕਰ ਰਹੇ ਹਾਂ। ਕਹਿੰਦੇ, ਪਿਤਾ ਜੀ! ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ -

ਕੋਇ ਨ ਥੰਮੈ ਸਾਧ ਬਿਨ
ਸਾਧ ਨ ਦਿਸੈ ਜਗਿ ਵਿਚ ਕੋਆ।

ਪੂਰਨ ਸਾਧਾਂ ਦੀ ਅਣਹੋਂਦ ਹੋ ਗਈ ਸੀ। ਗੁਰੂ ਨਾਨਕ ਨੇ ਸਾਧ ਬਣਾਏ ਇਥੇ ਆ ਕੇ, ਸੰਤ ਬਣਾਏ ਤੇ ਤੁਸੀਂ ਗੁਰੂ ਨਾਨਕ ਆਪ ਹੋਂ, ਤੁਹਾਡੇ ਨਾਲੋਂ ਵੱਡਾ ਤਾਂ ਕੋਈ ਹੋਰ ਹੋ ਨਹੀਂ ਸਕਦਾ, ਤੇ ਤੁਸੀਂ ਜਾਓ ਜਾ ਕੇ ਆਪਣਾ ਬਲੀਦਾਨ ਦਿਓ, ਐਨੇ ਜਦ ਬਚਲ ਸੁਣੇ, ਮਹਾਰਾਜ ਜੀ ਨੇ ਛਾਤੀ ਨਾਲ ਲਾ ਲਏ, ਘੁੱਟ ਕੇ ਪਿਆਰ ਕਰਿਆ। ਕਹਿਣ ਲੱਗੇ, ਠੀਕ ਹੈ, ਤੂੰ ਅਜੇ ਬੱਚਾ ਹੈਂ? ਕਹਿਣ ਲੱਗੇ, ਪਿਤਾ ਜੀ! ਜਦ ਮੈਂ ਮਾਂ ਦੇ ਪੇਟ 'ਚ ਸੀ, ਉਥੇ ਵੀ ਮੇਰੀ ਰਾਖੀ ਹੁੰਦੀ ਸੀ, ਜਦ ਮੈਂ ਬਾਹਰ ਆਇਆ ਤਾਂ ਮੇਰੇ ਦੰਦ ਨਹੀਂ ਸੀ ਆਏ, ਦੁੱਧ ਉਸ ਵੇਲੇ ਪ੍ਰਮੇਸ਼ਰ ਨੇ ਪੈਦਾ ਕਰਿਆ ਤੇ ਹੁਣ ਜਦ ਮੈਂ ਨੌਂ ਸਾਲ ਦਾ ਹੋ ਗਿਆ, ਹੁਣ ਤਾਂ ਉਹ ਆਪ ਹੀ ਮੇਰੇ ਨਾਲ ਹੈ ਤੁਸੀਂ ਕਾਹਦਾ ਫਿਕਰ ਕਰਦੇ ਓਂ। ਸੋ ਪਿਤਾ ਨੂੰ ਸ਼ਹੀਦੀ ਵਾਸਤੇ ਹੱਸ ਕੇ ਭੇਜ ਦਿਤਾ। ਸ਼ਹੀਦੀ ਹੋ ਜਾਂਦੀ ਹੈ। ਉਸ ਤੋਂ ਬਾਅਦ ਗੁਰੂ ਮਹਾਰਾਜ ਗੱਦੀ 'ਤੇ ਬੈਠਦੇ ਨੇ, ਉਮਰ ਛੋਟੀ ਹੈ, ਮਸੰਦਾਂ ਦੀ ਪੂਜਾ ਦਾ ਧਾਨ ਖਾ-ਖਾ ਕੇ ਮਤ ਮਾਰੀ ਗਈ ਸੀ। ਜੇ ਤਾਂ ਪੂਜਾ ਖਾਣ ਵਾਲਾ ਪੁਰਸ਼ ਭਜਨ ਕਰੇ, ਬੰਦਗੀ ਕਰੇ, ਸੇਵਾ ਕਰੇ ਤਾਂ, ਤਾਂ ਬਚਿਆ ਕਰਦਾ ਹੈ, ਨਹੀਂ ਤਾਂ ਕਹਿੰਦੇ-

ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ।।
ਭਾਈ ਗੁਰਦਾਸ ਜੀ, ਵਾਰ ੩੫/੧੨

ਜਿਵੇਂ ਵਿਹੁ ਦੇ ਕੈਪਸੂਲ ਖਾਂਦਾ ਹੈ, ਐਉਂ ਉਹ ਖਾਂਦਾ ਹੈ। ਇਸ ਤਰ੍ਹਾਂ ਉਹ ਖਾਣ ਲਗ ਗਏ ਸੀ। ਸੰਗਤਾਂ ਨੇ ਗੁਰੂ ਵਾਸਤੇ ਲਿਆਣਾ, ਰਾਹ ਵਿਚ ਆਪਣੇ ਵਾਸਤੇ ਹੀ ਰੱਖ ਲੈਣਾ, ਆਪਣੀ ਐਸ਼-ਇਸ਼ਰਤ ਵਧ ਗਈ। ਬੜੇ-ਬੜੇ ਰੇਸ਼ਮੀ ਕੱਪੜੇ, ਕੀਮਤੀ ਗਹਿਣੇ, ਹੀਰੇ ਜਵਾਹਾਰਾਤ ਪਹਿਨਣੇ ਸ਼ੁਰੂ ਕਰ ਦਿਤੇ, ਕਲਗੀਆਂ ਲਾਉਣੀਆਂ ਸ਼ੁਰੂ ਕਰ ਦਿਤੀਆਂ। ਵਿਸ਼ੇ-ਵਿਕਾਰਾਂ 'ਚ ਪੈ ਗਏ, ਵੇਸਵਾਵਾਂ ਰੱਖਣੀਆਂ ਸ਼ੁਰੂ ਕਰ ਦਿਤੀਆਂ। ਪੂਰਨ ਤੌਰ ਦੇ ਉਤੇ ਨਿਹਚਾ ਡੋਲ ਗਿਆ ਤੇ ਜਿਹੜਾ ਧਰਮਸਾਲਾ ਦੀਆ ਰੋਟੀਆਂ ਕਰਿਆਂ ਕਰਦੀਆ ਨੇ -

ਧਰਮਸਾਲਾਂ ਦੀਆਂ ਰੋਟੀਆਂ ਤਿਨ ਕੰਮ ਕਰੇਨਿ।
ਹਡ ਗਾਲਣ, ਮਤ ਮਾਰਨ, ਭਜਨ ਕਰਨ ਨ ਦੇਨਿ।

ਉਹ ਪੂਰੀ ਤਰ੍ਹਾਂ ਮਸੰਦਾਂ ਦੇ ਉਤੇ ਅਸਰ ਛਾ ਗਿਆ। ਮਾਇਆ ਫੈਲ ਗਈ ਉਨ੍ਹਾਂ ਦੇ ਉਤੇ, ਉਨ੍ਹਾਂ ਦੇ ਮਨ ਵਿਚ ਇਹ ਨਿਹਚਾ ਹੋ ਗਿਆ ਕਿ ਗੁਰੂ ਨੂੰ ਗੁਰੂ ਬਣਾਉਣਾ ਤਾਂ ਸਾਡੇ ਹੱਥ ਹੈ। ਅਸੀਂ ਇਲਾਕੇ ਦੇ ਮਸੰਦ ਹਾਂ, ਸਾਰੀ ਸੰਗਤ ਸਾਡੇ ਹੱਥ ਵਿਚ ਹੁੰਦੀ ਹੈ ਤੇ ਜਿਹਨੂੰ ਜੀਅ ਕਰੇ ਗੁਰੂ ਬਣਾ ਲਵਾਂਗੇ, ਗੁਰੂਆਂ 'ਚ ਕੋਈ ਖਾਸ ਗੱਲ ਹੁੰਦੀ ਹੈ? ਜੇ ਗੁਰੂ 'ਚ ਸ਼ਕਤੀ ਹੁੰਦੀ ਤਾਂ ਔਰੰਗਜ਼ੇਬ ਦਾ ਸੀਸ ਕਿਵੇਂ ਕੱਟ ਦਿੰਦੀ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਸੀ ਪਿਆਰਿਓ! -

ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ।

ਉਹ ਤਾਂ ਸਮਰੱਥ ਸੀ ਇਕ ਬਚਨ ਕਰਕੇ ਸਭ ਕੁਛ ਕਰ ਦਿੰਦੇ ਲੇਕਿਨ ਨਾਟਕ ਚੇਟਕ ਸਤਿਪੁਰਸ਼ ਦਿਖਾਇਆ ਨਹੀਂ ਕਰਦੇ। ਨਿਹਚਾ ਨਹੀਂ ਸੀ ਆ ਰਿਹਾ ਉਨ੍ਹਾਂ ਨੂੰ ਗੁਰੂ ਮਹਾਰਾਜ 'ਤੇ, ਕਿੰਨੇ ਕੌਤਕ ਮਹਾਰਾਜ ਨੇ ਦਿਖਾਏ ਤੇ ਅੱਜ ਦੀਵਾਨ ਲਗਿਆ ਹੋਇਆ, ਉਹਦੇ ਵਿਚ ਗੁਰੂ ਮਹਾਰਾਜ ਜੀ ਬਹੁਤ ਕਿਸਮ ਦੇ ਬਚਨ ਕਰ ਰਹੇ ਨੇ। ਕੁਛ ਥੋੜ੍ਹੇ-ਥੋੜ੍ਹੇ ਹਾਸੇ ਦੇ ਵੀ ਬਚਨ ਚਲਣ ਲਗ ਗਏ, ਹਲਕਾ-ਹਲਕਾ ਹਾਸਾ ਉਪਦੇਸ਼ ਦੇਣ ਦੇ ਵਾਸਤੇ। ਸਤਿਪੁਰਸ਼ ਜਦ ਹਸਦੇ ਨੇ ਉਪਦੇਸ਼ ਦਿੰਦੇ ਨੇ। ਛੋਟੇ ਮਹਾਰਾਜ ਜੀ (ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਨਾਲੇ ਹਸੀ ਜਾਂਦੇ ਸੀ, ਨਾਲੇ ਉਪਦੇਸ਼ ਦੇਈ ਜਾਣਾ ਬੜੀ ਡੂੰਘੀ ਤੋਂ ਡੂੰਘੀ ਗੱਲ, ਹੱਸ ਕੇ ਕਹਿ ਦੇਣੀ। ਸੋ ਐਸਾ ਮਾਹੌਲ ਦੇਖ ਇਕ ਮਦਾਰੀ ਆ ਗਿਆ, ਰਿੱਛ ਵਾਲਾ। ਬੜਾ ਵੱਡਾ ਰਿੱਛ ਹੈ ਉਹਦੇ ਕੋਲ। ਆ ਕੇ ਤਮਾਸ਼ਾ ਦਿਖਾਉਣ ਲਗ ਗਿਆ। ਉਸ ਵੇਲੇ ਮਹਾਰਾਜ ਦੀ ਗਿਆਰ੍ਹਾਂ ਸਾਲ ਦੀ ਉਮਰ ਸੀ। 1734 ਸੰਮਤ ਸੀ ਉਸ ਵੇਲੇ ਤੇ ਉਹ ਕੁਸ਼ਤੀਆਂ ਦਿਖਾ ਰਿਹਾ ਹੈ, ਕਦੇ ਥੱਲੇ ਆ ਜਾਂਦਾ ਹੈ ਮਦਾਰੀ, ਕਦੇ ਰਿੱਛ ਆ ਜਾਂਦਾ ਹੈ। ਬੜੀ ਦੇਰ ਇਸ ਤਰ੍ਹਾਂ ਕਰਦੇ ਦੋਵੇਂ ਗਰਮੀ-ਗਰਮੀ ਹੋ ਗਏ। ਸਾਰੇ ਦੇਖ-ਦੇਖ ਕੇ ਹੱਸ ਰਹੇ ਨੇ। ਐਨੇ ਨੂੰ ਜਿਹੜਾ ਚੌਰ ਬਰਦਾਰ ਸੀ, ਭਾਈ ਕੀਰਤੀਆ, ਉਹ ਵੀ ਹਸਦਾ ਹੈ, ਮਹਾਰਾਜ ਨੇ ਐਉਂ ਉਪਰ ਨੂੰ ਦੇਖਿਆ, ਕਹਿੰਦੇ ਕੀਰਤੀਆ! ਪਛਾਣਦਾ ਹੈਂ ਕਿ ਐਵੇਂ ਹੀ ਹੱਸੀ ਜਾਂਦਾ ਹੈਂ?

ਕਹਿੰਦਾ, ਰਿੱਛ ਨੂੰ ਦੇਖ ਕੇ ਹੱਸਦਾ ਹਾਂ। ਮੈਨੂੰ ਤਾਂ ਪਛਾਣ ਨਹੀਂ ਹੈ।

ਕਹਿੰਦੇ, ਤੂੰ ਨਾ ਹੱਸ, ਬਾਕੀਆ ਨੂੰ ਹੱਸ ਲੈਣ ਦੇ।

ਕਹਿੰਦਾ ਮਹਾਰਾਜ ਮੈਂ ਕਿਉਂ ਨਾ ਹੱਸਾਂ?

ਕਹਿਣ ਲੱਗੇ, ਤੇਰਾ ਬਾਪੂ ਹੈ ਇਹ।

ਕਹਿੰਦਾ, ਮੇਰਾ ਪਿਤਾ? ਮੇਰਾ ਪਿਤਾ ਤਾਂ ਗੁਰੂ ਨੌਂਵੇਂ ਪਾਤਸ਼ਾਹ ਦਾ ਚੌਰ ਬਰਦਾਰ ਸੀ, ਸੇਵਾ ਕਰਦਾ ਸੀ ਤੇ ਮੇਰਾ ਪਿਤਾ ਚੌਰ ਬਰਦਾਰ ਹੋ ਕੇ ਰਿੱਛ ਬਣਦਾ ਹੈ ਤਾਂ ਫੇਰ ਮੈਂ ਤੁਹਾਡੀ ਸੇਵਾ ਕਰਦਾ ਹਾਂ ਮੈਂ ਫੇਰ ਬਾਂਦਰ ਬਣ ਜਾਵਾਂਗਾ। ਫੇਰ ਗੁਰੂਆਂ ਦੀ ਸੇਵਾ ਕਰਨ ਦਾ ਕੀ ਫਲ ਹੋਇਆ? ਮਹਾਰਾਜ ਕਹਿੰਦੇ ਭਾਈ ਕੀਰਤੀਆ! ਗੁਰੂ ਨਾਨਕ ਸਾਹਿਬ ਨੇ ਤਾਂ ਸਾਰਾ ਕੁਛ ਖੋਲ੍ਹ ਕੇ ਦੱਸਿਆ ਹੋਇਆ ਹੈ ਬਈ ਜੇ ਸੇਵਾ, ਸੇਵਾ ਦੇ ਤੌਰ ਤੇ ਕੀਤੀ

ਜਾਵੇ ਤਾਂ ਇਥੇ ਵੀ ਮਾਣ ਮਿਲਦਾ ਹੈ, ਦਰਗਾਹ ਵਿਚ ਵੀ ਮਾਣ ਮਿਲਦਾ ਹੈ -

ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,
ਸੇਵਾ ਕਰਕੇ ਮਾਣ ਪਾਈਦੈ।

ਦੇਖ ਭਾਈ ਕੀਰਤੀਆ! ਗੁਰੂ ਨਾਨਕ ਇਹ ਕਹਿੰਦੇ ਨੇ ਕਿ -

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬

ਇਹ ਠੀਕ ਹੈ ਸੇਵਾ ਕਰਨ ਵਾਲੇ ਨੂੰ ਐਥੇ ਵੀ ਮਾਣ। ਲੇਕਿਨ ਸੇਵਾ, ਸੇਵਾ ਕਰਨ ਵਿਚ ਫਰਕ ਹੈ। ਜੇ ਤਾਂ ਬੱਧਾ ਚੱਟੀ ਕਰਦਾ ਹੈ, ਜਾਂ ਏਸ ਕਰਕੇ ਕਰਦਾ ਹੈ ਕਿ ਬਾਬਾ ਜੀ! ਨਾਰਾਜ਼ ਨਾ ਹੋ ਜਾਣ, ਦੇਖਦੇ ਨੇ ਸੇਵਾ ਕਰਾਂ। ਉਹ ਤਾਂ ਸੇਵਾ ਹੋਰ ਚੀਜ਼ ਹੈ। ਇਕ ਆਪੇ ਹੀ ਜਾਂਦਾ ਹੈ, ਆਪਣੇ ਆਪ ਹੀ ਸੇਵਾ ਕਰਨ ਕਿ ਮੈਂ ਹੁਣ ਸੇਵਾ ਕੀ ਕਰਾਂ। ਇਥੇ ਬੀਬੀਆਂ ਆਉਂਦੀਆਂ ਨੇ। ਭਾਈ ਬੀਮਾਰੀ ਹਟ ਜਾਏਗੀ, ਸੇਵਾ ਕਰੋ। ਗੁਰੂ ਪ੍ਰਸੰਨ ਹੋ ਜਾਏਗਾ, ਕਈ ਵਾਰੀ ਮੈਂ ਦੇਖਦਾ ਹਾਂ, ਮੈਨੂੰ ਪਤਾ ਲਗ ਜਾਂਦਾ ਹੈ ਕਿ ਇਹ ਦਿਲੋਂ ਸੇਵਾ ਨਹੀਂ ਕਰਦੀ ਬੱਸ ਰਾਜ਼ੀ ਹੋਣ ਵਾਸਤੇ ਹੀ ਕਰਦੀ ਹੈ। ਸੇਵਾ ਹੋਰ ਚੀਜ਼ ਹੁੰਦੀ ਹੈ, ਉਥੇ ਨੱਠ-ਨੱਠ ਕੇ ਪੈਂਦਾ ਹੈ ਬੰਦਾ। ਕਈ ਐਸੇ ਵੀ ਹੁੰਦੇ ਨੇ ਉਹ ਮੂੰਹ ਮਲਾਜ਼ਾ ਰੱਖਣ ਵਾਸਤੇ ਸੇਵਾ ਕਰਦੇ ਨੇ।

ਵਿਚਿ ਹਉਮੈ ਸੇਵਾ ਥਾਇ ਨ ਪਾਏ ॥
ਜਨਮਿ ਮਰੈ ਫਿਰਿ ਆਵੈ ਜਾਏ ॥ ਅੰਗ - ੧੦੭੧

ਹੁਣ ਇਹਨੂੰ ਕੌਣ ਟਾਲ ਦਏਗਾ। ਸਤਿਗੁਰੂ ਦੀ ਸੇਵਾ ਤਾਂ ਸਫਲ ਹੈ। ਕਹਿੰਦੇ ਓਹਦੀ ਸਫਲ ਹੈ -

ਸਤਿਗੁਰ ਕੀ ਸੇਵਾ ਸਫਲ ਹੈ
ਜੇ ਕੋ ਕਰੇ ਚਿਤੁ ਲਾਇ ॥ ਅੰਗ - ੫੫੨

ਜਿਹੜਾ ਚਿੱਤ ਲਾ ਕੇ ਕਰਦਾ ਹੈ ਤੇ ਨਿਮਾਣਾ ਹੋ ਕੇ ਕਰਦਾ ਹੈ ਤੇ ਸ਼ੁਕਰ 'ਚ ਰਹਿੰਦਾ ਹੈ ਕਿ ਹੇ ਸੱਚੇ ਪਾਤਸ਼ਾਹ! ਤੂੰ ਮੈਨੂੰ ਸੇਵਾ ਕਰਨ ਦਾ ਬਲ ਬਖਸ਼ ਦਿਤਾ, ਮਨੁੱਖ ਜਾਮੇ 'ਚ। ਬਣ ਕੇ ਨਹੀਂ ਕਰਦਾ, ਜਿਹੜਾ ਬਣ ਕੇ ਕਰਦਾ ਹੈ, ਮਹਾਰਾਜ ਕਹਿੰਦੇ ਉਹ ਤਾਂ ਨਹੀਂ ਸੇਵਕ ਹੈਗਾ। ਬਾਕੀ ਉਹ ਤਾਂ ਬਾਤਾਂ-ਚੀਤਾਂ ਨੇ, ਬਾਤਾਂ-ਚੀਤਾਂ ਨੂੰ ਤਾਂ ਮਹਾਰਾਜ ਐਉਂ ਫੁਰਮਾਉਂਦੇ ਨੇ-

ਧਾਰਨਾ - ਗੱਲਾਂ ਵਾਲੇ ਹੈਨ ਘਨੇਰੇ
ਚਾਕਰ ਕੋਈ-ਕੋਈ ਹੈ।

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ
ਲਗਾ ਸੋ ਪਰਵਾਨੁ ॥ ਅੰਗ - ੪੭੪

ਮਹਾਰਾਜ ਕਹਿਣ ਲੱਗੇ, ਗੱਲਾਂ ਵਾਲੀ ਦੁਨੀਆਂ ਬੇਅੰਤ ਹੈ। ਲੇਕਿਨ ਸੱਚੇ ਦਿਲ ਦਾ ਚਾਕਰ ਹੋਣਾ ਬਹੁਤ ਮੁਸ਼ਕਲ ਹੈ।ਸੇਵਾਦਾਰ ਹੋਣਾ ਬਹੁਤ ਮੁਸ਼ਕਲ ਹੈ। ਕਹਿੰਦੇ ਉਹ ਹੁੰਦਾ ਹੈ ਜਿਹੜਾ ਜਿਹੜਾ ਸਿਰ ਦੀ ਪਰਵਾਹ ਨਾ ਕਰੇ।ਇਥੇ ਮੇਰੇ ਕੋਲ ਆਇਆ ਬੱਚਾ, ਕਹਿੰਦਾ ਜੀ ਵਾਹਿਗੁਰੂ ਮੰਤਰ ਦੀ ਰੌਲ 'ਤੇ ਬੈਠਣ ਨੂੰ ਕੋਈ ਬੀਬੀ ਤਿਆਰ ਨਹੀਂ ਹੋ ਰਹੀ, ਕੋਈ ਭਾਈ ਨਹੀਂ ਤਿਆਰ ਹੋ ਰਿਹਾ। ਮੈਂ ਕਿਹਾ ਕਮਾਲ ਹੈ, ਇਹ ਤਾਂ ਬੀਮਾਰ ਹੋ ਜਾਣਗੇ ਸਾਰੇ। ਇਹ ਤਾਂ ਅਸੀਂ ਕਰਿਆ ਹੀ ਤਾਂ ਹੈ ਕਿ ਗੁਰਦੁਆਰੇ ਦੇ ਪ੍ਰਸ਼ਾਦੇ ਛਕ ਕੇ ਭਜਨ ਵੀ ਬਰਾਬਰ ਦਾ ਹੁੰਦਾ ਰਹੇ ਪਰ ਇਹ ਗੱਲ ਕੀ ਇਨ੍ਹਾਂ ਨੂੰ ਸਮਝ ਵਿਚ ਹੀ ਨਹੀਂ ਪਈ। ਵਾਹਿਗੁਰੂ-ਵਾਹਿਗੁਰੂ ਕਰਨ ਤੋਂ ਹੀ ਟਲਦੇ ਨੇ। ਮੈਂ ਕਿਹਾ ਜਾਹ, ਜਿਹੜੀ ਬੀਬੀ ਨੂੰ ਕਹੇਂਗਾ ਜੇ ਉਹਨੇ ਨਾਂਹ ਕਰੀ, ਮੇਰੇ ਕੋਲ ਲੈ ਕੇ ਆਈਂ। ਫੇਰ ਉਹਨੇ ਜਾ ਕੇ ਕਿਹਾ, ਫੇਰ ਉਹ ਆਇਆ ਨਹੀਂ।

ਇਹ ਮੈਂ ਤਾਂ ਕਰਦਾ ਹਾਂ ਇਥੇ ਵਾਲਿਆਂ ਨਾਲ ਗੱਲ ਕਿ ਇਹ ਸੇਵਾਦਾਰ ਕਹਾਉਂਦੇ ਨੇ, ਘਰ-ਬਾਰ ਛੱਡੇ ਨੇ, ਫੇਰ ਸਹੀ ਸੇਵਾ ਵਾਲਾ ਹੋਣਾ ਚਾਹੀਦਾ ਹੈ। ਜੇ ਤਾਂ ਐਡਾ ਸ਼ੌਕ ਹੋਵੇ ਫੇਰ ਤਾਂ ਠੀਕ ਹੈ। ਨਹੀਂ ਤਾਂ ਘਰ ਹੀ ਰਹੋ ਆਪਣੇ, ਜਿਥੇ ਦੁਨੀਆਂ ਰੋਂਦੀ-ਕੁਰਲਾਉਂਦੀ ਹੈ ਉਥੇ ਆਪ ਕਰੀ ਜਾਓ, ਵਿਚੇ ਗੁਜ਼ਾਰਾ ਸਭ ਦਾ ਹੋਈ ਜਾਣਾ ਹੈ। ਜੇ ਗੁਰੂ ਦੇ ਦਰ ਤੇ ਆਉਣਾ ਹੈ ਤਾਂ ਗੁਰੂ ਦਾ ਦਰਬਾਰ ਕੁਛ ਹੋਰ ਤਰ੍ਹਾਂ ਦਾ ਹੈ ਉਹ ਤਾਂ ਕਹਿੰਦਾ ਹੈ ਕਿ-

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ
ਤਉ ਆਉ ਹਮਾਰੈ ਪਾਸਿ ॥ ਅੰਗ - ੧੧੦੨

ਰੇਣੁਕਾ ਬਣ ਕੇ ਆ। ਮਹਾਰਾਜ ਕਹਿੰਦੇ, ਸੇਵਾ, ਸੇਵਾ 'ਚ ਭਾਈ ਕੀਰਤੀਆ ਫਰਕ ਹੈ। ਤੇਰਾ ਪਿਓ ਸੇਵਾ ਤਾਂ ਕਰਦਾ ਸੀ, ਚੌਰ ਬਰਦਾਰ ਸੀ, ਹਰ ਵਕਤ ਗੁਰੂ ਦੇ ਕੋਲ ਰਹਿੰਦਾ ਸੀ। ਪਰ ਉਹਦੇ ਮਨ ਵਿਚ ਅਭਿਮਾਨ ਬੜਾ ਸੀ, ਬਈ ਮੈਂ ਗੁਰੂ ਦਾ ਚੌਰੀ ਹਾਂ। ਕਹਿੰਦਾ ਮਹਾਰਾਜ ਜੀ! ਗੱਲ ਕੀ ਹੋਈ ਆਪ ਖੋਲ੍ਹ ਕੇ ਦੱਸੋ। ਆਪ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ ਦੀਵਾਨ ਦਾ ਭੋਗ ਪਿਆ ਤੇ ਮਹਾਰਾਜ ਜੀ ਅਜੇ ਬੈਠੇ ਹੀ ਨੇ ਕਿ ਤੇਰਾ ਪਿਤਾ ਪ੍ਰਸ਼ਾਦ ਵੰਡਣ ਲਗ ਗਿਆ। ਪ੍ਰਸ਼ਾਦ ਵੰਡਦੇ-ਵੰਡਦੇ ਓਥੇ ਇਕ ਕਿਸਾਨ ਦਸਵੰਧ ਲਈ ਆਉਂਦਾ ਸੀ ਤੇ ਉਹਨੇ ਅੱਗੇ ਜਾਣਾ ਸੀ। ਗੱਡਾ ਰੋਕ ਲਿਆ ਤੇ ਮਨ ਵਿਚ ਹੋਇਆ ਕਿ ਭੋਗ ਲਗਿਆ ਹੋਇਆ ਹੈ ਗੁਰੂ ਦਾ। ਜਦੋਂ ਭੋਗ ਲਗ ਗਿਆ, ਸ਼ੀਤ ਪ੍ਰਸ਼ਾਦ ਜਿਹੜਾ ਗੁਰੂ ਦਾ ਖਾ ਲਏਗਾ ਉਹਦਾ ਤਾਂ ਤਨ ਮਨ ਸਭ ਨਿਰਮਲ ਹੋ ਜਾਣਾ ਹੈ। ਗੁਰੂ ਦਾ ਸ਼ੀਤ ਪ੍ਰਸ਼ਾਦ ਕਿਤੇ ਮਿਲਦਾ ਹੈ। ਬਈ ਹੋਵੇ ਨਾ ਤਾਂ ਮੈਂ ਭਾਗਾਂ ਵਾਲਾ ਬਣਾਂ, ਪ੍ਰਸ਼ਾਦ ਲੈ ਆਵਾਂ, ਸ਼ੀਤ ਪ੍ਰਸ਼ਾਦ ਹੁੰਦਾ ਹੈ ਇਹ। ਕਹਿੰਦੇ ਵੀ ਜਾਂ ਅਰਦਾਸ ਦੇ ਅੰਦਰ। ਤੇ ਨਾਲ ਇਹ ਵੀ ਅਰਦਾਸ ਕਰਦੇ ਹਾਂ ਕਿ ਬੰਦਗੀ ਕਰਨ ਦਾ ਬਲ ਆ ਜਾਏ ਸ਼ੀਤ ਪ੍ਰਸ਼ਾਦ ਛਕ ਕੇ, ਨਾਮ ਜਪਣ ਦਾ, ਸੇਵਾ ਕਰਨ ਦਾ। ਪਰ ਸਮਝ ਕੇ ਕਹਿਣਾ ਹੋਰ ਗੱਲ ਹੈ, ਅੱਖਰਾਂ ਨੂੰ ਰੋਜ਼ ਘੋਟਾ ਲਾ ਦੇਣਾ ਹੋਰ ਗੱਲ ਹੈ। ਕਹਿੰਦੇ ਉਹ ਏਸ ਆਸੇ ਨਾਲ ਆਇਆ ਹੈ ਤੇ ਏਧਰਲੇ ਪਾਸੇ ਤੇਰੇ ਪਿਤਾ ਦੇ ਸਾਮ੍ਹਣੇ ਆ ਗਿਆ, ਗੱਡੇ ਦੀ ਧੂੜ ਨਾਲ ਲੱਥਪੱਥ ਹੋਇਆ, ਦਾੜ੍ਹੇ ਤੇ ਧੂੜ ਹੀ ਧੂੜ ਪਈ ਸੀ। ਚਿਹਰਾ ਧੂੜ ਨਾਲ ਲੱਥਪੱਥ ਹੋਇਆ, ਕਪੜਿਆਂ ਤੇ ਧੂੜ ਪਈ ਸੀ। ਹੱਥ ਉਸਨੇ ਛੇਤੀ ਨਾਲ ਕੱਪੜੇ ਨਾਲ ਪੂੰਝ ਲਏ ਤੇ ਜਦੋਂ ਤੇਰੈ ਪਿਤਾ ਕੋਲ ਆਇਆ ਤਾਂ ਉਹ ਕਹਿਣ ਲੱਗਿਆ ਕਿ ਪਰ੍ਹੇ ਹੋ ਕੇ ਬੈਠ। ਫਿੱਕਾ ਬੋਲਿਆ। ਗੱਡਾ

ਉਹਦਾ ਤੁਰ ਪਿਆ। ਉਹਨੇ ਦੇਖ ਲਿਆ ਕਿ ਗੱਡਾ ਤੁਰਿਆ ਜਾਂਦਾ ਹੈ। ਦੂਸਰੀ ਵਾਰੀ ਓਹਨੇ ਕਿਹਾ ਕਿ ਸ਼ਾਇਦ ਮੈਨੂੰ ਹੁਣ ਪ੍ਰਸ਼ਾਦ ਦੇ ਦੇਵੇ। ਪ੍ਰੇਮੀਆਂ! ਜਦ ਉਹ ਤੇਰੇ ਪਿਤਾ ਦੇ ਸਾਮ੍ਹਣੇ ਦੂਜੀ ਵਾਰੀ ਆਇਆ, ਤਾਂ ਤੇਰੇ ਪਿਤਾ ਨੇ ਗੁੱਸੇ ਵਿਚ ਕਿਹਾ ਕਿ ਤੈਨੂੰ ਕਿਹਾ ਸੀ ਸਾਮ੍ਹਣੇ ਬੈਠ, ਰਿੱਛ ਜਿਹਾ ਫੇਰ ਟੱਪ ਕੇ ਸਾਮ੍ਹਣੇ ਆ ਗਿਆ। ਕੁਰਹਿਤ ਕਰ ਦਿਤੀ ਫਿੱਕਾ ਬੋਲ ਕੇ। ਰਹਿਤਾਂ ਕੇਵਲ ਇਹੀ ਨਹੀਂ ਕਿ ਕਿਰਪਾਨ ਪਹਿਨ ਲਓ, ਕਛਹਿਰਾ ਪਹਿਨ ਲਓ। ਇਹ ਤਾਂ ਸਰੀਰ ਦੀਆ ਰਹਿਤਾਂ ਨੇ, ਅੰਦਰਲੀਆਂ ਰਹਿਤਾਂ ਜਿਹੜੀਆਂ ਨੇ ਨਾ ਉਹ ਜ਼ਰੂਰੀ ਨੇ -

ਨਿੰਦਾ ਭਲੀ ਕਿਸੈ ਕੀ ਨਾਹੀ
ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥
ਅੰਗ - ੭੫੫

ਕਿਵੇਂ ਸਿੱਖ ਕਹਾ ਲਏਗਾ ਆਪਣੇ ਆਪ ਨੂੰ ਨਿੰਦਿਆ ਕਰਨ ਵਾਲਾ। ਉਹ ਤਾਂ ਮਨਮੁਖ ਤੇ ਮੂਰਖ ਹੈ, ਮੁਗਧ ਹੈ। ਚੁਗਲੀ ਕਰਨ ਵਾਲਾ ਸਿੱਖ ਕਿਵੇਂ ਬਣ ਗਿਆ। ਬੇਈਮਾਨੀ, ਠੱਗੀ ਕਰਨ ਵਾਲਾ ਸਿੱਖ ਕਿਵੇਂ ਬਣ ਗਿਆ ਤੇ ਜਦੋਂ ਰਹਿਤਾਂ ਦੀ ਉਲੰਘਣਾ ਕਰੇਗਾ ਫੇਰ ਸਜ਼ਾ ਪਾਵੇਗਾ ਤੇ ਰਹਿਤ ਇਸ ਤਰ੍ਹਾਂ ਕਹਿੰਦੀ ਹੈ -

ਧਾਰਨਾ - ਫਿੱਕਾ ਬੋਲ ਨਾ ਜ਼ੁਬਾਨ ਵਿਚੋਂ ਬੋਲੀਐ,
ਦਰਗਾਹ ਵਿਚ ਧੱਕੇ ਖਾਵੇਂਗਾ।

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥
ਅੰਗ - ੪੭੩

ਕਹਿੰਦੇ ਕੁਰਹਿਤ ਕਰ ਦਿਤੀ ਓਸਨੇ। ਪਹਿਲਾਂ ਤਾਂ ਤਨ, ਮਨ ਫਿੱਕਾ ਹੋਇਆ ਰਿੱਛ ਕਹਿ ਕੇ। ਫੇਰ ਜਦੋਂ ਉਹ ਦਰਗਾਹ 'ਚ ਪਹੁੰਚਿਆ, ਫੇਰ ਜਾਣਾ ਤਾਂ ਸੱਚਖੰਡ ਨੂੰ ਸੀ, ਲੇਕਿਨ ਫਿੱਕਾ ਕਹਿਣ ਦੇ ਨਾਲ ਕੀ ਹੋਇਆ ਧੱਕਿਆ ਗਿਆ ਦਰਗਾਹ 'ਚੋਂ।

ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥
ਅੰਗ - ੪੭੩

ਦਰਗਾਹ 'ਚੋਂ ਸੁੱਟ ਦਿੰਦੇ ਨੇ। ਫਿੱਕੇ ਦਾ ਥਾਂ ਨਹੀਂ ਦਰਗਾਹ ਹੈ। ਗੱਡਾ ਓਸ ਦਾ ਕਾਫੀ ਦੂਰ ਚਲਿਆ ਗਿਆ। ਸਿੱਖ ਪਤਾ ਹੈ ਕੌਣ ਸੀ ਉਹ? ਜੋ ਅਭੇਦ ਅਵਸਥਾ ਦਾ ਸਿੱਖ ਹੁੰਦਾ ਹੈ ਓਹਦੀ ਅਵਸਥਾ ਬਹੁਤ ਉਚੀ ਹੁੰਦੀ ਹੈ -

ਧਾਰਨਾ - ਮੇਰਾ ਹੀ ਰੂਪ ਹੈ,
ਮੇਰੇ ਹੀ ਬਣ ਗਏ ਜਿਹੜੇ।
ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥
ਅੰਗ - ੩੯੭
ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥
ਪ੍ਰਭ ਮਹਿ ਮੋ ਮਹਿ ਤਾਸ ਮਹਿ
ਰੰਚਕ ਨਾਹਨ ਭੇਵ॥ (ਸਰਬ ਲੋਹ ਗ੍ਰੰਥ 'ਚੋਂ)

ਕਹਿੰਦੇ ਕੀਰਤੀਆ! ਉਹ ਜਿਹੜਾ ਸਿੱਖ ਸੀ ਉਹ ਤਾਂ ਅਭੇਦ ਅਵਸਥਾ ਦਾ ਸਿੱਖ ਸੀ। ਹਰ ਵਕਤ ਗੁਰੂ 'ਚ ਰਹਿੰਦਾ ਸੀ। ਤੇਰੇ ਪਿਓ ਨੇ ਸੁਣੀਆਂ ਹੋਈਆਂ ਸੀ ਸਾਖੀਆਂ ਕਿ ਭਾਈ ਲੱਖੂ ਨੇ ਕਹਿ ਦਿਤਾ ਸੀ, ਕਿ ਆਵੇ ਕੱਚੇ-ਆਵੇ ਕੱਚੇ; ਲੇਕਿਨ ਅੰਦਰੋਂ ਨਹੀਂ ਸੀ ਮੰਨਦਾ ਕਿ ਸਿੱਖ ਗੁਰੂ ਦਾ ਰੂਪ ਹੁੰਦਾ ਹੈ। ਸੋ ਐਨਾ ਫਿੱਕਾ ਬੋਲਿਆ, ਓਸ ਸਿੱਖ ਨੇ ਬਚਨ ਸੁਣੇ, ਨੇਤਰਾਂ 'ਚ ਜਲ ਆ ਗਿਆ ਉਹਦੇ ਕਿ ਗੁਰੂ ਦੀ ਹਜ਼ੂਰੀ 'ਚ ਗੁਰੂ ਦਾ ਪ੍ਰਸ਼ਾਦ ਲੈਣਾ ਵੀ ਮੈਨੂੰ ਪ੍ਰਵਾਨ ਨਾ ਹੋਇਆ। ਇਕ ਕਿਣਕਾ ਗਿਰਿਆ ਪਿਆ ਸੀ ਉਹ ਚੁੱਕ ਕੇ ਮੁੱਖ 'ਚੋਂ ਪਾ ਲਿਆ, ਕਹਿੰਦੇ ਸਿੱਖਾ! ਰਿੱਛ ਤਾਂ ਤੂੰ ਹੀ ਬਣਨਾ ਹੈ। ਐਨੀ ਗੱਲ ਕਹਿ ਦਿਤੀ। ਇਹਦੇ ਬਾਰੇ ਮਹਾਰਾਜ ਨੇ ਐਸਾ ਫੁਰਮਾਨ ਕਰਿਆ ਹੈ -

ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ,
ਮੁਗਧ ਨਰ ਸੰਤਾਂ ਨਾਲ ਖਹੰਦੇ।

ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥
ਅੰਗ - ੩੦੬

ਤੇਰਾ ਪਿਓ ਖਹਿਆ ਉਹਦੇ ਨਾਲ। ਅਭੇਦ ਅਵਸਥਾ ਦਾ, ਬ੍ਰਹਮਗਿਆਨੀ ਅਵਸਥਾ ਦਾ, ਗੁਰਸਿਖ ਲੁਕਿਆ ਹੋਇਆ ਸੀ। ਤੇਰੇ ਪਿਤਾ ਨੇ ਭੇਦ ਨਾ ਜਾਣੇ। ਸੋ ਪਿਆਰਿਆ! ਉਹਦੇ ਮੁਖ 'ਚੋਂ ਨਿਕਲ ਗਿਆ, ਕਿ ਭਾਈ ਮੈਂ ਤਾਂ ਰਿੱਛ ਨਹੀਂ ਬਣਨਾ, ਤੂੰ ਜ਼ਰੂਰ ਬਣੇਂਗਾ। ਸੰਤ ਕੁਛ ਵੀ ਬੋਲਦਾ ਹੈ ਤੇ ਜਿਹੜਾ ਕੁਛ ਬੋਲਦਾ ਹੈ, ਉਹਦੇ ਬਾਰੇ ਮਹਾਰਾਜ ਦਾ ਐਸਾ ਫੁਰਮਾਨ ਹੈ -

ਧਾਰਨਾ - ਸੇ ਬਚਨ ਹੋਵੰਦੇ,
ਭਗਤ ਮੁਖਹਿ ਤੇ ਬੋਲਦੇ।
ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥
ਅੰਗ - ੩੦੬

ਮੁਨੀਆਂ ਦੀ, ਜਨਾਂ ਦੀ ਤੇ ਰਿਸ਼ੀਆਂ ਦੀ, ਚਾਰੇ ਵੇਦਾਂ ਦੀ ਬਾਤ ਤੁਹਾਨੂੰ ਦਸਦੇ ਹਾਂ -

ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥
ਅੰਗ - ੩੦੬

ਜਿਹੜਾ ਕੁਛ ਕਹਿ ਦਿਤਾ ਉਹ ਬਚਨ ਹੋ ਗਿਆ।

ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥
ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥
ਅੰਗ - ੩੦੬

ਸੋ ਬਚਨ ਹੋ ਗਿਆ ਪ੍ਰੇਮੀਆਂ! ਹੁਣ ਬਚਨ ਹੋਇਆ-ਹੋਇਆ ਤਾਂ ਉਹਦੇ ਮਨ 'ਚ ਆਇਆ ਕਿ ਮੈਂ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਦਾ ਚੌਰ ਬਰਦਾਰੀਆ ਹਾਂ। ਇਹਨੇ ਕੀ ਗੱਲ ਕਹਿ ਦਿਤੀ। ਇਹ ਨਹੀਂ ਹੈ ਕਿ ਓਸ ਤੋਂ ਮਾਫੀ ਮੰਗਦਾ, ਖਿਮਾ ਮੰਗਦਾ, ਨਾਂਹ ਆਪਣੇ ਅਭਿਮਾਨ 'ਚ ਰਿਹਾ। ਕਿ ਆਪੇ ਗੁਰੂ

ਮਹਾਰਾਜ ਜਿਨ੍ਹਾਂ ਦੀ ਮੈਂ ਸੇਵਾ ਕਰਦਾ ਹੈ ਦਰਗਾਹ 'ਚ ਸਹਾਇਤਾ ਨਹੀਂ ਕੀ ਕਰਨਗੇ। ਦੂਜੇ ਪਾਸੇ ਗੁਰੂ ਮਹਾਰਾਜ ਐਉਂ ਵੀ ਕਹਿੰਦੇ ਨੇ -

ਧਾਰਨਾ - ਭਾਵੇਂ ਚੰਦਰਮਾ ਨਾਸ਼ ਹੋ ਜਾਵੇ,
ਸੰਤਾਂ ਦਾ ਬੋਲ ਨਾ ਟਲੇ।

ਨਿਸਿ ਬਾਸੁਰ ਨਖਿਅਤ੍ਰ ਬਿਨਾਸੀ
ਰਵਿ ਸਸੀਅਰ ਬੇਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ
ਇਕਿ ਸਾਧ ਬਚਨ ਅਟਲਾਧਾ ॥ ਅੰਗ - ੧੨੦੪

ਸਾਧ ਦੇ ਮੁਖ ਤੋਂ ਬਚਨ ਹੋ ਜਾਏ, ਹੁਣ ਇਹਨੂੰ ਟਾਲਣ ਨੂੰ ਕੋਈ ਸਮਰੱਥ ਨਹੀਂ। ਕਹਿੰਦਾ, ਮਹਾਰਾਜ! ਗੁਰੂ ਤੇਗ ਬਹਾਦਰ ਮਹਾਰਾਜ ਤਾਂ ਸੀਗੇ। ਕਹਿੰਦੇ, ਕੀਰਤੀਆ! ਗੁਰੂ ਤੇਗ ਬਹਾਦਰ ਸਾਹਿਬ ਕਹਿੰਦੇ ਨੇ ਕਿ ਉਹ ਤਾਂ ਮੇਰਾ ਹੀ ਰੂਪ ਸੀ, ਮੈਂ ਹੀ ਉਹਦੀ ਜ਼ੁਬਾਨ 'ਤੇ ਬੋਲਿਆ ਸੀ। ਗੁਰੂ ਹੀ ਬੋਲਦਾ ਹੁੰਦਾ ਹੈ ਸੰਤਾਂ ਦੀ ਜ਼ੁਬਾਨ 'ਤੇ।

ਧਾਰਨਾ - ਪ੍ਰਭ ਜੀ ਦਾ ਵਾਸਾ ਹੈ
ਸੰਤਾਂ ਦੀ ਰਸਨਾ ਉਤੇ।

ਕਹਿੰਦੇ ਭਾਈ ਕੀਰਤੀਆ! ਉਹ ਆਪ ਨਹੀਂ ਸੀ ਬੋਲਿਆ, ਗੁਰੂ ਤੇਗ ਬਹਾਦਰ ਸਾਹਿਬ ਉਹਦੀ ਜ਼ੁਬਾਨ ਤੇ ਹੋ ਕੇ ਬੋਲੇ ਸੀ। ਸੋ ਬੋਲ ਕਿਵੇਂ ਟਲ ਜਾਵੇ, ਸੇਵਾ ਕੀਤੀ ਠੀਕ ਹੈ, ਕਰੀ, ਉਹ ਸੇਵਾ ਦਾ ਹੀ ਫਲ ਹੈ ਕਿ ਇਹ ਫੇਰ ਸਾਡੇ ਸਾਮ੍ਹਣੇ ਆ ਗਿਆ। ਚਰਨ ਫੜ ਲਏ, ਆਕੜ ਨਿਕਲ ਗਈ, ਗੁਮਾਨ ਨਿਕਲ ਗਿਆ ਅੰਦਰੋਂ ਕਿ ਮੈਂ ਗੁਰੂ ਦਸਵੇਂ ਪਾਤਸ਼ਾਹ ਦਾ ਚੌਰ ਬਰਦਾਰ ਹਾਂ। ਇਹ ਮਾਣ ਹੀ ਮਾੜੀ ਚੀਜ਼ ਹੁੰਦੀ ਹੈ ਜਿਹਨੂੰ ਹੋ ਜਾਵੇ ਉਹ ਡੁੱਬ ਜਾਂਦਾ ਹੈ, ਕਿਸੇ ਨੂੰ ਹੋ ਜਾਵੇ। ਸੰਤਾਂ ਦੇ ਬਹੁਤੇ ਸੇਵਾਦਾਰ ਏਸੇ ਕਰਕੇ down ਚਲੇ ਜਾਂਦੇ ਨੇ ਕਿਉਂਕਿ ਅਭਿਮਾਨ ਆ ਜਾਂਦਾ ਹੈ ਉਨ੍ਹਾਂ ਦੇ ਮਨਾਂ 'ਚ। ਕੁਛ ਲੈ ਨਹੀਂ ਸਕਦੇ ਫੇਰ। ਇਹ ਨਿਮਰਤਾ ਦਾ ਘਰ ਹੈ, ਝੁਕੇ ਪਲੜੇ ਭਾਰੀ ਹੁੰਦੇ ਨੇ, ਉਚੇ ਪਲੜੇ ਫਿੱਕੇ ਪੈ ਜਾਂਦੇ ਨੇ। ਸੋ ਕਹਿਣ ਲੱਗੇ, ਮਹਾਰਾਜ! ਕ੍ਰਿਪਾ ਕਰੋ ਆਪ, ਜਿਵੇਂ ਕਿਵੇਂ ਹੋਵੇ ਰੱਖੋ ਇਹਦੀ ਗੱਲ। ਮਹਾਰਾਜ ਨੇ ਰਿੱਛ ਵਾਲੇ ਨੂੰ ਪੁਛਿਆ ਕਿ ਕਿੰਨੇ ਪੈਸੇ ਲੈਣੇ ਨੇ, ਰਿੱਛ ਦੇ। ਕਹਿੰਦਾ, ਦੋ ਸੌ ਰੁਪਿਆ। ਮਹਾਰਾਜ ਕਹਿੰਦੇ, ਦਿਓ ਦੋ ਸੌ ਰੁਪਿਆ। ਰਿੱਛ ਲੈ ਲਿਆ। ਪ੍ਰਸ਼ਾਦ ਲਿਆਂਦਾ ਬਣਾ ਕੇ। ਮਹਾਰਾਜ ਜੀ ਨੇ ਅਰਦਾਸ ਆਪ ਕਰੀ, ਗੁਰੂ ਨਾਨਕ ਦੇ ਦਰਬਾਰ 'ਚ। ਸੀਗੇ ਤਾਂ ਆਪ ਹੀ ਪਰ ਸਾਨੂੰ ਸਿਖਾਉਂਦੇ ਸੀ ਕਿ ਐਉਂ ਕਰੀਦਾ ਹੁੰਦਾ ਹੈ। ਪ੍ਰਸ਼ਾਦ ਪਾਇਆ ਰਿੱਛ ਨੂੰ, ਧੜੰਮ ਦੇ ਕੇ ਗਿਰ ਗਿਆ ਰਿੱਛ। ਸ਼ੀਤ ਪ੍ਰਸ਼ਾਦ ਦੇਣ ਨਾਲ ਓਸੇ ਵੇਲੇ ਰਿੱਛ ਦੀ ਜੂਨੀ ਛੁਟ ਗਈ, ਤੇ ਕੀ ਦੇਖਦੇ ਨੇ ਸਾਮ੍ਹਣੇ ਭਾਈ ਕੀਰਤੀਏ ਦਾ ਪਿਓ ਖੜ੍ਹਾ ਹੈ। ਨਮਸ਼ਕਾਰਾਂ ਕਰ ਰਿਹਾ ਹੈ ਕਿ ਪਾਤਸ਼ਾਹ! ਭੁੱਲ ਹੋ ਗਈ ਸੀ। ਫੇਰ ਵੀ ਤੁਸੀਂ ਬਿਰਦ ਬਾਣੇ ਦੀ ਲਾਜ ਰੱਖਦੇ ਓਂ।

ਇਸ ਤਰ੍ਹਾਂ ਗੁਰੂ ਮਹਾਰਾਜ ਸੱਚੇ ਪਾਤਸ਼ਾਹ ਦੇ ਅਨੇਕ ਕੌਤਕ ਨੇ। ਜੇ ਦੋ ਚਾਰ ਮਹੀਨੇ, ਛੇ ਮਹੀਨੇ ਵੀ ਕਰੀ ਜਾਈਏ ਕਰੀ ਜਾਈਏ ਕੀਰਤਨ ਇਵੇਂ-ਜਿਵੇਂ ਲਗਾਤਾਰ ਤਾਂ ਵੀ ਖਤਮ ਨਾ ਹੋਣ। ਸੋ ਅੱਜ ਆਪ ਉਨ੍ਹਾਂ ਦਾ ਪ੍ਰਕਾਸ਼ ਉਤਸਵ ਮਨਾ ਰਹੇ ਓ, ਤੇ ਉਨ੍ਹਾਂ ਨੇ ਜੋ ਵਚਿੱਤਰ ਚੀਜ਼ ਲਿਆਂਦੀ ਹੈ ਉਹ ਹੈ ਅੰਮ੍ਰਿਤ। ਅੰਮ੍ਰਿਤ ਹਰੇਕ ਦੇ ਅੰਦਰ ਹੈ -

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥
ਕਹਨੁ ਨ ਜਾਈ ਅਚਰਜ ਬਿਸਮਾਦ ॥
ਅੰਗ - ੨੯੩

ਲੇਕਿਨ ਇਹ ਪ੍ਰਾਪਤ ਨਹੀਂ ਹੁੰਦਾ ਜਿੰਨੀ ਦੇਰ ਤਕ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਲੈ ਕੇ, ਨਾਮ ਦੀ ਕਮਾਈ ਨਾ ਕਰੇ। ਬਾਹਰੋਂ ਨਾਮ ਲਓ ਪੰਜ ਪਿਆਰਿਆਂ ਤੋਂ। ਗੁਰੂ ਗ੍ਰੰਥ ਸਾਹਿਬ ਦੀ ਜੋ ਟਰੱਸਟੀ ਹੈ ਉਹ ਪੰਜ ਪਿਆਰੇ ਨੇ, ਉਨ੍ਹਾਂ ਨੇ ਨਾਮ ਦੇਣਾ ਹੈ, ਪੰਜਾਂ ਨੇ ਇਕੱਠੇ ਹੋ ਕੇ, ਉਹ ਨਾਮ ਲਓ। ਫੇਰ ਸੰਤਾਂ ਦੀ ਸੰਗਤ ਕਰਕੇ, ਸੇਵਾ ਕਰਕੇ, ਬਾਣੀ ਦੀ ਵਿਚਾਰ ਕਰਕੇ, ਬਾਣੀ ਪੜ੍ਹ ਕੇ, ਜਿਉਂ-ਜਿਉਂ ਅਸੀਂ ਰੂਹਾਨੀ ਕਦਮ ਅੱਗੇ ਪੁਟਦੇ ਜਾਵਾਂਗੇ, ਤਿਉਂ-ਤਿਉਂ ਸਾਨੂੰ ਅਵਸਰ ਮਿਲਦਾ ਜਾਵੇਗੇ, ਕਿ ਅਸੀਂ ਅੰਮ੍ਰਿਤ ਦੇ ਕੁੰਡ ਤਕ ਪਹੁੰਚ ਸਕੀਏ।

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ
ਗੁਰਮਤਿ ਪਾਏ ਰਾਮ ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥
ਅੰਗ - ੫੩੮

ਸੋ ਏਸ ਅੰਮ੍ਰਿਤ ਵਾਸਤੇ ਤਾਕੀਦ ਕਰੀ ਹੈ -

ਧਾਰਨਾ - ਪੀਵਹੁ ਪਾਹੁਲ ਖੰਡੇਧਾਰ
ਹੋਵੇ ਜਨਮ ਸੁਹੇਲਾ।

ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।
ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾ ਖੇਲਾ।
ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।
ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।
ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।
ਭਾਈ ਗੁਰਦਾਸ ਜੀ, ਵਾਰ ੪੧/੧

ਗੁਰੂ ਧਾਰਨ ਕਰ ਲਓ, ਜਿਨ੍ਹਾਂ ਨੇ ਲੰਘਣਾ ਹੈ ਕਲਜੁਗ ਦੇ ਵਿਚੋਂ। ਪੰਜ ਪਿਆਰਿਆਂ ਤੋਂ ਨਾਮ ਦੀ ਦਾਤ ਪ੍ਰਾਪਤ ਕਰੋ। ਸੇਵਾ ਕਰੋ, ਸਿਮਰਨ ਕਰੋ, ਸਤਿਸੰਗ ਕਰੋ ਤੇ ਇਹਦੇ ਨਾਲ ਜਨਮ ਸੁਹੇਲਾ ਹੋ ਜਾਏਗਾ।

(------)

ਸਿਹਤ ਵਿਗਿਆਨ

ਵੈਦ ਮੇਘ ਨਾਥ ਸਿੱਧ 'ਫਫੜੇ ਭਾਈਕੇ ਵਾਲੇ'
ਆਯੁਰਵੇਦ ਭੀਸ਼ਗ ਅਚਾਰੀਆ 'ਏ ਕਲਾਸ ਰਜਿ.' ਮੋਬਾ. 9815607803

ਪਿੱਛੇ ਲੰਘ ਚੁਕੀ ਵਰਖਾ ਰੁੱਤ ਤੋਂ ਬਾਅਦ ਇਹ ਸਰਦ ਰੁੱਤ ਆਉਂਦੀ ਹੈ। ਵਰਖਾ ਰੁੱਤ ਵਿਚ ਕੁਦਰਤੀ ਤੌਰ 'ਤੇ ਇਕੱਠੀ ਹੋਈ ਗਰਮੀ ਦਾ ਪ੍ਰਭਾਵ ਸਰਦ ਰੁੱਤ ਵਿਚ ਸਰੀਰ 'ਤੇ ਪੈਂਦਾ ਹੈ। ਇਸ ਕਰਕੇ ਇਸ ਰੁੱਤ ਵਿਚ ਬੁਖਾਰ, ਉਲਟੀਆਂ, ਮਰੋੜੇ, (ਪੇਚਸ-ਦਰਦ ਹੋ ਕੇ ਥੋੜ੍ਹਾ-ਥੋੜ੍ਹਾ ਦਸਤ ਹੋਣਾ) ਪਾਣੀ ਵਾਂਗ ਦਸਤ ਹੋਣੇ, ਮਲੇਰੀਆ, ਹੈਜ਼ਾ ਆਦਿ ਹੋ ਜਾਂਦਾ ਹੈ। ਆਯੁਰਵੇਦ ਅਨੁਸਾਰ ਸਾਰੀਆਂ ਰੁੱਤਾਂ ਵਿਚੋਂ ਸਰਦ ਰੁੱਤ ਨੂੰ 'ਰੋਗਾਂ ਦੀ ਮਾਂ' ਕਿਹਾ ਜਾਂਦਾ ਹੈ। ਇਸ ਰੁੱਤ ਵਿਚ ਜ਼ਿਆਦਾਤਰ ਗਰਮੀ ਦੇ ਰੋਗ ਅਤੇ ਰਕਤ ਵਿਕਾਰ ਹੋ ਕੇ ਫੋੜੇ-ਫਿਨਸੀਆਂ ਨਿਕਲਦੇ ਹਨ। ਸੂਰਜ ਦੀ ਗਰਮੀ ਵੀ ਤੇਜ਼ ਲਗਦੀ ਹੈ, ਇਸ ਨੂੰ ਸ਼ਾਂਤ ਕਰਨ ਲਈ ਮਿੱਠੇ ਰਸ, ਮਿੱਠਾ ਭੋਜਨ ਲਾਭਕਾਰੀ ਹੈ ਜਿਵੇਂ ਕਿ ਸੇਬ, ਕੇਲਾ, ਮੁਰੱਬਾ ਆਦਿ। ਇਸ ਰੁੱਤ ਵਿਚ ਨਮਕੀਨ, ਤਿੱਖੇ ਅਤੇ ਖੱਟੇ ਪਦਾਰਥਾਂ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ। ਇਸ ਰੁੱਤ ਵਿਚ ਸਬਜ਼ੀਆਂ ਖੂਬ ਹੁੰਦੀਆਂ ਹਨ ਪਰ ਉਨ੍ਹਾਂ ਵਿਚ ਵਰਖਾ ਰੁੱਤ ਦੇ ਨਵੇਂ ਪਾਣੀ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਇਨ੍ਹਾਂ ਦੀ ਜ਼ਿਆਦਾ ਵਰਤੋਂ ਸਿਹਤ ਲਈ ਲਾਭਕਾਰੀ ਨਹੀਂ, ਇਨ੍ਹਾਂ ਸਬਜ਼ੀਸ਼ਾਂ ਵਿਚ ਖਾਰੇ ਰਸ ਦੀ ਮਾਤਰਾ ਵੀ ਜ਼ਿਆਦਾ ਹੁੰਦੀ ਹੈ। ਇਸ ਕਰਕੇ ਜਿਥੋਂ ਤਕ ਹੋ ਸਕੇ ਇਨ੍ਹਾਂ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ।

ਦੇਸੀ ਘੀ, ਦੁੱਧ, ਚਾਵਲ, ਗਰਮੀ ਸ਼ਾਂਤ ਕਰਨ ਵਾਲੇ ਭੋਜਨ ਪਦਾਰਥਾਂ ਦਾ ਸੇਵਨ ਇਸ ਰੁੱਤ ਵਿਚ ਲਾਭਕਾਰੀ ਹੈ, ਸ਼ਾਇਦ ਇਸੇ ਕਰਕੇ ਹੀ ਭਾਰਤ ਦੇਸ਼ ਵਿਚ ਸਾਡੇ ਵਡੇਰਿਆਂ ਵਲੋਂ ਭਾਂਦਰੋਂ-ਅੱਸੀ ਦੀ ਪੂਰਨਮਾਸ਼ੀ ਤੋਂ ਅੱਸੂ ਵਦੀ ਮੱਸਿਆ ਤਕ ਸ਼ਰਾਧ ਆਦਿਕ ਕੀਤੇ ਜਾਂਦੇ ਹਨ। ਜਿਸ ਵਿਚ ਦੇਸੀ ਘੀ ਦਾ ਪ੍ਰਸ਼ਾਦ, ਖੀਰ, ਪੂੜੇ, ਮਿੱਠੇ ਫਲ ਆਦਿ ਭੋਜਨ ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਹੈ। ਆਯੁਰਵੇਦ ਅਨੁਸਾਰ ਵੀ ਇਨ੍ਹਾਂ ਚੀਜ਼ਾਂ ਦੀ ਵਰਤੋਂ ਲਾਭਕਾਰੀ ਹੈ।

ਇਸ ਰੁੱਤ ਵਿਚ ਅਨਾਜ ਵਿਚੋਂ ਕਣਕ, ਜੌਂ, ਜਵਾਰ, ਚਾਵਲ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਦਾਲਾਂ ਵਿਚੋਂ ਛੋਲੇ, ਮੂੰਗੀ, ਮਸਰੀ, ਮਟਰ ਆਦਿ ਅਤੇ ਸਬਜ਼ੀਆਂ ਵਿਚੋਂ ਗੋਭੀ, ਕਮਾਰ ਦਾ ਗੁੱਦਾ, ਗਾਜਰ, ਕਾਲੀ ਤੋਰੀ, ਚਲਾਈ, ਲੌਕੀ (ਘੀਆਂ), ਆਲੂ, ਕੱਦੂ, ਪੇਠਾ, ਪਾਲਕ, ਸੋਹਾਂਜਨੇ ਦੀਆਂ ਫਲੀਆਂ, ਜ਼ਿਮੀਕੰਦ ਵਗੈਰਾ ਦੀ ਵਰਤੋਂ ਕੀਤੀ ਜਾ ਸਕਦੀ ਹੈ। ਫਲਾਂ ਵਿਚੋਂ ਅੰਜ਼ੀਰ, ਪੱਕੇ ਕੇਲੇ, ਜਾਮਣ, ਤਰਬੂਜ਼, ਅਨਾਰ, ਅੰਗੂਰ, ਨਾਰੀਅਲ, ਪੱਕੇ, ਪਪੀਤਾ, ਮੌਸੰਮੀ, ਨਿੰਬੂ, ਗੰਨਾ ਆਦਿ ਵਰਤੇ ਜਾ ਸਕਦੇ ਹਨ। ਮੇਵਿਆਂ ਵਿਚੋਂ ਅਖਰੋਟ, ਆਲੂ ਬੁਖਾਰਾ, ਕਾਜੂ, ਖੰਜੂਰ, ਚਿਰੌਂਜੀ, ਬਾਦਾਮ, ਸੰਗਾਲੇ, ਪਿਸ਼ਤਾ ਵਿਚ ਜੀਰਾ, ਔਲਾ, ਧਨੀਆਂ, ਹਲਦੀ, ਖਸਖਸ, ਦਾਲ ਚੀਲੀ, ਕਾਲੀ ਮਿਰਚ, ਸੌਂਫ, ਇਲਾਇਚੀ ਆਦਿ ਲਏ ਜਾ ਸਕਦੇ ਹਨ।

ਇਸ ਤੋਂ ਇਲਾਵਾ ਨਾਰੀਅਲ ਦਾ ਤੇਲ, ਰਿੰਡੀ ਦਾ ਤੇਲ, ਦੇਸੀ ਘਿਉ, ਦੁੱਧ, ਮੱਖਣ, ਮਿਸ਼ਰੀ ਦੀ ਵਰਤੋਂ ਅੱਛੀ ਹੈ। ਇਸ ਰੁੱਤ ਵਿਚ ਖੀਰ ਅਤੇ ਰਬੜੀ ਠੰਡੇ ਕਰਕੇ ਖਾਣੇ ਚੰਗੇ ਹਨ। ਪੱਕੇ ਕੇਲੇ ਵਿਚ ਛੋਟੀ ਇਲਾਇਚੀ ਪਾ ਕੇ ਖਾਣਾ ਲਾਭਦਾਇਕ ਹੈ। ਗੰਨੇ ਦਾ ਰਸ ਅਤੇ ਨਾਰੀਅਲ ਦਾ ਪਾਣੀ ਬਹੁਤ ਹੀ ਫਾਇਦੇਮੰਦ ਹੈ। ਕਾਲੀ ਸੌਂਫ ਅਤੇ ਧਨੀਏ ਨੂੰ ਮਿਲਾ ਕੇ, ਰਗੜ ਕੇ ਪੁਣ ਕੇ ਪੀਣ ਨਾਲ ਗਰਮੀ ਸ਼ਾਂਤ ਹੁੰਦੀ ਹੈ।

ਇਸ ਰੁੱਤ ਵਿਚ ਹਾਨੀਕਾਰਕ ਚੀਜ਼ਾਂ -

ਤ੍ਰੇਲ ਵਿਚ ਪੈਣਾ, ਖਾਰੇ ਪਦਾਰਥ, ਦਹੀਂ, ਖੱਟੀ ਲੱਸੀ, ਤੇਲ, ਚਰਬੀ, ਗਰਮ ਤੇ ਤੇਜ਼ ਚੀਜ਼ਾਂ ਅਤੇ ਖਾਰੇ ਤੇ ਖੱਟੇ ਰਸਾਂ ਦੀ ਵਰਤੋਂ ਕਰਨੀ ਠੀਕ ਨਹੀਂ। ਬਾਜਰਾ, ਮੱਕੀ, ਮਾਂਹ, ਲਸਣ, ਪਿਆਜ, ਮੇਥੀ ਦੀ ਭਾਜੀ, ਬੈਂਗਣ, ਇਮਲੀ, ਹਿੰਗ, ਪੁਦੀਨਾਂ, ਫਾਲਸਾ, ਅਨਾਨਸ, ਕੱਚੇ ਬਿਸ, ਤਿਲ, ਮੂੰਗਫਲੀ, ਸਰੋਂ ਆਦਿ ਵੀ ਗਰਮ ਹੋਣ ਕਰਕੇ ਵਰਤਣੇ ਚੰਗੇ ਨਹੀਂ। ਇਸ ਰੁੱਤ ਵਿਚ ਤੇਲ ਦੀ ਬਜਾਇ ਘਿਉ ਦੀ ਵਰਤੋਂ ਚੰਗੀ ਹੈ।

ਇਸ ਰੁੱਤ ਵਿਚ ਜੁਲਾਬ ਲੈਣ ਨਾਲ ਖੂਨ ਅਤੇ ਗਰਮੀ ਦੇ ਦੋਸ਼ ਸਰੀਰ ਵਿਚੋਂ ਨਿਕਲ ਜਾਂਦੇ ਹਨ। ਇਸ ਲਈ ਹਰੜ ਸਭ ਤੋਂ ਉਤਮ ਅਤੇ ਹਾਨੀ ਰਹਿਤ ਔਸ਼ਧੀ ਹੈ। ਵੱਡੀ ਹਰੜ ਦਾ ਛਿਲਕਾ 10 ਗ੍ਰਾਮ ਅਤੇ ਸਿੱਟਾ ਮਿਸ਼ਰੀ 20 ਗ੍ਰਾਮ ਰਾਤ ਨੂੰ ਇਕ ਗ੍ਰਾਮ ਪਾਣੀ 'ਚ ਭਿਉਂ ਕੇ, ਸਵੇਰੇ ਰਗੜ ਕੇ, ਪੁਣ ਕੇ ਖਾਲੀ ਪੇਟ ਚਾਰ-ਪੰਜ ਦਿਨ ਪੀਣ ਨਾਲ ਪੇਟ ਸਾਫ ਹੋ ਜਾਵੇਗਾ। ਦੁਪਹਿਰ ਦੇ ਭੋਜਨ ਨਾਲ ਚੌਲ-ਮੂੰਗੀ ਦੀ ਖਿਚੜੀ ਖਾਉ।

ਇਸ ਰੁੱਤ ਵਿਚ ਸਰੀਰ ਤੇ ਕਪੂਰ ਚੰਦਨ ਆਦਿ ਦਾ ਵਟਣਾ ਲਗਾਉਣਾ, ਖੁਲ੍ਹੇ ਥਾਂ 'ਤੇ ਚੰਦ ਦੀ ਚਾਂਦਨੀ 'ਚ ਬੈਠਣਾ, ਅਤੇ ਚਮੇਲੀ, ਗੁਲਾਬ ਰਾਤ ਦੀ ਰਾਣੀ ਆਦਿ ਸੁਗੰਧਿਤ ਫੁਲਾਂ ਦੀ ਵਰਤੋਂ ਲਾਭਕਾਰੀ ਹੈ।

ਦਿਨ ਨੂੰ ਸੌਣਾਂ, ਧੁੱਪ ਵਿਚ ਫਿਰਨਾ, ਬਰਫ ਅਤੇ ਫਰਿਜ਼ ਵਾਲੀਆਂ ਚੀਜ਼ਾਂ ਦਾ ਸੇਵਨ ਕਰਨਾ, ਜ਼ਿਆਦਾ ਜ਼ੋਰ ਦਾ ਕੰਮ ਕਰਨਾ ਅਤੇ ਜ਼ਿਆਦਾ ਕਸਰਤ ਕਰਨੀ ਹਾਨੀਕਾਰਕ ਹੈ।

ਪ੍ਰਦੂਸ਼ਣ ਦੂਰ ਕਰਨ, ਵਾਯੂਮੰਡਲ ਦੀ ਸ਼ੁਧਤਾ ਅਤੇ ਮਲੇਰੀਆ ਤੇ ਹੈਜ਼ਾ ਆਦਿ ਬਿਮਾਰੀਆਂ ਤੋਂ ਬਚਾਅ ਲਈ ਅਗਰ, ਤਗਰ, ਚੰਦਨ, ਲੌਂਗ, ਇਲਾਇਚੀ, ਮੁਸ਼ਕ ਕਪੂਰ, ਗੁੱਗਲ, ਦੇਸੀ ਖੰਡ, ਖੋਪਾ, ਬਾਦਾਮ, ਮੇਵੇ, ਨਿੰਮ ਦੇ ਪੱਤੇ, ਗੋਕਾ ਘੀ ਆਦਿ ਸਮੱਗਰੀ ਦੀ ਧੂਫ ਇਸ ਰੁੱਤ ਵਿਚ ਕਰਨੀ ਚਾਹੀਦੀ ਹੈ।

ਚਲਦਾ........

ਰੋਗ ਨਿਵਾਰਨ ਔਸ਼ਧੀ ਖੀਰ ਸਬੰਧੀ ਸੂਚਨਾ

ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਪੂਰਨਮਾਸੀ ਅੰਮ੍ਰਿਤਵੇਲੇ ਰਾਤ ਨੂੰ ਚੰਦਰਮਾ ਦੀਆਂ ਗੁਣਕਾਰੀ ਕਿਰਨਾਂ ਵਿੱਚ, ਕੁਦਰਤੀ ਜੜ੍ਹੀ-ਬੂਟੀਆਂ ਦੇ ਸੰਯੋਗ ਨਾਲ ਖੀਰ ਤਿਆਰ ਕੀਤੀ ਜਾਵੇਗੀ, ਜਿਸਦੇ ਛਕਣ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ ਅਤੇ ਸਾਹ, ਦਮਾ, ਪੁਰਾਣਾ ਸਿਰ ਦਰਦ, ਨਜਲਾ, ਅੱਖਾਂ ਦੀ ਘਟ ਰਹੀ ਜੋਤ, ਦਿਲ, ਦਿਮਾਗ, ਫੇਫੜਿਆਂ ਦੇ ਮਰੀਜਾਂ ਲਈ ਵਰਦਾਨ ਸਿੱਧ ਹੋ ਚੁਕੀ ਹੈ ਅਤੇ ਕੈਂਸਰ ਦੇ ਭਿਆਨਕ ਰੋਗਾਂ ਤੋਂ ਪੂਰਾ ਬਚਾਅ ਰਹਿੰਦਾ ਹੈ। ਇਹ ਖੀਰ ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ ਵਿਖੇ ਤਿਆਰ ਕਰਕੇ ਅੰਮ੍ਰਿਤਵੇਲੇ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਬਾਅਦ ਵਰਤਾਈ ਜਾਵੇਗੀ ਜੀ।

ਨਾਮ ਤੇ ਨਾਮ ਦਾ ਦਾਤਾ ਸਤਿਗੁਰੂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ੴ ਵਾਹਿਗੁਰੂ ਜੀ ਕੀ ਫਤਹਿ

੧. ਨਾਮ

ਨਾਮ ਕੀ ਹੈ? ਇਹ ਕਿਵੇਂ ਬਣਿਆਂ?

ਸਤਿਨਾਮ ਤੇ ਕਿਰਤਮ ਨਾਮ – ਸਤਿਨਾਮ ਜੀਵਾਂ ਨੂੰ ਕਿਵੇਂ ਪ੍ਰਾਪਤ ਹੋਇਆ?

ਸਤਿਨਾਮ ਲਫਜ਼ ਦੇ ਅਰਥ – ਲਫਜ਼ ਸਤਿਨਾਮ ਗੁਰਮੰਤ੍ਰ ਨਹੀਂ –

ਜਿਤਨੇ ਸ਼ਬਦ ਲਿਖਣ ਜਾਂ ਬੋਲਣ ਵਿਚ ਅਸੀਂ ਵਰਤਦੇ ਹਾਂ ਉਹ ਕਿਸੇ ਨਾ ਕਿਸੇ ਖਿਆਲ ਯਾ ਭਾਵ ਦੇ ਲਖਾਇਕ ਹੁੰਦੇ ਹਨ। ਪਰ ਉਸ ਖਿਆਲ ਯਾ ਭਾਵ ਤੋਂ ਅਸੀਂ ਪਹਿਲਾਂ ਜਾਣੂ ਹੁੰਦੇ ਹਾਂ। ਕਿਸੇ ਲਖਣ ਯਾ ਸਰੂਪ ਦੇ ਪਹਿਲਾਂ ਜਾਣੂ ਹੋਣ ਕਰਕੇ ਹੀ ਅਸੀਂ ਉਸ ਨੂੰ ਸੌਹੈਂ ਰੱਖ ਕੇ ਉਸ ਪ੍ਰਥਾਇ ਕੋਈ ਖਿਆਲ ਯਾ ਭਾਵ ਘੜ ਯਾ ਬੰਨ੍ਹ ਲੈਂਦੇ ਹਾਂ ਅਤੇ ਉਸ ਦੀ ਸਹਿਲੀ ਲਖਾਇਕ ਵਰਤੋਂ ਲਈ ਅਸੀਂ ਉਸ ਦਾ ਕੋਈ ਨਾਉਂ ਧਰ ਲੈਂਦੇ ਹਾਂ, ਯਾ ਉਸ ਪ੍ਰਥਾਇ ਕੋਈ ਬੋਲ ਭਾਖਿਆ ਨੀਯਤ ਕਰ ਲੈਂਦੇ ਹਾਂ। ਪਰ ਇਹ ਸਭ ਕੁਝ ਅਸੀਂ ਆਪ ਕਰਦੇ ਹਾਂ। ਅਸਾਡੇ ਆਪਣੇ ਬੋਲ ਭਾਖਿਆ ਦੀ ਰਾਹੀਂ ਯਾ ਆਪਣੇ ਨਿਜ ਸੰਕੇਤ ਦੁਆਰਾ ਉਸ ਖਿਆਲ-ਭਾਵ ਅਥਵਾ ਖਿਆਲ-ਭਾਵ-ਅਰਥੀ-ਸਰੂਪ-ਲਖਣ ਦੀ ਕੋਈ ਸੰਗਿਆ ਅਸੀਂ ਆਪ ਘੜ ਲੈਂਦੇ ਹਾਂ।

ਗੁਰਮਤਿ ਨਾਮ ਸ਼ਬਦ ਪ੍ਰਥਾਇ ਇਹ ਘਟਨਾ ਨਹੀਂ ਘਟ ਸਕਦੀ। ਇਹ ਨਾਮ ਅਸਾਡੀ ਨਿਜ ਘੜਤ ਸੰਗਿਆ ਵਾਲਾ ਨਾਉਂ ਨਹੀਂ, ਏਸੇ ਕਰਕੇ ਗੁਰਬਾਣੀ ਅੰਦਰ ਬਹੁਤ ਕਰਕੇ ਇਸ ਸ਼ਬਦ ਨੂੰ ਨਾਮ ਹੀ ਲਿਖਿਆ ਹੈ। ਨਾਉਂ ਜਿਥੇ ਕਿਤੇ ਵਰਤਿਆ ਹੈ, ਅਕਸਰ ਸੰਗਿਆ ਪ੍ਰਥਾਇ ਹੀ ਵਰਤਿਆ ਹੈ, ਪਰ ਕਿਤੇ ਕਿਤੇ ਨਾਉਂ ਪਦ ਭੀ ਨਾਮ ਪ੍ਰਥਾਇ ਵਰਤਿਆ ਗਿਆ ਹੈ। ਅਕਾਲ ਪੁਰਖ ਦਾ ਨਾਮ ਸਾਡੀ ਨਿਜ ਸਾਜੀ ਸੰਗਿਆ ਨਹੀਂ। ਕਿਉਂਕਿ ਅਕਾਲ ਪੁਰਖ ਦਾ ਸਰੂਪ ਅਸਾਡੇ (ਆਮ ਸੰਸਾਰੀਆਂ ਦੇ) ਸੌਹੇਂ ਨਹੀ ਅਤੇ ਨਾ ਹੀ ਅਸੀਂ ਇਸ ਦਾ ਕੋਈ ਖਿਆਲ ਅਥਵਾ ਭਾਵ ਹੀ ਖੁਦ ਘੜ ਯਾ ਕਥ ਸਕਦੇ ਹਾਂ। ਜਿਸ ਖਿਆਲ ਯਾ ਭਾਵ ਦੇ ਅਸੀਂ ਖੁਦ ਜਾਣੂ ਹੀ ਨਹੀਂ, ਭਲਾ ਉਹ ਅਸਾਡੇ ਨਿਕਟ ਕਿਸ ਸਰੂਪ ਦਾ ਲਖਾਇਕ ਹੋ ਸਕਦਾ ਹੈ? ਅਣਜਾਣੇ ਅਣਡਿਠੇ ਸਰੂਪ ਦੇ ਅਸੀਂ ਫਰਜ਼ੀ ਨਾਉਂ ਕੀ ਧਰ ਸਕਦੇ ਹਾਂ? ਜੇ ਧਰਾਂਗੇ ਤਾਂ ਉਹ ਨਾਉਂ ਫਰਜ਼ੀ ਹੋਣਗੇ ਤੇ ਉਸ ਦੇ ਲਖਾਇਕ ਬੋਲ-ਭਾਖਿਆ ਭੀ ਫਰਜ਼ੀ ਹੀ ਹੋਣਗੇ। ਐਸੇ ਨਾਵਾਂ ਦਾ ਸਾਨੂੰ ਕੀ ਨਿਘਾਸ?

ਗੁਰਮਤਿ ਨਾਮ (ਅਕਾਲ ਪੁਰਖ ਦਾ ਲਖਾਇਕ ਨਾਮ) ਆਮ ਨਾਵਾਂ ਦੀ ਸੰਗਿਆ ਸ੍ਰੇਣੀ ਵਿਚ ਨਹੀਂ ਆ ਸਕਦਾ। ਅਕਾਲ ਪੁਰਖ ਨੂੰ ਨਾ ਹੀ ਅਸੀਂ (ਸੰਸਾਰੀ ਜੀਵਾਂ) ਨੇ ਲਖਿਆ, ਨਾ ਹੀ ਉਸ ਦਾ ਨਾਮ ਅਸੀਂ ਧਰਿਆ, ਜੈਸਾ ਕਿ ਅਕਾਲ ਪੁਰਖ ਨੂੰ ਸਾਜਨਹਾਰਾ ਕੋਈ ਨਹੀਂ। ਜਿਵੇਂ ਅਕਾਲ ਪੁਰਖ ਸੈਭੰ ਰੂਪ (ਸੁਤੇ ਪ੍ਰਕਾਸ਼) ਹੈ (ਆਪੇ ਆਪਿ ਨਿਰੰਜਨੁ ਸੋਇ) ਤਿਵੇਂ ਹੀ ਉਸ ਦਾ ਨਾਮ ਭੀ ਸੈਭੰ ਸਰੂਪ ਹੈ, ਉਸ ਨੇ ਆਪਣਾ ਆਪ, ਆਪੇ ਸਾਜਿਆ ਹੈ ਅਤੇ ਆਪਣੀ ਨਿਜ-ਸਾਜੀ-ਸਾਜਨਾ ਦੇ ਨਾਲ ਹੀ ਉਸ ਨੇ ਆਪਣਾ ਨਾਉਂ ਭੀ ਆਪੇ ਹੀ ਰਚਿਆ, ਜੈਸਾ ਕਿ ਇਸ ਗੁਰਵਾਕ ਦਾ ਅਸਲ ਭਾਵ ਹੈ –

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।।

ਅੰਗ – ੪੬੩

ਸੋ ਅਕਾਲ ਪੁਰਖ ਦਾ ਆਪਣੇ ਆਪ ਰਚਿਆ ਹੋਇਆ ਨਾਉਂ ਸਤਿਨਾਮ ਹੈ, ਹੋਰ ਸਰਬਤ੍ਰ (ਸਾਰੇ) ਨਾਉਂ ਅਸਤਿ ਤੇ ਕਿਰਤਮ ਨਾਮ ਹਨ। ਗੁਰਮਤਿ ਨਾਮ ਕਿਰਤਮ ਨਹੀਂ, ਪਰਾ-ਪੂਰਬਲਾ ਅਕਾਲ ਪੁਰਖ ਦੀ ਸੈਭੰ ਰਚਨਾ ਦੇ ਐਨ ਨਾਲ ਉਸ ਦੀ ਆਪਣੀ ਰਚਨਾ ਦੁਆਰਾ ਰਚਿਆ ਹੋਇਆ, ਅਰਥਾਤ ਉਸ ਦਾ ਆਪ ਰਖਿਆ ਹੋਇਆ ਨਾਮ ਹੈ। ਇਸ ਕਰਕੇ ਇਹ ਨਾਮ ਸਤਿ ਹੈ। ਸਤਿ ਪੁਰਖ ਦਾ ਨਾਮ ਭੀ ਸਤਿ ਹੈ –

ਕਿਰਤਮ ਨਾਮ ਕਥੇ ਤੇਰੇ ਜਿਹਬਾ।।
ਸਤਿਨਾਮੁ ਤੇਰਾ ਪਰਾ ਪੂਰਬਲਾ।। ਅੰਗ – ੧੦੮੩

ਇਸ ਪਰੇ-ਪੂਰਬਲੇ ਸਤਿਨਾਮ ਤੋਂ, ਬਿਨਾਂ ਅਕਾਲ ਪੁਰਖ ਦੇ ਹੋਰ ਕੋਈ ਜਾਣੂ ਨਹੀਂ ਸੀ। ਸ੍ਰੀ ਅਕਾਲ ਪੁਰਖ ਨੇ ਪਰਮ ਕ੍ਰਿਪਾ ਦੁਆਰਾ ਪਹਿਲਾਂ ਇਹ ਸਤਿਨਾਮ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਹੀ ਜਣਾਇਆ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮ ਕਿਰਪਾ ਕਰਿ ਇਸ ਮਾਤ ਲੋਕ ਵਿਖੇ ਆ ਕੇ ਇਸ ਸਤਿਨਾਮ ਨੂੰ ਗੁਰਸਿਖਾਂ ਪ੍ਰਤੀ ਲਖਾਇਆ। ਇਹੋ ਤਾਂ ਗੁਰੂ ਅਕਾਲ ਪੁਰਖ ਦੀ ਪਰਮ ਕ੍ਰਿਪਾਲਤਾ ਹੈ। ਇਹੋ ਤਾਂ ਪਰਮ ਕ੍ਰਿਪਾਲੂ ਗੁਰੂ ਅਕਾਲ ਪੁਰਖ ਦਾ ਪਰਮ ਪ੍ਰਸਾਦ ਹੈ। ਇਸ ਗੁਰਪ੍ਰਸਾਦ ਦੁਆਰਾ ਹੀ ਅਕਾਲ ਪੁਰਖ ਦਾ ਸਰੂਪ ਲਖ ਸਕੀਦਾ ਹੈ। ਸਤਿਨਾਮ ਪ੍ਰਸਾਦ ਰੂਪ ਹੈ। ਸਤਿ ਪ੍ਰਸਾਦ, ਸਤਿ ਪਦਾਰਥ ਹੈ ਹੀ ਸਤਿਨਾਮ। ਏਸ ਬਿਨਾਂ ਹੋਰ ਸਭ ਪਦਾਰਥ ਅਸੱਤ ਹਨ। 'ਸਚੇ ਕਾ ਸਚਾ ਢੋਆ'। ਜਿਸ ਪ੍ਰਕਾਰ ਅਕਾਲ ਪੁਰਖ ਇਕ ਹੈ, ਇਸੇ ਤਰ੍ਹਾਂ ਉਸ ਦਾ ਨਾਮ ਸਤਿਨਾਮ (ਸੱਚਾ ਨਾਮ) ਭੀ ਇਕੋ ਹੈ ਅਤੇ ਉਸ ਇਕ ਨਾਮ ਦੀ ਗਿਆਨ-ਲਖਤਾ ਭੀ ਯਾ ਇਕੋ ਸਤਿਪੁਰਖ ਅਕਾਲ ਪੁਰਖ ਨੂੰ ਹੈ ਯਾ ਅਕਾਲ ਪੁਰਖ ਦੀ ਨਿਜ ਨਿਰੰਜਨੀ ਜੋਤਿ ਇਕੋ ਸਤਿਗੁਰੂ ਗੁਰੂ ਨਾਨਕ ਦੇਵ ਜੀ ਨੂੰ ਹੋਈ। ਇਕੋ ਸਤਿਗੁਰੂ ਦੇ ਪਦ (ਲਫਜ਼) ਖਾਸ ਜ਼ੋਰ ਨਾਲ ਇਸ ਕਰਕੇ ਵਰਤੇ ਹਨ, ਕਿਉਂਕਿ ਗੁਰਵਾਕ ਹੈ –

ਸਤਿਗੁਰ ਬਾਝਹੁ ਗੁਰੁ ਨਹੀ ਕੋਈ..........।

ਅੰਗ – ੪੩੫

ਸੱਚਾ ਗੁਰੂ ਅਰਥਾਤ ਸਤਿਗੁਰੂ ਸਤਿਨਾਮ ਦੇ ਪ੍ਰਗਟਾਵਣਹਾਰਾ ਜੇਕਰ ਕੋਈ ਪ੍ਰਗਟ ਹੋਇਆ ਤਾਂ ਉਹ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੇ ਦਸੇ ਜਾਮਿਆਂ ਵਿਚ ਹੋਏ।

ਸਤਿਨਾਮ ਸ਼ਬਦ ਦੇ ਅਰਥ –

ਸਤਿਨਾਮ ਤੋਂ ਭਾਵ ਇਹ ਨਹੀਂ ਕਿ ਇਨ੍ਹਾਂ ਚਾਰੇ ਅੱਖਰਾਂ ਸਤਿਨਾਮ ਵਾਲਾ ਨਾਮ ਅਕਾਲ ਪੁਰਖ ਦਾ ਨਾਮ ਹੈ। ਲਫਜ਼ ਸਤਿਨਾਮ ਗੁਰਮੰਤ੍ਰ ਦਾ ਲਖਾਇਕ ਵਿਸ਼ੇਸ਼ਣ ਹੈ। ਗੁਰ ਪ੍ਰਸਾਦਿ ਜਪਣ ਜੋਗ ਗੁਰਮਤਿ ਨਾਮ ਜੋ ਹੈ, ਸੋ ਵਖਰੇ ਸੁਅੱਖਰਾਂ (ਸ੍ਰੇਸ਼ਟ ਅੱਖਰਾਂ) ਵਿਚ ਹੈ, ਜਿਸ ਦੇ ਅੱਖਰ ਭੀ ਚਾਰ ਹੀ ਹਨ, ਪਰ

(ਬਾਕੀ ਪੰਨਾ 64 ਤੇ)

(ਪੰਨਾ 32 ਦਾ ਬਾਕੀ)

ਦੇ ਟਾਇਮ, ਹਰ ਇਕ ਦੇ ਤਾਈਂ ਜੋ ਆਪਣੇ ਆਪ ਨੂੰ ਮੁਸਲਮਾਨ ਹੋਣ ਦਾ ਨਿਸ਼ਚਾ ਰਖਦਾ ਹੈ, ਇਨ੍ਹਾਂ ਦੇ ਪੜ੍ਹਨ ਦਾ ਅਧਿਕਾਰੀ ਹੈ।

ਸੂਫੀ ਫਕੀਰ ਫਰੀਦ ਜੀ, ਬੇਨਿਮਾਜ਼ੇ ਨੂੰ ਕੁੱਤਾ ਕਥਨ ਕਰਦੇ ਹਨ-

ਫਰੀਦਾ ਬੇ ਨਿਵਾਜਾ ਕੁਤਿਆ
ਏਹ ਨ ਭਲੀ ਰੀਤਿ॥
ਕਬਹੀ ਚਲਿ ਨ ਆਇਆ
ਪੰਜੇ ਵਖਤ ਮਸੀਤਿ॥

ਪੰਨਾ - 1381

ਜਿਵੇਂ ਗੁਰਸਿਖਾਂ ਵਾਸਤੇ ਪੰਜ ਬਾਣੀਆਂ ਦੇ ਪਾਠ ਦਾ ਨਿਤਨੇਮ, ਹਿੰਦੂ ਲਈ ਤਿੰਨ ਸੰਧਿਆ ਲਾਜ਼ਮੀਂ ਹਨ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਵੀ ਕਿਸੇ ਕਾਜ਼ੀ ਨੂੰ ਨਿਮਾਜ਼ਾਂ ਪੜ੍ਹਨ ਦੀ ਤਾਕੀਦ ਕਰਦਿਆਂ ਉਪਦੇਸ਼ ਕੀਤਾ ਹੈ ਕਿ ਅਸਲੀ ਨਿਮਾਜ਼ਾਂ ਇਹ ਹਨ -

ਪੰਜਿ ਨਿਵਾਜਾ ਵਖਤ ਪੰਜਿ
ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ
ਦੁਇ ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ
ਮਨੁ ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ
ਤੇ ਮੁਸਲਮਾਣੁ ਸਦਾਇ॥

ਪੰਨਾ - 141

ਪਹਿਲੀ ਨਿਮਾਜ਼ ਹੈ ਸੱਚ ਬੋਲਣਾ - ਇਸ ਨਾਲ ਸਾਰੇ ਪਾਪ ਮਿਟਦੇ ਹਨ।

ਸਚੁ ਸਭਨਾ ਹੋਇ ਦਾਰੂ
ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ
ਜਿਨ ਸਚੁ ਪਲੈ ਹੋਇ॥ ਪੰਨਾ - 468

ਦੂਜੀ ਨਿਮਾਜ਼ ਹੈ ਹੱਕ ਹਲਾਲ ਦਾ ਖਾਣਾ, ਠੱਗੀ, ਚੋਰੀ, ਦਗਾ ਫਰੇਬ ਨਹੀਂ ਕਰਨਾ, ਇਸ ਹੱਕ ਦੀ ਕਿਰਤ ਵਿਚੋਂ ਦਾਨ ਕੀਤਿਆਂ ਪਾਪ ਦੂਰ ਹੁੰਦੇ ਹਨ।

ਕਿਰਤ ਵਿਰਤ ਕਰ ਧਰਮ ਦੀ
ਖੱਟਿ ਖਵਾਲਣ ਕਾਰ ਕਰੇਹੀ॥
ਭਾਈ ਗੁਰਦਾਸ ਜੀ, ਵਾਰ 1/3
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ ਪੰਨਾ- 1245

ਤੀਜੀ ਨਿਮਾਜ਼ ਹੈ - ਖੁਦਾ ਦੇ ਨਮਿਤ ਗਰੀਬ ਨੂੰ ਖੈਰ ਪਾਉਣੀ। ਭਾਵ ਯਥਾਸ਼ਕਤ ਦਾਨ ਕਰਨਾ। ਇਹ ਵੀ ਵੱਡਾ ਪੁੰਨ ਹੈ -

ਮਿਠਾ ਬੋਲਣ ਨਿਵ ਚਲਣ
ਹਥੋਂ ਵੀ ਕਿਛੁ ਦੇਇ॥
ਰਬ ਤਿਨਾ ਦੀ ਬੁਕਲੀਂ ਜੰਗਲ ਕਿਆ ਢੂਢੇਇ॥

ਅਥਵਾ ਖੁਦਾ ਦੇ ਪਾਸੋਂ ਸਭਨਾਂ ਦੀ ਖੈਰ ਮੰਗਣੀ, ਹਰ ਇਕ ਦਾ ਭਲਾ ਚਾਹੁਣਾ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਹਿੰਦੂ-ਮੁਸਲਮਾਨ ਪਾਪੀ, ਪੁੰਨੀ, ਗਰੀਬ, ਅਮੀਰ, ਆਸਤਕ, ਨਾਸਤਕ, ਸਾਧੂ, ਗ੍ਰਿਹਸਤੀ, ਬ੍ਰਾਹਮਣ ਤੇ ਸ਼ੂਦਰ ਸਭ ਦਾ ਭਲਾ ਹੀ ਮੰਗਿਆ ਹੈ -

ਨਾਨਕ ਨਾਮ ਚੜ੍ਹਦੀ ਕਲਾ॥
ਤੇਰੇ ਭਾਣੇ ਸਰਬੱਤ ਦਾ ਭਲਾ॥

ਤਿੰਨ ਚੀਜ਼ਾਂ ਦੀ ਖੁਦਾ ਤੋਂ ਮੰਗ ਕੀਤੀ-

1. ਨਾਮ ਦੀ - ਜਿਸ ਕਰਕੇ ਜੀਵ ਦੀ ਚੜ੍ਹਦੀ ਕਲਾ ਹੁੰਦੀ ਹੈ, ਮਨ ਢਹਿੰਦੀਆਂ ਕਲਾਂ ਵਲ ਨਹੀਂ ਜਾਂਦਾ।
2. ਭਾਣਾ ਮੰਨਣ ਦੀ ਦਾਤ, ਤੇ
3. ਸਰਬੱਤ ਦਾ ਭਲਾ।

ਇਸੇ ਤਰ੍ਹਾਂ ਫਰੀਦ ਜੀ ਨੇ ਕਥਨ ਕੀਤਾ ਹੈ -

ਫਰੀਦਾ ਬੁਰੇ ਦਾ ਭਲਾ ਕਰਿ
ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥

ਪੰਨਾ - 1381

ਚੌਥੀ ਨਿਮਾਜ਼ ਹੈ ਮਨ ਦੀ (ਨੀਅਤਿ) ਬਿਰਤੀ (ਰਾਸ) ਸਚਾਈ ਵਾਲੀ ਹੋਣੀ - ਸੱਚ ਬੋਲਣਾ, ਸੱਤ ਪ੍ਰਤੱਗੀ ਹੋਣਾ, ਦਿਲ ਦੀ ਸਫ਼ਾਈ ਹੋਣੀ। ਜਿਵੇਂ ਸਾਫ ਪਾਣੀ ਵਿਚ ਸੂਰਜ ਦਾ ਅਕਸ ਨਿਰਮਲ ਤੇ ਪੂਰਾ ਦਿਸਦਾ ਹੈ ਇਸੇ ਤਰ੍ਹਾਂ ਸਾਫ ਹਿਰਦੇ ਵਿਚ ਪ੍ਰਮੇਸ਼ਰ ਦੀ ਜੋਤ ਪ੍ਰਕਾਸ਼ਦੀ ਹੈ, ਸਾਫ ਕਪੜੇ ਨੂੰ ਚੰਗਾ ਰੰਗ ਚੜ੍ਹਦਾ ਹੈ।

ਪੰਜਵੀਂ ਨਿਮਾਜ਼ ਹੈ ਸਿਫਤੀ - ਪ੍ਰਮੇਸ਼ਰ ਦੀ (ਸਨਾਇ) ਸ਼ਨਾਖਤ ਭਾਵ ਪਹਿਚਾਨ ਕਰਨੀ, ਉਸਦੇ ਸਰੂਪ ਦਾ ਗਿਆਨ ਹੋਣਾ (ਕਰਣੀ) ਭਗਤੀ ਰੂਪ ਵਾ ਨੇਕ ਕਰਨੀ ਨੂੰ ਕਰਨ ਦੀਆਂ ਕਲਮਾਂ ਪੜ੍ਹੇ ਤਾਂ ਆਪਣੇ ਆਪ ਨੂੰ ਮੁਸਲਮਾਨ ਅਖਵਾ ਸਕਦਾ ਹੈ -

ਮੁਸਲਮਾਣੁ ਮੋਮ ਦਿਲ ਹੋਵੈ॥

ਪੰਨਾ - 1084

ਸਾਰਿਆਂ ਜੀਵਾਂ ਤੇ ਦਇਆ ਕਰੇ।

ਬਾਬਾ ਜੀ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਬਚਨ ਸੁਣਕੇ ਇਸਦਾ ਮਨ ਬੜਾ ਹੀ ਪ੍ਰਸੰਨ ਹੋਇਆ, ਬਾਣੀ ਗਦ-ਗਦ ਹੋ ਗਈ, ਕੰਠ ਰੁਕ ਗਿਆ, ਨੇਤਰਾਂ 'ਚੋਂ ਵੈਰਾਗ ਦਾ ਜਲ ਬਾਹਰ ਆਇਆ ਤੇ ਭਾਵਨਾ ਨਾਲ ਸਿਜਦਾ ਕੀਤਾ ਆਖਿਆ - ਧੰਨ ਹੋ ਆਪ ਪੀਰ ਜੀ! ਕਿਹੋ ਜਿਹੇ ਸੁੰਦਰ ਅੰਮ੍ਰਿਤ ਮਈ ਅਮੋਲਕ ਬਚਨ ਸੁਣਾਏ। ਨਾਲ ਦੇ ਸਾਥੀ ਸਿਖ ਵੀ ਬੜੇ ਹੀ ਪ੍ਰਸੰਨ ਤੇ ਹੈਰਾਨ ਹੋਏ ਕਿ ਮਹਾਰਾਜ ਅਜ ਤਾਂ ਆਪ ਨੇ ਬੜੀ ਅੰਮ੍ਰਿਤ ਦੀ ਵਰਖਾ ਕੀਤੀ।

ਹਜ਼ੂਰ ਦੀ ਆਗਿਆ ਪਾ ਕੇ ਪਠਾਣ ਤਾਂ ਨਮਸ਼ਕਾਰ ਕਰਕੇ ਆਪਣੇ ਘਰ ਵਾਪਸ ਆ ਗਿਆ, ਘਰ ਆ ਕੇ ਸਾਰੇ ਪ੍ਰਵਾਰ ਨੂੰ ਇਹ ਖੁਸ਼ਖ਼ਬਰੀ ਸੁਣਾਈ। ਸਾਰਿਆਂ ਦੇ ਮਨ ਚਾਅ ਨਾਲ ਖਿੜ ਗਏ। ਜਿਨ੍ਹਾਂ ਦੀਆਂ ਆਸਾਂ ਦੇ ਸਾਰੇ ਬੂਹੇ ਬੰਦ ਹੋ ਚੁਕੇ ਸਨ ਉਹ ਮੁੜ ਕੇ ਫੇਰ ਖੁਲ੍ਹ ਗਏ। ਖੁਸ਼ੀ ਵਿਚ ਬੜਾ ਦਾਨ ਪੁੰਨ ਕੀਤਾ ਤੇ ਹਰ ਰੋਜ਼ ਪੰਜੇ ਟਾਇਮ ਮਸੀਤ ਵਿਚ

ਜਾ ਕੇ ਨਿਮਾਜ਼ਾਂ ਵੀ ਪੜ੍ਹਦਾ ਹੈ, ਰੋਜ਼ੇ ਵੀ ਰਖਦਾ ਹੈ। ਰਾਤ ਦੇ ਸਮੇਂ ਭੁਖਿਆਂ ਨੂੰ ਆਵਾਜ਼ ਦੇ ਕੇ ਰੋਟੀ ਵੀ ਖਵਾਉਂਦਾ ਹੈ।

ਏਧਰ ਜਿਸ ਸਮੇਂ ਸੰਤ ਜੀ ਮਹਾਰਾਜ ਨੇ ਉਸ ਪਠਾਣ ਨੂੰ ਬੱਚੇ ਦਾ ਵਰ ਦਿਤਾ ਅਤੇ ਉਹ ਹਜ਼ੂਰ ਦੀ ਆਗਿਆ ਪਾ ਕੇ ਆਪਣੇ ਘਰ ਚਲਾ ਗਿਆ ਤਾਂ ਬਾਅਦ ਵਿਚ ਰਾਮਪੁਰ ਪਿੰਡ ਦੇ ਬਾਬਾ ਬਿਸ਼ਨ ਸਿੰਘ ਨੇ ਸੰਤਾਂ ਪਾਸ ਅਰਜ਼ ਕੀਤੀ ਕਿ ਮਹਾਰਾਜ! ਤੁਸੀਂ ਉਸਨੂੰ ਗੁਰੂ ਘਰ ਦਾ ਪ੍ਰੇਮੀਂ ਕਿਉਂ ਨਹੀਂ ਬਣਾਇਆ, ਮੁਸਲਮਾਨੀ ਮਤ ਦਾ ਹੀ ਉਪਦੇਸ਼ ਦੇ ਦਿਤਾ ਹੈ, ਰੋਜ਼ੇ ਰਖਣ ਤੇ ਨਿਮਾਜ਼ਾਂ ਪੜ੍ਹਨ ਦਾ ਹੁਕਮ ਕੀਤਾ ਹੈ। ਸੰਤ ਮੁਸਕਰਾਏ ਤੇ ਕਿਹਾ ਭਾਈ ਬਿਸ਼ਨ ਸਿੰਘ ਜੀ! ਜਿਸ ਜਗ੍ਹਾ ਤੇ ਕੋਈ ਬੂਟਾ ਲਗਿਆ ਹੋਵੇ ਉਸਨੂੰ ਉਥੇ ਹੀ ਵਾੜ ਕਰ ਦੇਵੇ ਤਾਕਿ ਉਹ ਛੇਤੀਂ ਹੀ ਵਧੇ ਫੁਲੇ। ਦੂਜੇ ਥਾਂ ਪੁਟਕੇ ਲਾਇਆਂ ਕੁਮਲਾ ਤੇ ਸੁਕ ਜਾਂਦਾ ਹੈ, ਕਾਮਯਾਬ ਨਹੀਂ ਹੋ ਸਕਦਾ। ਜੇ ਹੋਵੇ ਵੀ ਤਾਂ ਬਹੁਤ ਚਿਰ ਬਾਅਦ ਅਤੇ ਘਟ। ਇਸੇ ਤਰ੍ਹਾਂ ਆਪੋ ਆਪਣੇ ਧਰਮ ਤੇ ਹੀ ਹਰ ਇਕ ਦਾ ਨਿਸ਼ਚਾ ਹੁੰਦਾ ਹੈ ਉਸੇ ਜਗ੍ਹਾ ਹੀ ਉਸ ਬੂਟੇ ਨੂੰ ਉਪਦੇਸ਼ ਦੀ ਵਾੜ ਤੇ ਸ਼ਰਧਾ ਵਧਾਉਣ ਰੂਪ ਨਿਸ਼ਚੇ ਦਾ ਪਾਣੀ ਦੇਵੇ ਜਿਸ ਕਰਕੇ ਉਸ ਦਾ ਭਲਾ ਹੋਵੇ। ਜਿਵੇਂ ਗੈਰ ਮੁਸਲਮਾਨ ਦੀ ਦੀਨ ਇਸਲਾਮ ਤੇ ਸ਼ਰਧਾ ਨਹੀਂ ਹੋ ਸਕਦੀ ਇਸੇ ਤਰ੍ਹਾਂ ਇਹ ਵੀ ਗੁਰੂ ਘਰ ਤੇ ਪੂਰਨ ਨਿਸ਼ਚਾ ਨਹੀਂ ਕਰ ਸਕਦੇ ਅਤੇ ਵਾਸਤਵ ਵਿਚ ਪ੍ਰਮੇਸ਼ਰ ਤਾਂ ਇਕੋ ਹੀ ਹੈ। ਇਹ ਤਾਂ ਹਿੰਦੂ ਤੇ ਮੁਸਲਮਾਨ ਦੋਹਾਂ ਨੇ ਆਪੋ ਆਪਣੇ ਮਤ ਅਨੁਸਾਰ ਖੁਦਾ ਤੇ ਰਾਮ ਦੇ ਨਾਮ ਕਲਪੇ ਹਨ, ਹਰ ਇਕ ਨੂੰ ਉਸਦੇ ਧਰਮ ਨੇ ਹੀ ਪਾਰ ਕਰਨਾ ਹੈ, ਖਿਚ ਕਰਨੀ ਠੀਕ ਨਹੀਂ।

ਇਸ ਤਰ੍ਹਾਂ ਏਕਤਾ ਦੇ ਬਚਨ ਸੁਣ ਕੇ ਬਾਬਾ ਬਿਸ਼ਨ ਸਿੰਘ ਚੁੱਪ ਹੋ ਗਿਆ। ਇਉਂ ਸਮਾਂ ਲੰਘਦਾ ਗਿਆ, ਦਿਨ ਦਾ ਸਮਾਂ ਗੁਰਦੁਆਰੇ ਸਾਹਿਬ ਤੇ ਰਾਤ ਦਾ ਟਾਇਮ ਬਾਬਾ ਜੀ ਦਰਿਆ ਦੇ ਕੰਢੇ ਵਾਹਿਗੁਰੂ ਦੀ ਯਾਦ ਵਿਚ ਲੀਨ ਹੋਏ, ਬਤੀਤ ਕਰਦੇ ਸਨ। ਇਤਨੇ ਨੂੰ ਰਾਮਪੁਰ ਨਗਰ ਤੋਂ ਕੁਝ ਕੁ ਪ੍ਰੇਮੀ ਸੰਤਾਂ ਨੂੰ ਲੈਣ ਵਾਸਤੇ ਆ ਗਏ। ਉਨ੍ਹਾਂ ਦਾ ਪਿਆਰ ਤੇ ਪਿਛਲੀ ਜ਼ੁੰਮੇਵਾਰੀ ਦਾ ਖਿਆਲ ਕਰਕੇ ਬਾਬਾ ਜੀ ਵਾਪਸ ਜਾਣ ਨੂੰ ਤਿਆਰ ਹੋਏ। ਸੈਦੂ ਨਗਰ ਦੀ ਸੰਗਤ ਨੂੰ ਪਤਾ ਲੱਗਾ ਤਾਂ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਇਕਠੇ ਹੋ ਕੇ ਆਏ, ਚਰਨਾਂ ਵਿਚ ਅਰਜ਼ ਕੀਤੀ, ਦਾਤਾ! ਸਾਥੋਂ ਕੀ ਗੁਨਾਹ ਹੋ ਗਿਆ ਜੋ ਵਿਛੋੜਾ ਦੇ ਚਲੇ ਹੋ? ਸੰਤਾਂ ਨੇ ਸਭਨਾਂ ਨੂੰ ਧੀਰਜ ਦਿਤੀ ਤੇ ਕਿਹਾ ਕਿ ਹੁਣ ਤਾਂ ਜ਼ਰੂਰ ਹੀ ਜਾਣਾ ਬਣਦਾ ਹੈ ਪਰ ਅਗਲੇ ਸਾਲ ਫੇਰ ਆ ਜਾਵਾਂਗੇ। ਤੁਸੀਂ ਸਾਰੇ ਦਸਾਂ ਨੌਹਾਂ ਦੀ ਹੱਕ ਦੀ ਕਿਰਤ ਕਰੋ, ਗੁਰੂ ਗੁਰੂ ਜਪੋ, ਦੋਵੇਂ ਸਮੇਂ ਸਾਧ ਸੰਗਤ ਕੀਤਾ ਕਰੋ, ਗੁਰੂ ਨਾਨਕ ਦੇਵ ਜੀ ਮੇਹਰ ਕਰਨਗੇ। ਇਉਂ ਪਵਿਤ੍ਰ ਉਪਦੇਸ਼ ਬਖਸ਼ ਕੇ ਸ੍ਰੀ ਹਜ਼ੂਰ ਗਡੀ ਤੇ ਅਸਵਾਰ ਹੋ ਕੇ ਦੋਰਾਹੇ ਆ ਪਹੁੰਚੇ। ਸੰਗਤ ਨੇ ਬੜਾ ਸਤਿਕਾਰ ਕੀਤਾ, ਭੇਟਾ ਅਰਪੀ, ਨਮਸ਼ਕਾਰਾਂ ਕੀਤੀਆਂ। ਆਪ ਜੀ ਗੁਰਦੁਆਰੇ ਸਾਹਿਬ ਆ ਪੁਜੇ, ਗੁਰੂ ਦਰਬਾਰ ਵਿਚ ਨਮਸ਼ਕਾਰ ਕੀਤੀ ਤੇ ਪਹਿਲਾਂ ਵਾਂਗੂੰ ਹੀ ਸੰਗਤਾਂ ਨੂੰ ਉਪਦੇਸ਼ ਦੀ ਬਖਸ਼ਿਸ਼ ਕਰਨ ਲਗੇ।

ਜਦੋਂ ਸੰਤ ਮਹਾਰਾਜ ਦੁਬਾਰਾ ਸੈਦੋਂ ਗਏ ਤਾਂ ਉਹ ਬਿਰਧ ਪਠਾਣ ਬੈਂਡ ਵਜਾਉਂਦਾ ਅਤੇ ਫਲਾਂ ਦੇ ਟੋਕਰੇ ਲੈ ਕੇ, ਸੰਤ ਮਹਾਰਾਜ ਜੀ ਪਾਸ ਦਿਨ ਵਿਚ ਹੀ ਹਾਜ਼ਰ ਹੋਇਆ ਅਤੇ ਜੋ ਬੱਚਾ ਗੁਰੂ ਨਾਨਕ ਪਾਤਸ਼ਾਹ ਦੇ ਦਰ ਤੋਂ ਬਖਸ਼ਿਆ ਸੀ ਉਹ ਸੰਤ ਮਹਾਰਾਜ ਜੀ ਦੇ ਚਰਨਾਂ ਤੇ ਲਿਟਾ ਦਿਤਾ। ਇਸ ਗੁਰੂ ਨਾਨਕ ਮਹਾਰਾਜ ਜੀ ਦੀ ਬਖਸ਼ਿਸ਼ ਬਾਰੇ ਸੁਣ ਕੇ ਬਹੁਤ ਦੂਰ-ਦੂਰ ਤੱਕ ਮਹਾਂਪੁਰਸ਼ਾਂ ਦੀ ਕੀਰਤੀ ਫੈਲ ਗਈ। ਇਸ ਤਰ੍ਹਾਂ ਆਪ ਦੇ ਜੀਵਨ ਵਿਚ ਅਨੇਕ ਐਸੀਆਂ ਘਟਨਾਵਾਂ ਹਨ ਜਿਨ੍ਹਾਂ ਤੋਂ ਮਹਾਂਪੁਰਸ਼ਾਂ ਦੀ ਵਾਹਿਗੁਰੂ ਜੀ ਨਾਲ ਪ੍ਰਿਅਤਾ ਦੀ ਗਿਆਤ ਹੁੰਦੀ ਹੈ। ਆਪ ਜੀ ਨੇ ਇਕ ਮਹਾਨ ਬਖਸ਼ਿਸ਼ ਕੀਤੀ ਕਿ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੂੰ ਐਨੀ ਉਚੀ ਪਦਵੀ ਬਖਸ਼ਾ ਦਿਤੀ ਕਿ ਉਹ ਪ੍ਰਮੇਸ਼ਰ ਦਾ ਰੂਪ ਹੀ ਹੋ ਗਏ। ਸੰਤ ਅਤਰ ਸਿੰਘ ਜੀ ਦੇ ਸਰੀਰਕ ਤੌਰ ਤੇ ਅਲੋਪ ਹੋਣ ਪਿਛੋਂ ਆਪ ਦਾ ਸ਼ਬਦ ਨਾਦ ਬ੍ਰਹਿਮੰਡ ਵਿਚ ਗੂੰਜ ਉਠਿਆ ਅਤੇ ਸਾਰੇ ਸੰਸਾਰ ਵਿਚ ਫੈਲ ਗਿਆ। ਅੱਜ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੂੰ ਸੰਸਾਰ ਤੋਂ ਵਿਅਕਤੀਗਤ ਰੂਪ ਵਿਚ ਅਲੋਪ ਹੋਣ ਦੇ 32 ਸਾਲ ਪਿਛੋਂ ਵੀ ਉਨ੍ਹਾਂ ਦੀ ਯਾਦ ਐਉਂ ਪ੍ਰਤੱਖ ਭਾਸਦੀ ਹੈ ਕਿ ਉਹ ਕਿਤੇ ਗਏ ਹੀ ਨਹੀਂ। ਇਹ ਸਾਰੀ ਕ੍ਰਿਪਾ ਸੰਤ ਮਹਾਰਾਜ ਅਤਰ ਸਿੰਘ ਜੀ ਦੀ ਸੀ ਜਿਨ੍ਹਾਂ ਨੇ ਗੁਰਸਿੱਖੀ ਜੀਵਨ ਕਮਾ ਕੇ ਸੰਸਾਰ ਨੂੰ ਅਤਰ ਦੀ ਸੁਗੰਧੀ ਵੰਡੀ ਅਤੇ ਗੁਲਾਬ (ਸੰਤ ਈਸ਼ਰ ਸਿੰਘ ਜੀ) ਨੂੰ ਆਪਣੇ ਵਿਚ ਅਭੇਦ ਕਰਕੇ ਸਚਮੁਚ ਹੀ ਈਸ਼ਰ ਬਣਾ ਦਿਤਾ। ਉਨ੍ਹਾਂ ਦੀ ਯਾਦ ਇਸ ਮੈਗਜ਼ੀਨ ਵਿਚ ਅਨੇਕਾਂ ਪ੍ਰੇਮੀਆਂ ਨੂੰ ਉਤਸ਼ਾਹ ਦੇਵੇਗੀ ਅਤੇ ਅਨੇਕਾਂ ਪ੍ਰੇਮੀਆਂ ਨੂੰ 'ਆਤਮ ਮਾਰਗ' ਦੀ ਸੋਝੀ ਹੋਵੇਗੀ। ਮਹਾਂਪੁਰਸ਼ ਕਦੇ ਵੀ ਕਿਤੇ ਨਹੀਂ ਜਾਇਆ ਕਰਦੇ। ਅਸੀਂ ਉਨ੍ਹਾਂ ਦੀਆਂ ਬਰਸੀਆਂ ਨਹੀਂ ਮਨਾਉਂਦੇ ਕਿਉਂਕਿ ਉਹ ਸਦਾ-ਸਦਾ ਜਿਉਂਦੇ ਹਨ -

ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ॥

ਪੰਨਾ - 273

ਉਨ੍ਹਾਂ ਦੀ ਘਾਲ ਕਮਾਈ ਤੋਂ ਅਸੀਂ ਪ੍ਰੇਰਨਾ ਅਤੇ ਉਤਸ਼ਾਹ ਲੈ ਕੇ ਗੁਰਸਿੱਖੀ ਮਾਰਗ ਤੇ ਚਲ ਕੇ ਆਤਮ ਮੰਡਲ ਤੇ ਪਹੁੰਚਣ ਦੀ ਲੋਚਾ ਰਖਦੇ ਹਾਂ। ਵਾਹਿਗੁਰੂ ਜੀ ਕ੍ਰਿਪਾ ਕਰਨ ਸਾਡੀਆਂ ਇਹ ਲੋਚਾ ਪੂਰੀਆਂ ਹੋਣ।

(ਧੰਨਵਾਦ ਸਹਿਤ 'ਜੀਵਨ ਗਾਥਾ' ਵਿਚੋਂ)

(------)

ਪਿਆਰ ਪਰਵਾਨੇ

ਭਾਈ ਸਾਹਿਬ ਭਾਈ ਵੀਰ ਸਿੰਘ

੧. ਸੁਹਣਿਆਂ ਦਾ ਸੁਲਤਾਨ ਤੇ ਸੰਤ ਮੰਡਲੀ

ਇਕ ਸਫਰ ਵਿਚ ਇਕ ਥਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਕੁਛ ਸੰਤ ਆ ਹਾਜ਼ਰ ਹੋਏ, ਇਹ ਸਾਰੇ ਸਨ ਤਾਂ ਪਰਮੇਸੁਰ ਦੇ ਸ਼ੌਕ ਵਾਲੇ, ਪੂਜਾ ਤਪ ਕਰਦੇ ਸਨ, ਪੜ੍ਹੇ ਵੀ ਚੰਗੇ ਹੋਏ ਸਨ। ਤੀਰਥ ਯਾਤਰਾ ਬੀ ਕੀਤੀ ਹੋਈ ਸਾਨੇ, ਕੁਛ ਕੁ ਭਗਤੀ ਵਿਚ ਬੀ ਸਨ, ਪਰ ਸੰਸੇ ਬਿਰਤੀ ਸੀ ਕਿਓ ਜੋ ਸਭ ਕੁਛ ਕਰ ਕਰਾ ਕੇ ਸੀਨੇ ਠੰਢ ਨਹੀਂ ਸੀ ਵਰਤੀ ਹੋਈ। ਸ੍ਰੀ ਗੁਰੂ ਜੀ ਦੇ ਪਾਸ ਕੁਛ ਸਮਾਂ ਬੈਠੇ ਰਹੇ। ਸੁਹਣੇ ਦਾਤਾ ਜੀ ਨਾਮ ਦਾ ਉਪਦੇਸ਼ ਕਰ ਰਹੇ ਸਨ। ਜਦ ਆਪ ਜੀ ਚੁਪ ਹੋ ਗਏ ਤੇ ਆਏ ਲੋਕੀ ਤੁਰ ਗਏ ਤਾਂ ਸੰਤਾਂ ਵਿਚੋਂ ਇਕ ਨੇ ਪ੍ਰਸ਼ਨ ਕੀਤਾ - ਆਪ ਦੇ ਬਚਨ ਸੁਖਦਾਈ ਤੇ ਮੋਖ ਦਾਤੇ ਹਨ। ਕੁਛ ਸੰਸੇ ਹਨ ਆਗਿਆਂ ਕਰੋ ਤਾਂ ਬੇਨਤੀ ਕਰੀਏ। ਸੰਸੇ ਨਵਿਰਤੀ ਕਰਨੀ ਹੈ, ਚਰਚਾਵਾਦ ਪ੍ਰਯੋਜਨ ਨਹੀਂ ਹੈ ਤਾਂ ਸਤਿਗੁਰੂ ਜੀ ਨੇ ਫੁਰਮਾਇਆ - ਜੀ ਸਦਕੇ ਉਪਜੇ ਸੰਸੇ ਦੱਸੋ। ਪਰਮੇਸੁਰ ਚਾਹੇ ਤਾਂ ਸੰਸੇ ਦੂਰ ਖਿਨ ਵਿਚ ਕਰ ਦਿੰਦਾ ਹੈ। ਤਦ ਸੰਤ ਨੇ ਕਿਹਾ -

ਆਪ ਨੇ ਨਾਮ ਦੀ ਮਹਿਮਾ ਕਹੀ ਹੈ। ਪਰਜਾ ਯੱਗ, ਹੋਮ, ਪੁੰਨ, ਦਾਨ, ਤਪ ਤੇ ਪੂਜਾ ਕਰਦੇ ਹਨ, ਉਨ੍ਹਾਂ ਦੀ ਮੁਕਤੀ ਹੋਵੇਗੀ ਕਿ ਨਹੀਂ, ਅਥਵਾ ਜੋ ਨਾਮ ਜਪਦੇ ਹਨ, ਉਨ੍ਹਾਂ ਨੂੰ ਇਨ੍ਹਾਂ ਸਭ ਕਰਮਾਂ ਦੀ ਜੋ ਲਿਖੇ ਹਨ ਕਰਨੇ ਦੀ ਲੋੜ ਹੈ ਕਿ ਨਹੀਂ? ਸ੍ਰੀ ਗੁਰੂ ਜੀ ਬੋਲੇ, ਭਾਈ ਜੋ ਨਾਮ ਸਿਮਰਦੇ ਹਨ ਉਨ੍ਹਾਂ ਨੂੰ ਯਗ, ਹੋਮ, ਪੁੰਨ ਦਾਨ, ਪੂਜਾ ਆਦਿ ਕਰਮਾਂ ਦੇ ਕਰਨੇ ਦੀ ਕੋਈ ਲੋੜ ਨਹੀਂ ਰਹਿ ਜਾਂਦੀ। ਕਿਉਂਕਿ ਨਾਮ ਦਾ ਸਿਮਰਨ ਨਿਰੰਕਾਰ ਨਾਲ ਸਿੱਧਾ ਜੋੜ ਦਿੰਦਾ ਹੈ, ਉਸ ਨਾਲ ਜੁੜ ਜਾਣਾ ਮੁਕਤੀ ਹੈ। ਏਹ ਜੋ ਕਰਮ ਉਸਾਂ ਨੇ ਕਹੇ ਹਨ ਇਨ੍ਹਾਂ ਨਾਲ ਸਰੀਰ ਨੂੰ ਖੇਚਲ ਹੁੰਦੀ ਹੈ, ਸਰੀਰ ਨੂੰ ਖੇਦ ਵੀ ਪਹੁੰਚਦੇ ਹਨ। ਫੇਰ ਧਯਾਨ ਇਨ੍ਹਾਂ ਕਰਮਾਂ ਵਿਚ ਰਹਿੰਦਾ ਹੈ ਕਿ ਠੀਕ ਹੋਏ ਕਿ ਨਹੀਂ। ਫੇਰ ਜਿਤਨੇ ਕਰਮ ਹਨ ਹਉ ਦੇ ਆਸਰੇ ਕਰੀਦੇ ਹਨ, ਕਰਮਾਂ ਨਾਲ ਹਉ ਵਧਦੀ ਹੈ ਘਟਦੀ ਨਹੀਂ। ਤੇ ਹਉ ਹੀ ਪਰਦਾ ਹੈ, ਸਾਡੇ ਤੇ ਕਰਤਾਰ ਦੇ ਵਿਚਾਲੇ। ਫਿਰ ਇਹ ਯਗ ਆਦਿ ਕਰਮ ਬਿਨਾਂ ਪਦਾਰਥਾਂ ਦੇ ਹੁੰਦੇ ਵੀ ਨਹੀਂ। ਹਰ ਕਿਸੇ ਪਾਸ ਪਦਾਰਥ ਨਹੀਂ ਹੁੰਦੇ। ਸਭੋ ਕੁਛ ਕਰ ਕਰਾ ਕੇ ਮਨ ਦਾ ਧ੍ਰਵਾ ਸਾਈਂ ਵਿਚ ਸਿਧਾ ਨਹੀਂ ਬੱਝਦਾ। ਇਸ ਕਰਕੇ ਇਨ੍ਹਾਂ ਦੀ ਲੋੜ ਕੋਈ ਨਹੀਂ ਨਾਮ ਦੇ ਅਭਿਆਸੀ ਨੂੰ।

ਨਾਮ ਸਿੱਧਾ ਨਿਰੰਕਾਰ ਦਾ ਧਯਾਨੀ ਬਣਾ ਦਿੰਦਾ ਹੈ, ਜੋ ਮੁਕਤੀ ਨਿਰੰਕਾਰ ਦੇ ਪਾਸ ਹੈ ਸੋ ਮੁਕਤੀ ਨਾਮ ਨਾਲ ਹੁੰਦੀ ਹੈ। ਤੇ ਨਾਮ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ, ਨਾਮ ਨੂੰ ਲੈ ਕੇ ਜੋ ਮਨ ਜੋੜ ਕੇ ਤੇ ਸੁਧ ਕਰਕੇ ਸਿਮਰਦਾ ਹੈ ਮੁਕਤ ਹੁੰਦਾ ਹੈ, ਜੋ ਨਾਮ ਨਹੀਂ ਜਪਦੇ ਮੁਕਤ ਨਹੀਂ ਹੁੰਦੇ ਓਹ ਜਨਮਦੇ ਮਰਦੇ ਰਹਿੰਦੇ ਹਨ ਉਨ੍ਹਾਂ ਦੇ ਬਾਰ-ਬਾਰ ਮਿਲੇ ਮਨੁਖਾ ਜਨਮ ਬਿਰਥੇ ਜਾਂਦੇ ਹਨ। ਕਿਉਂਕਿ ਉਨ੍ਹਾਂ ਦਾ ਖਾਨਪਾਨ, ਪਹਿਨਨ, ਬੋਲਣ, ਕਰਨ ਸਭ ਮਾਇਆ ਵਿਚ ਹੁੰਦਾ ਹੈ। ਮਾਇਆ ਵਾਲੇ ਮਨ ਨੂੰ ਭ੍ਰਮਨ ਹੀ ਭ੍ਰਮਨ ਪ੍ਰਾਪਤ ਹੁੰਦਾ ਹੈ, ਮੁਕਤੀ ਨਹੀਂ ਮਿਲਦੀ।

ਫਿਰ ਸੰਤ ਨੇ ਪੁਛਿਆ - ਜੇ ਲੋਕ ਤ੍ਰੈਕਾਲ ਸੰਧਿਆ ਕਰਦੇ ਹਨ। ਵਿਆਕਰਣ ਆਦਿ ਪੜ੍ਹ ਕੇ ਵੇਦਾਂ ਸਾਸ਼ਤ੍ਰਾਂ ਦੇ ਪੰਡਿਤ ਹੋ ਜਾਂਦੇ ਹਨ। ਕਿਆ ਓਹ ਮੁਕਤੀ ਨੂੰ ਪ੍ਰਾਪਤ ਹੋਣਗੇ?

ਸ੍ਰੀ ਗੁਰੂ ਜੀ ਬੋਲੇ - ਨਿਰੇ ਇਤਨੇ ਕਰਨੇ ਨਾਲ ਮੁਕਤੀ ਨਹੀਂ। ਏਹ ਗੱਲਾਂ ਕਰੇ ਪਰ ਜੇ ਮੁਕਤੀ ਦੀ ਲੋੜ ਹੋਵੇ ਤਾਂ ਨਿਰੰਕਾਰ ਦਾ ਨਾਮ ਲੈ ਕੇ ਮਨ ਨੂੰ ਚਰਨ ਕਮਲਾਂ ਵਿਚ ਜੋੜੇ। ਨਹੀਂ ਤਾਂ ਭਾਈ ਸ਼ਾਸਤ੍ਰ ਬਨ ਹੈ ਇਨ੍ਹਾਂ ਵਿਚ ਗੁਆਚ ਜਾਣ ਦਾ ਵੀ ਡਰ ਹੁੰਦਾ ਹੈ। ਵਿਦਿਆ ਦੀਆਂ ਡੂੰਘਾਈਆਂ ਉਲਝਣਾਂ ਵਿਚ ਪਾ ਦਿੰਦੀਆਂ ਹਨ। ਸਾਫ, ਸ਼ੁੱਧ, ਨਿਸ ਭ੍ਰਮ, ਸੰਸੇ ਰਹਿਤ ਅਵਸਥਾ ਨੂੰ ਕੌਣ ਪਹੁੰਚਦਾ ਹੈ? ਨਜ਼ਰ ਪਸਾਰ ਕੇ ਤੇ ਮਿਲ ਕੇ ਪੰਡਿਤਾਂ ਵਿਦਵਾਨਾਂ ਨੂੰ ਵੇਖ ਲਓ। ਸੰਸੇ ਬਿਰਤੀ ਖੋ ਕੇ, ਨਿਸ਼ਚੇ ਦੇ ਘਰ ਲਿਜਾ ਕੇ, ਪਰਮਾਤਮ ਦੇਵ ਨਾਲ ਜੋੜ ਦੇਣ ਵਾਲਾ ਉਸੇ ਮੁਕਤੀ ਦਾਤਾ ਪ੍ਰਭੂ ਦਾ ਨਾਮ ਹੈ।

ਸੰਤ ਜੀ - ਇਹ ਜੋ ਸੰਨਿਆਸੀ ਲੋਕ ਡੰਡ ਕਮੰਡਲ ਲੈ ਕੇ ਹੋਰ ਸਭ ਕੁਛ ਤਿਆਗ ਕੇ ਤੀਰਥਾਂ ਤੇ ਫਿਰਦੇ ਮਿਲਦੇ ਹਨ ਤੇ ਗ੍ਰਿਹਸਤੀ ਜੋ ਸਿਖਾ, ਜਨੇਊ ਧਾਰਨ ਕਰਕੇ, ਧੋਤੀ ਖਾਸ ਤਰ੍ਹਾਂ ਪਹਿਨਕੇ ਸਮਝਦੇ ਹਨ ਕਿ ਹੁਣ ਮੁਕਤ ਹੋ ਗਏ ਤਾਂ ਕਿਆ ਇਹ ਠੀਕ ਹੈ?

ਸ੍ਰੀ ਗੁਰੂ ਜੀ - ਕਿਸੇ ਗੱਲ ਦੇ ਅਸੀਂ ਵਿਰੋਧੀ ਨਹੀਂ, ਨਾ ਐਵੇਂ ਪੱਖੀ ਹਾਂ। ਅਸੀਂ ਤਾਂ ਇਹ ਆਖਦੇ ਹਾਂ ਕਿ ਇਹ ਸਾਰਾ ਕੁਛ ਕਰਦਿਆਂ ਜੋ ਤੁਸਾਂ ਕਿਹਾ ਹੈ ਮਨ ਆਪਣੀਆਂ ਉਡਾਰੀਆਂ ਵਿਚ ਰਹਿੰਦਾ ਹੈ ਤੇ ਹਉ ਵਧਦੀ ਹੈ ਕਿ ਮੈਂ ਆਹ ਕਰ ਲਿਆ ਹੈ ਮੈਂ ਆਹ ਕਰ ਲਿਆ ਹੈ। ਤਦ ਦਸੋ ਮੁਕਤੀ ਕਿਸ ਤਰ੍ਹਾਂ ਹੱਥ ਆਵੇ। ਜੋ ਕੁਛ ਕਰਨਾ ਹੈ ਹਉ ਮਾਰਨ ਵਾਸਤੇ। ਹਉ ਇਨੀਂ ਗੱਲੀਂ ਮਰਦੀ ਨਹੀਂ। ਇਸ ਲਈ ਹੇ ਭਲਿਓ ਲੋਕੋ! ਹਰੀ ਦਾ ਨਾਮ ਜਪੋ, ਜੋ ਥਾਉਂ ਆਵੇ, ਮਨ ਭੱਜਣੋਂ ਡਿਗਣੋਂ ਟਿਕੇ ਇਕ ਨਿਰੰਕਾਰ ਦੀ ਲਿਵ ਵਿਚ ਆਵੇ ਤਦ ਜੀਵ ਇਸ ਭੈਜਲ ਰੂਪੀ ਸੰਸਾਰ ਤੋਂ ਪਾਰ ਹੋ ਜਾਵੇ।

ਤੁਸੀਂ ਪਸਾਰ ਕੇ ਤਕੋ ਕਈ ਲੋਕ ਘਰ ਬਾਰ ਛੱਡ ਕੇ ਜਟਾਂ ਵਧਾਉਂਦੇ ਹਨ, ਸੁਆਹ ਪਾ ਕੇ ਉਨ੍ਹਾਂ ਦੀ ਜਟ ਬਣਾ ਲੈਂਦੇ ਹਨ ਕਦੇ ਸਿਰ ਫੇਰ ਨਹੀਂ ਧੋ ਸਕਦੇ। ਸਰੀਰ ਤੇ ਵੀ ਸੁਆਹ ਮਲਦੇ

ਹਨ ਕਿ ਪਾਲਾ ਗਰਮੀ ਘਟ ਲੱਗੇ, ਮੱਛਰ ਘਟ ਡੰਗੇ, ਸੋ ਕਪੜੇ ਛੋੜਨ ਦਾ ਕੀ ਲਾਭ ਹੋਇਆ ਜੋ ਬਨਾਂ ਵਿਚ ਜਾ ਕੇ ਹੋਰ ਤਰਲੇ ਲੈਣੇ ਪਏ। ਓਹ ਲੋਕ ਦਸੋ ਮੁਕਤੀ ਮਾਰਗ ਦਾ ਕੀਹ ਕਰ ਰਹੇ ਹਨ, ਦੇਹੀ ਨੂੰ ਦੁਖ ਦੇ ਰਹੇ ਉਸਨੂੰ ਸੀਤ ਸਹਿਣ ਦੀ ਤਤਿਖਸ਼ਾ ਸਿਖਾ ਰਹੇ ਹਨ। ਮਨ ਦੀ ਸੋਧ ਹਰੇ ਰਾਮ ਦੀ ਨਹੀਂ ਹੈ। ਯਗ ਕੀਤੇ ਤੇ ਕੀਤੀ ਤਤਿਖਯਾ ਦਾ ਅਭਿਮਾਨ ਮਨ ਵਿਚ ਵਿਦਮਾਨ ਹੈ। ਫੇਰ ਕੁਛ ਕਾਲ ਬਨਾਂ ਵਿਚ ਰਹਿ ਕੇ ਫਿਰ ਨਿਕਲਦੇ ਹਨ। ਤੀਰਥੀ ਆ ਕੇ ਲੋਕਾਂ ਨੂੰ ਮਿਲਦੇ ਹਨ। ਅਪਨਾ ਮਾਨ ਵਧਾਉਂਦੇ ਹਨ। ਕਿਉਂਕਿ ਬਨ ਵਿਚ ਤਤਿਖਯਾ ਕਰਦਿਆਂ ਮਨ ਵਿਚ ਤ੍ਰਿਪਤੀ ਨਹੀਂ ਸੀ ਆਈ। ਅਤ੍ਰਿਪਤ ਮਨ ਕਿਵੇਂ ਮੁਕਤ ਹੋ ਸਕਦਾ ਹੈ। ਇਹ ਤਾਂ ਸੰਤ ਜੀ ਜੋ ਕਰਮ ਕਰ ਚੁਕੇ ਹਾਂ, ਹੁਣ ਕਿ ਪਹਿਲੋਂ ਉਨ੍ਹਾਂ ਦੇ ਅੰਦਰ ਸੰਸਕਾਰ ਪਏ ਹੋਏ ਹਨ, ਓਹ ਸੰਸਕਾਰ ਅਤ੍ਰਿਪਤੀ ਦੇ ਹਨ, ਉਨ੍ਹਾਂ ਨੂੰ ਹਉ ਦੇ ਕਰਮ ਕਟ ਨਹੀਂ ਸਕਦੇ, ਚਾਹੇ ਕੋਈ ਕਰਮ ਪਏ ਕਰੋ। ਅੰਦਰਲੇ ਸੰਸਕਾਰ ਲਈ ਫਿਰਦੇ ਹਨ। ਚੱਕਰ ਵਿਚ ਗ੍ਰਹਿਸਤੀ ਨੂੰ ਬੀ ਤੇ ਭੇਖੀ ਨੂੰ ਬੀ ਭੇਖਾਂ ਵਿਚ ਪਏ ਭੁਆਉਂਦੇ ਹਨ। ਬਿਨਾਂ ਹਰੀ ਨਾਮ ਨੂੰ, ਰਾਮ ਨੂੰ, ਨਿਰੰਕਾਰ ਨੂੰ ਪ੍ਰਾਪਤੀ ਦਾ ਨਿਸ਼ਾਨਾ ਬਣਾ ਕੇ, ਅਪਨੇ ਪਿਆਰ ਧਿਆਨ ਦਾ ਧਰੁਵਾ ਬੰਨ ਕੇ ਉਸ ਦਾ ਨਾਮ ਸਿਮਰਿਆ, ਉਸ ਦੀ ਯਾਦ ਵਿਚ ਵਸਦਿਆਂ, ਉਸਦੀ ਹਜੂਰੀ ਵਿਚ ਤੁਰਦਿਆਂ ਤ੍ਰਿਪਤੀ ਨਹੀਂ ਆਉਂਦੀ, ਅਗਨੀ ਵਿਚ ਲਕੜੀ ਪਾਇਆਂ ਅਗਨੀ ਵਧਣੀ ਹੈ। ਹਰੀ ਨਾਮ ਨੇ ਤ੍ਰਿਸ਼ਨਾ ਦੀ ਅੱਗ ਮੇਟਣੀ ਹੈ, ਸ਼ਾਂਤੀ ਲਿਆਉਣੀ ਹੈ, ਨਾਮੀ ਨਾਲ ਮੇਲਣਾ ਹੈ। ਅਪਨੇ ਸੋਮੇ ਨਾਲ ਮਿਲ ਕੇ ਤ੍ਰਿਪਤੀ ਆਉਣੀ ਹੈ, ਜਿਵੇਂ ਨਦੀ ਥਲਾਂ ਵਿਚ ਭਟਕਦੀ ਸ਼ਾਂਤੀ ਨਹੀਂ ਪ੍ਰਾਪਤ ਕਰਦੀ ਸਾਗਰ ਨੂੰ ਮਿਲ ਕੇ ਤ੍ਰਿਪਤ ਹੁੰਦੀ ਹੈ। ਸੰਤ ਜੀ ਸੁਰਤਰੂਪੀ ਨਦੀ ਦੀ ਧਾਈ ਕਰਤਾਰ ਵਲ ਪਾਏ ਰਖਣ ਦੀ ਜਾਚ ਵਿਚ ਜੀਵਨ ਨੂੰ ਲੈ ਆਓ। ਪਰ ਇਕ ਭੁਲੇਵਾ ਨਾ ਖਾਣਾ ਉਚਾ ਸੁੱਚਾ ਆਚਰਨ ਰਖਣਾ, ਵਿਕਾਰਾਂ ਤੋਂ ਬਚਣਾ। ਸਰਬੱਤ ਦਾ ਭਲਾ ਚਿਤਵਨਾ ਇਹ ਸ਼ੁਭ ਕਰਮ ਕਦੇ ਨਹੀਂ ਤਿਆਗਣੇ।

ਮੈਂ ਤੁਸਾਨੂੰ ਕਿਉਂ ਉਪਦੇਸ਼ ਕਰਾਂ! ਤੁਸਾਂ ਪੁਛਿਆ ਹੈ ਮੈਂ ਉਤਰ ਦੇ ਦਿਤੇ ਹਨ। ਸੱਚ ਜੀਵਨ ਹੈ, ਸੱਚ ਆਸਾ ਹੈ, ਸੱਚ ਆਦਿ ਹੈ ਸੱਚ ਅੰਤ ਹੈ, ਸੋ ਥੋੜਾ ਉਪਦੇਸ਼ ਦੇ ਦਿਤਾ ਹੈ ਬਾਕੀ ਮੇਰਾ ਜੀਵਨ ਕੀ ਹੈ - ਅਰਦਾਸ। ਇਹ ਆਖਦੇ ਆਪ ਦੇ ਨੈਣ ਮਿਟ ਗਏ, ਹੱਥ ਜੁੜ ਗਏ ਤੇ ਅਰਦਾਸ ਵਿਚ ਪੈ ਗਏ। ਅਵਾਜ਼ ਆਈ -

ਹੇ ਕਰਤਾ ਪੁਰਖ! ਹੇ ਨਿਰੰਕਾਰ! ਹੇ ਸਾਰੇ ਜਲ ਥਲ ਤੇ ਜੀਵਾਂ ਅਜੀਵਾਂ ਵਿਚ ਵਿਆਪਕ ਮਿਹਰ ਪੁੰਜ ਜੀਓ! ਤੁਸੀਂ ਹਰ ਜੀਵ ਦੇ ਅੰਦਰ ਹੋ, ਆਪ ਪ੍ਰੇਰਣਾ ਕਰੋ ਸਭ ਨੂੰ ਕਿ ਆਪ ਨਾਲ ਲਗ ਪੈਣ। ਮੈਂ ਦਾਸ ਨੂੰ ਰਖ ਲਓ, ਅਪਨੀ ਮਿਹਰ ਦਾ ਸਦਕਾ ਬਚਾ ਲਓ ਮਾਇਆ ਤੇ ਹਉ ਦੇ ਕੁਫੇਰਾਂ ਤੋਂ, ਹਾਂ ਗੁਰੂ ਦੀ ਕ੍ਰਿਪਾ ਦੁਆਰਾ ਮੈਨੂੰ ਨਾਮ ਵਿਚ ਲਾ ਲਓ ਹਰੀ ਨਾਮ ਦੁਆਰਾ ਆਪਣਾ ਹਰੀ ਰਸ ਬਖਸ਼ੋ। ਤੇ ਇਹ ਹੇ ਹਰੇ ਹੇ ਰਾਮ ਹੇ ਕਰਤਾਰ ਇਹ ਦਾਸ ਨਾਨਕ ਆਪਣੇ ਪਿਰਮ ਰਸ ਨੂੰ ਪੀਂਦਾ ਰਹੇ। ਧੰਨ ਨਿਰੰਕਾਰ, ਧੰਨ ਨਿਰੰਕਾਰ।

ਇਹ ਉਚਾਰਦੇ ਕਿਤਨਾ ਚਿਰ ਹਰੀ ਰੰਗ ਮੱਤੇ ਬੈਠੇ ਰਹੇ। ਜਦ ਹਰੀ ਰੰਗ ਮੱਤੇ ਨੈਣ ਖੁਲੇ ਤਾਂ ਸੰਤਾਂ ਤੇ ਮਿਹਰ ਦੀ ਨਜਰ ਪਈ। ਓਹ ਸਾਰੇ ਚਰਨੀਂ ਢਹਿ ਪਏ। ਆਖਣ ਲੱਗੇ - ਤ੍ਰਾਹਿਮਾਂ ਤ੍ਰਹਿਮਾਂ, ਰਸ, ਰਸ। ਪਾਹਿਮਾਂ, ਪਾਹਿਮਾਂ। ਤਦ ਗੁਰੂ ਮਿਹਰਾਂ ਵਾਲਾ ਮਿਹਰਾਂ ਦੇ ਘਰ ਵਸਦਾ ਹੋਰ ਮੇਹਰ ਵਿਚ ਆਇਆ। ਸਾਰਿਆਂ ਨੂੰ ਨਾਮ ਦਾਨ ਦਿਤਾ। ਵਾਹਿਗੁਰੂ ਦੇ ਨਾਮ ਵਿਚ ਬਰਕਤਾਂ ਵਾਲੀ ਸ਼ਾਰਤ ਲਾ ਦਿਤੀ। ਸਾਰੇ ਨਾਮ ਧਾਰਨ ਕਰਕੇ ਗੁਰੂ ਕੇ ਸਿੱਖ ਹੋਏ ਤੇ ਲਗ ਪਏ ਸਿੱਧੇ ਲਿਵ ਦੇ ਰਸਤੇ ਜੋ ਪਹੁੰਚਾ ਦਿੰਦਾ ਹੈ ਵਾਹਿਗੁਰੂ ਦੀ ਚਰਣ ਸ਼ਰਣ। ਓਹ ਸੰਤ ਜੋ ਅੱਗੇ ਹੀ ਅਭਿਆਸੀ ਸਨ ਤੇ ਸੁਣ ਕੇ ਉਪਦੇਸ਼ ਤੁਰ ਪਏ ਭਵ ਸਾਗਰ ਤਰਨ ਦੇ ਰਸੇ, ਪਰ ਜੋ ਉਪਦੇਸ਼ ਉਨ੍ਹਾਂ ਨੂੰ ਮਿਲਿਆ ਸੀ, ਸੋ ਉਨ੍ਹਾਂ ਪਰ ਹੀ ਸਾਰਾ ਖਰਚ ਨਹੀਂ ਹੋ ਗਿਆ। ਸਾਡੇ ਸਾਰਿਆਂ ਦੇ ਸਦੀਵ ਭਲੇ ਦੀ ਸੇਧ ਬਣ ਗਿਆ। ਮਿਹਰਾਂ ਦੇ ਸਾਈਂ ਨੇ ਉਹ ਉਪਦੇਸ਼ ਇਕ ਸ਼ਬਦ ਵਿਚ ਲਿਖ ਦਿਤਾ। ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਵਿਤਰ ਬੀੜ ਵਿਚ ਚਾੜ੍ਹਿਆ ਤੇ ਜਿਸ ਦਾ ਪਾਠ ਐਉਂ ਹੈ -

ਜਗਨ ਹੋਮ ਪੁੰਨ ਤਪ ਪੂਜਾ
ਦੇਹ ਦੁਖੀ ਨਿਤ ਦੂਖ ਸਹੈ ॥
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ
ਮੁਕਤਿ ਨਾਮਿ ਗੁਰਮੁਖਿ ਲਹੈ ॥ ੧ ॥
ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ॥
ਬਿਖੁ ਖਾਵੈ ਬਿਖੁ ਬੋਲੀ ਬੋਲੈ
ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥ ੧ ॥ ਰਹਾਉ॥
ਪੁਸਤਕ ਪਾਠ ਬਿਆਕਰਣ ਵਖਾਣੈ
ਸੰਧਿਆ ਕਰਮ ਤਿਕਾਲ ਕਰੈ ॥
ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ
ਰਾਮ ਨਾਮ ਬਿਨੁ ਉਰਝਿ ਮਰੈ ॥ ੨ ॥
ਡੰਡ ਕਮੰਡਲ ਸਿਖਾ ਸੂਤੁ ਧੋਤੀ
ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥
ਰਾਮ ਨਾਮ ਬਿਨੁ ਸਾਂਤਿ ਨ ਆਵੈ
ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥ ੩ ॥
ਜਟਾ ਮੁਕਟੁ ਤਨਿ ਭਸਮ ਲਗਾਈ
ਬਸਤ੍ਰ ਛੋਡਿ ਤਨਿ ਨਗਨੁ ਭਇਆ ॥
ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ
ਕਿਰਤ ਕੈ ਬਾਂਧੇ ਭੇਖੁ ਭਇਆ ॥ ੪ ॥
ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ
ਜਤ੍ਰ ਕਤ੍ਰ ਤੂ ਸਰਬ ਜੀਆ ॥
ਗੁਰ ਪਰਸਾਦਿ ਰਾਖਿ ਲੇ ਜਨ ਕਉ
ਹਰਿ ਰਸੁ ਨਾਨਕ ਝੋਲਿ ਪੀਆ ॥ ਅੰਗ - ੧੧੨੭

(-----)

ਮਾਨਵਤਾ ਦੇ ਨਾਂ
(A Call To Humanity)

ਡਾ. ਸਵਾਮੀ ਰਾਮ ਜੀ
ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ

ਪਸ਼ਚਾਤਾਪ ਕੇਵਲ ਇਕ ਪਛਤਾਵਾ ਬਣ ਕੇ ਨਹੀਂ ਰਹਿ ਜਾਣਾ ਚਾਹੀਦਾ। ਪਛਤਾਵਾ ਆਪਣੇ ਆਪ ਨੂੰ ਸੋਧਣ ਦੀ ਪਹਿਲੀ ਪੌੜੀ ਹੈ। ਇਸ ਨਾਲ ਤੁਸੀਂ ਆਪਣੀ ਗਲਤੀ ਨੂੰ ਕੇਵਲ ਮੰਨ ਕੇ ਹੀ ਨਹੀਂ, ਤੁਸੀਂ ਆਪਣੇ ਮਨ ਨੂੰ ਵੀ ਇਸ ਗੱਲ ਲਈ ਮਨਾ ਲੈਂਦੇ ਹੋ ਕਿ ਬਾਰ-ਬਾਰ ਗਲਤੀ ਕਰਨੀ ਠੀਕ ਨਹੀਂ। ਦੂਸਰੀ ਪੌੜੀ ਹੈ ਕਿ ਆਪਣੀ ਗਲਤੀ ਉਨ੍ਹਾਂ ਅੱਗੇ ਮੰਨ ਲੈਣੀ ਜਿਹੜੇ ਪਿਆਰੇ ਹਨ, ਵਿਚਾਰਵਾਨ ਹਨ, ਦਇਆਲੂ ਹਨ। ਇਸ ਤਰ੍ਹਾਂ ਕਰਨ ਨਾਲ ਤੁਸੀਂ ਪਾਪੀ ਦੀ ਭਾਵਨਾ ਤੋਂ ਛੁਟ ਜਾਂਦੇ ਹੋ, ਡਰ ਖਤਮ ਹੋ ਜਾਂਦਾ ਹੈ, ਸਵੈ ਨਖੇਦੀ ਖਤਮ ਹੋ ਜਾਂਦੀ ਹੈ, ਇਸ ਤਰ੍ਹਾਂ ਨਾਲ ਇਛਾ ਸ਼ਕਤੀ ਵਧਦੀ ਹੈ। ਇਸ ਤਰ੍ਹਾਂ ਕਰਨ ਨਾਲ ਉਹ ਆਪਣੀ ਹੀ ਮਨੋਦਸ਼ਾ, ਨਿਰਾਸਤਾ ਤੋਂ ਨਿਕਲ ਕੇ ਪ੍ਰਸੰਨ ਚਿਤ ਹੋ ਜਾਂਦਾ ਹੈ। ਤੀਸਰੀ ਪੌੜੀ ਹੈ ਵਿਵੇਕ ਜਗਾਉਣਾ ਆਪਣੇ ਮਨ ਨੂੰ ਗਲਤ ਕੰਮ ਕਰਨ ਤੋਂ ਰੋਕਣਾ ਸਕਾਰਾਤਮਕ ਸੋਚ ਰਖਣੀ। ਮਨੋਵਿਗਿਆਨ ਇਸ ਨੂੰ ਸਿਖਿਆ ਕਹਿੰਦਾ ਹੈ ਜਦੋਂ ਕਿ ਅਧਿਆਤਮਵਾਦ ਦੀ ਭਾਸ਼ਾ ਵਿਚ ਇਸ ਨੂੰ ਸਵੈ ਪਰਿਵਰਤਨ ਕਹਿੰਦੇ ਹਨ।

ਜਿਹੜਾ ਮਨੁਖ ਸਵੈ ਸਾਧਨ ਦੇ ਮਾਰਗ ਤੇ ਚਲ ਰਿਹਾ ਹੈ ਉਸ ਨੂੰ ਹਉਮੈ ਦਾ ਬਹੁਤ ਜ਼ਿਆਦਾ ਧਿਆਨ ਰਖਣਾ ਚਾਹੀਦਾ ਹੈ, ਸਤਿ ਦੇ ਗੁਣ ਹੁੰਦਿਆਂ ਅਹਿੰਸਿਕ ਹੁੰਦਿਆਂ ਹੋਰ ਸਾਤਵਿਕ ਗੁਣ ਹੁੰਦਿਆਂ, ਮਨੁਖ ਹਉਮੈ ਭਰਪੂਰ ਹੋ ਜਾਂਦਾ ਹੈ। ਸਾਤਵਿਕ ਹਉਮੈ ਵਧੇਰੇ ਸੂਖਮ ਹੋ ਕੇ ਹੋਰ ਵੀ ਵਧੇਰੇ ਹਾਨੀਕਾਰਕ ਹੋ ਜਾਂਦੀ ਹੈ, ਸੰਸਾਰਕ ਹਉਮੈ ਤੋਂ ਭੀ ਵਧੇਰੇ। ਕਰੜੀ ਮਿਹਨਤ ਕਰਕੇ ਤੁਸੀਂ ਮਨ ਦੀ ਇਕਾਗਰਤਾ ਪ੍ਰਾਪਤ ਕਰ ਸਕਦੇ ਹੋ, ਸੱਚ ਬੋਲ ਸਕਦੇ ਹੋ, ਸੇਵਾ ਕਰ ਸਕਦੇ ਹੋ, ਪਰ ਸਤਿ ਦੀ ਪ੍ਰਾਪਤੀ ਕੇਵਲ ਹਉਮੈ ਤਜ ਕੇ ਆਪਣੇ ਆਪ ਨੂੰ ਪ੍ਰਮਾਤਮਾ ਨੂੰ ਸਮਰਪਣ ਕਰਕੇ ਹੀ ਹੋ ਸਕਦੀ ਹੈ। ਮਨੁਖ ਆਦਰਸ਼ ਪ੍ਰਾਪਤੀ ਦੇ ਭਾਵੇਂ ਕਿੰਨਾਂ ਹੀ ਨੇੜੇ ਕਿਉਂ ਨਾ ਹੋਵੇ, ਜਦੋਂ ਤਕ ਹਉਮੈ ਵਾਲਾ ਪੜਦਾ ਬਣਿਆ ਰਹੇਗਾ ਪ੍ਰਾਪਤੀ ਹੋ ਹੀ ਨਹੀਂ ਸਕਦੀ, ਅੰਤਰ ਹੋ ਹੀ ਨਹੀਂ ਸਕਦੀ, ਇਕ ਵਾਰੀ ਜਦੋਂ ਹਉਮੈ ਦਾ ਪੜਦਾ ਖਤਮ ਹੋ ਜਾਂਦਾ ਹੈ, ਉਸ ਦੇ ਅੰਦਰ ਹੀ ਵਿਸ਼ਵ ਪ੍ਰਗਟ ਹੋ ਜਾਂਦਾ ਹੈ, ਫੇਰ ਹੀ ਉਹ ਸਾਰਿਆਂ ਨੂੰ ਪਿਆਰ ਕਰਨ ਲੱਗ ਪੈਂਦਾ ਹੈ, ਕੋਈ ਵੀ ਬਾਹਰ ਨਹੀਂ ਰਹਿੰਦਾ, ਜਿਹੜੇ ਆਪਣੇ ਭਾਈ ਬੰਧੂਆਂ ਨੂੰ ਪਿਆਰ ਨਹੀਂ ਕਰ ਸਕਦਾ ਉਹ ਪ੍ਰਭੂ ਨੂੰ ਕਿਵੇਂ ਪਿਆਰ ਕਰ ਸਕਦਾ ਹੈ।

ਜੇਕਰ ਮਨੁਖ ਆਪਣੇ ਅੰਦਰ ਦੇ ਗੁਣਾਂ ਨੂੰ ਪੂਰੀ ਤਰ੍ਹਾਂ ਨਾਲ ਨਾ ਖੋਲ੍ਹ ਸਕੇ, ਉਹ ਕਾਫੀ ਦੁਖੀ ਰਹਿੰਦਾ ਹੈ। ਉਹ ਦੁਰਬਲ ਹੋ ਕੇ ਦੂਸਰਿਆਂ ਦੀ ਸਹਾਇਤਾ ਕਰਨ ਦੀ ਇਛਾ ਰਖਦਾ ਹੋਵੇ। ਅੰਦਰ ਦੇ ਗੁਣਾਂ ਨੂੰ ਪ੍ਰਗਟ ਕਰਨ ਲਈ ਉਸ ਨੂੰ ਆਪਣੇ ਆਪ ਨੂੰ ਸ਼ੁਧ ਕਰਨਾ ਪਵੇਗਾ, ਹਉਮੈ ਛੱਡਣੀ ਪਵੇਗੀ, ਆਪਣੇ ਆਪ ਨੂੰ ਸਮਰਪਣ ਕਰਨਾ ਪਵੇਗਾ। ਆਪਾ ਸਮਰਪਣ ਕਰਨ ਪਸ਼ਚਾਤ ਹੀ ਹਉਮੈ ਦੀ ਗੁਲਾਮੀ ਛੱਡਣ ਤੋਂ ਬਾਅਦ ਹੀ ਜਗਿਆਸੂ ਆਪਣੀਆਂ ਸਰੀਰਕ, ਇੰਦ੍ਰੀਆਂ ਮਾਨਸਿਕ ਸੀਮਾ ਤੋਂ ਅੱਗੇ ਲੰਘ ਸਕਦਾ ਹੈ। ਲਗਾਤਾਰ ਮੈਡੀਟੇਸ਼ਨ ਕਰਕੇ, ਚਿੰਤਨ ਕਰਕੇ ਅੰਤ ਨੂੰ ਇਕ ਦਿਨ ਉਹ ਜਾਗ੍ਰਤੀ ਪ੍ਰਾਪਤ ਕਰ ਹੀ ਲੈਂਦਾ ਹੈ, ਵਿਵੇਕੀ ਹੋ ਜਾਂਦਾ ਹੈ, ਵਿਵੇਕੀ ਜਾਗ੍ਰਤੀ ਪ੍ਰਾਪਤ ਕਰਕੇ ਉਹ ਅੰਤਰ ਹੋ ਜਾਂਦਾ ਹੈ, ਵਿਵੇਕੀ ਜਾਗ੍ਰਤੀ ਪ੍ਰਾਪਤ ਕਰਕੇ ਉਹ ਅੰਤਰ ਹਿਰਦੇ ਦਾ ਬਾਦਸ਼ਾਹ ਬਣ ਜਾਂਦਾ ਹੈ। ਉਹ ਆਪਣਾ ਸਾਰਾ ਜੀਵਨ ਹੀ ਵਿਵੇਕ ਦਾ ਪ੍ਰੇਰਿਤ ਮਹਿਸੂਸ ਕਰਦਾ ਹੈ, ਨਾਲ ਹੀ ਆਸਥਾ ਦਾ ਬਧਾ ਇਸੇ ਹੀ ਪ੍ਰੇਰਨਾ ਦਾ ਖਿਚਿਆ ਉਹ ਸਾਰੇ ਕਰਮ ਕਰਦਾ ਹੈ। ਜਦੋਂ ਤਕ ਵਿਵੇਕ ਤੇ ਵਿਸ਼ਵਾਸ਼, ਇਹ ਦੋਨੋਂ ਪੂਰੀ ਤਰ੍ਹਾਂ ਨਾਲ ਪ੍ਰਗਟ ਨਹੀਂ ਹੋ ਜਾਂਦੇ, ਮਨੁਖ ਮਨ ਤੇ ਹਉਮੈ ਤੋਂ ਉਪਰ ਨਹੀਂ ਉਠ ਸਕਦਾ ਨਾ ਤਾਂ ਉਹ ਆਪਣੇ ਅਬੜਵਾਹੇ ਕਰ ਸਕਦਾ ਹੈ, ਨਾ ਹੀ ਪੂਰੇ ਮਨ ਨਾਲ ਕਰ ਸਕਦਾ ਹੈ, ਪ੍ਰਮਾਤਮਾ ਵਿਚ ਵਿਸ਼ਵਾਸ਼ ਤੋਂ ਬਿਨਾਂ ਉਹ ਆਪਣੀ ਤਾਂਘ ਤੋਂ ਅਸੁਰਖਿਆ ਤੋਂ ਛੁਟਕਾਰਾ ਨਹੀਂ ਪਾ ਸਕਦਾ। ਬਿਨਾਂ ਵਿਵੇਕ ਦੇ ਬਿਨਾਂ ਵਿਸ਼ਵਾਸ਼ ਦੇ ਉਹ ਭਾਵੇਂ ਕਰਮ ਤਾਂ ਕਰ ਲਵੇ ਪਰ ਉਹ ਦੁਬਿਧਾ ਵਿਚ ਹੀ ਰਹੇਗਾ। ਇਸੇ ਕਰਕੇ ਅਧਿਆਤਮ ਮਾਰਗ ਤੇ ਸਭ ਤੋਂ ਵੱਡੀ ਚੀਜ਼ ਹੈ ਹਉਮੈ ਦਾ ਤਿਆਗ, ਪ੍ਰਭੂ ਸਮਰਪਣ, ਵਿਵੇਕੀ ਹੋਣਾ, ਨਿਰੋਲ ਆਸਥਾ। ਇਕ ਵਾਰੀ ਜਦੋਂ ਇਹ ਸਾਰੀਆਂ ਪਉੜੀਆਂ ਚੜ੍ਹ ਜਾਂਦਾ ਹੈ ਫੇਰ ਸੋਚਣੀ, ਕਥਨੀ ਤੇ ਕਰਨੀ ਇਕ ਹੋ ਜਾਂਦੀ ਹੈ।

ਅੱਜ ਮਨੁਖਤਾ ਹਉਮੈ ਤੋਂ ਅਸਮਾਨਤਾ ਦੇ ਰੰਗਾਂ ਦੀ ਗ੍ਰਸੀ ਪਈ ਹੈ। ਅੱਜ ਲੋਕੀ ਆਪਣੇ ਭੈਣ ਭਰਾ ਨਾਲ, ਮਜ਼ਹਬ ਤੋਂ ਜ਼ਾਤ-ਪਾਤ ਤੋਂ, ਰੰਗ ਢੰਗ ਤੋਂ ਦੁਜਾਇਗੀ ਕਰਦੇ ਹਨ, ਇਨ੍ਹਾਂ ਗੱਲਾਂ ਤੋਂ ਛੁਟਕਾਰਾ ਪਾਉਣ ਲਈ ਕੋਈ ਸਿਆਸਤੀ ਸਮਾਧਾਨ ਨਹੀਂ ਹੋ ਸਕਦਾ। ਜਦੋਂ ਸਾਰੇ ਇਹ ਸਮਝ ਜਾਣ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦੀ ਜੜ੍ਹ ਓਨਾਂ ਅਹੰਕਾਰ ਹੈ, ਹਉਮੈ ਹੈ, ਉਹ ਆਪਣੀਆਂ ਸਮਸਿਆਵਾਂ ਦਾ ਸਮਾਧਾਨ ਕਰ ਲੈਣਗੇ, ਉਹ ਜਾਤ-ਪਾਤ, ਮਜ਼ਹਬ ਆਪਣੀਆਂ ਵੰਡੀਆਂ ਇਕ ਪਾਸੇ ਕਰ ਦੇਣਗੇ। ਆਪਣੇ ਆਪ ਨੂੰ ਕਿਸੇ ਗਰੁੱਪ ਨਾਲ ਕਿਸੇ ਸੰਪਰਦਾ ਨਾਲ ਇਕ ਕਰਨ ਦੀ ਥਾਂ ਉਹ ਆਪਣੇ ਆਪ ਨੂੰ ਮਨੁਖਤਾ ਨਾਲ ਜੋੜਨਗੇ।

ਫੇਰ ਉਹ ਸਭ ਨੂੰ ਪਿਆਰ ਕਰਨਗੇ, ਆਪਣੇ ਅਧੀਨ ਕਰ ਛੱਡਣ ਵਿਚ ਉਨ੍ਹਾਂ ਨੂੰ ਚੰਗਾ ਲਗੇਗਾ, ਦੂਸਰਿਆਂ ਦੇ ਅਧਿਕਾਰ ਦੂਸਰਿਆਂ ਦੀਆਂ ਭਾਵਨਾਵਾਂ ਉਨ੍ਹਾਂ ਨੂੰ ਚੰਗੀਆਂ ਲਗਣਗੀਆਂ। ਫੇਰ ਉਹ ਆਪਣੇ ਦਵੰਦ ਛੇਤੀ-ਛੇਤੀ ਖਤਮ ਕਰ ਲੈਣਗੇ।

ਅਨੰਤ ਜੀਵਨ ਵਿਚ ਵਹਿੰਦਿਆਂ, ਮਨੁਖ ਲੱਖਾਂ ਜੀਵਨ ਧਾਰਾ ਵਿਚੋਂ ਲੰਘਦਾ ਹੈ। ਆਪਣੇ ਸਥਾਈ ਪੈਂਡੇ ਤੇ ਉਸ ਨੇ ਅਨੇਕਾਂ ਨਾਮ, ਅਨੇਕਾਂ ਆਕਾਰ ਧਾਰਣ ਕੀਤੇ ਹਨ। ਮਨੁਖ ਆਉਂਦਾ ਰਿਹਾ ਹੈ, ਜਾਂਦਾ ਰਿਹਾ ਹੈ, ਜੰਮਦਾ ਰਿਹਾ ਹੈ, ਮਰਦਾ ਰਿਹਾ ਹੈ, ਵੱਖ-ਵੱਖ ਜਾਤੀਆਂ, ਵੱਖ-ਵੱਖ ਸਪੀਸ਼ਜ਼ਾਂ ਦਾ ਅਨੁਭਵ ਲੈਂਦਾ ਰਿਹਾ ਹੈ, ਕੋਈ ਨਹੀਂ ਜਾਣਦਾ ਕਿ ਮਨੁਖਾ ਜਨਮ ਲੈਣ ਲਈ ਉਸ ਨੂੰ ਕਿੰਨਾਂ ਸਮਾਂ ਲਗ ਗਿਆ ਹੈ, ਜਿਥੇ ਪਹੁੰਚ ਕੇ ਮਨੁਖ ਨੂੰ ਇਛਾ ਸ਼ਕਤੀ, ਵਿਵੇਕ, ਸੋਚ ਇਹ ਸਭ ਪ੍ਰਾਪਤ ਹੋਈਆਂ ਹਨ, ਉਸ ਦੀ ਜੀਵਨ ਲਹਿਰ ਵਖ-ਵਖ ਅਨੁਭਵਾਂ ਨਾਲ ਭਰਪੂਰ ਹੈ, ਵਖ-ਵਖ ਪ੍ਰਤਿਕਰਮ ਪ੍ਰਤਿਕ੍ਰਿਆ ਨਾਲ ਭਰਪੂਰ ਹੈ, ਜੰਮਣਾ ਤੇ ਮਰਨਾ ਜਿਵੇਂ ਇਕ ਸਦੀਵੀ ਗੇੜ ਹੋਵੇ, ਕਦੀ ਨਾ ਮੁਕਣ ਵਾਲਾ ਗੇੜ। ਮਨੁਖ ਜਨਮ ਲੈਂਦਾ ਹੈ ਫੇਰ ਮੌਤ ਦੀ ਗੋਦ ਵਿਚ ਜਾਂਦਾ ਹੈ, ਮੌਤ ਦੀ ਗੋਦ ਵਿਚੋਂ ਮੁੜ ਕੇ ਫੇਰ ਜਨਮ ਲੈਂਦਾ ਹੈ। ਇਹ ਗੇੜ ਜਿਸ ਨੂੰ ਚੌਰਾਸੀ ਦਾ ਗੇੜ ਵੀ ਕਹਿੰਦੇ ਹਨ ਉਦੋਂ ਤਕ ਚਲਦਾ ਰਹਿੰਦਾ ਹੈ ਉਸ ਨੂੰ ਗਿਆਨ ਪ੍ਰਾਪਤ ਨਹੀਂ ਹੋ ਜਾਂਦਾ, ਉਸ ਨੂੰ ਆਪਣੀ ਪਛਾਣ ਨਹੀਂ ਹੋ ਜਾਂਦੀ ਤੇ ਉਹ ਅੰਤਮ ਸਤਿ ਨਾਲ ਨਹੀਂ ਜਾ ਮਿਲਦਾ, ਵਿਵੇਕ ਨਾਲ ਉਹ ਆਪਣੇ ਆਪ ਨੂੰ ਆਪਣੀ ਆਤਮਾ ਤੋਂ ਵਖ ਕਰਕੇ, ਆਪਣੇ ਆਪ ਨੂੰ ਦੁਖਾਂ ਸੰਤਾਪਾਂ ਤੋਂ ਵਖ ਕਰਕੇ ਉਪਰ ਉਠਦਾ ਹੈ। ਮਨੁਖ ਨੂੰ ਪ੍ਰਮਾਤਮਾ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਜਿਸ ਨੇ ਉਸ ਨੂੰ ਵਿਵੇਕ ਬਖਸ਼ਿਆ ਹੈ। ਸਵੈ ਲਿਸ਼ਕਦਾ, ਸਵੈ ਜਾਗ੍ਰਤ ਉਤਮ ਸਤਿ ਹੀ ਚੇਤਨਤਾ ਦਾ ਬਿੰਦੂ ਹੈ। ਬੁੱਧੀ ਆਪਣਾ ਵਿਵੇਕ ਚੇਤਨਤਾ ਦੇ ਬਿੰਦੂ ਤੋਂ ਹੀ ਲੈਂਦੀ ਹੈ। ਵਿਵੇਕ ਦੀ ਸਦ ਵਰਤੋਂ ਕਰਕੇ ਹੀ ਮਨੁਖ ਨਿਰਭੈ ਹੁੰਦਾ ਹੈ, ਉਥੇ ਤਕ ਪਹੁੰਚਦਾ ਹੈ।

ਮਨੁਖ ਆਪਣਾ ਬਾਹਰੀ ਜੀਵਨ ਸੰਗਠਨ ਕਰਕੇ ਹੀ ਆਪਣਾ ਮਨ ਤੇ ਹਿਰਦਾ ਸ਼ੁਧ ਕਰ ਸਕਦਾ ਹੈ। ਬਾਹਰੀ ਸੰਸਾਰ ਅੰਦਰ ਖੇਰੂੰ ਹੋਇਆ ਮਨ ਜੀਵਨ ਉਦੇਸ਼ ਤੇ ਚਿੰਤਨ ਕਰ ਹੀ ਨਹੀਂ ਸਕਦਾ। ਉਹ ਹਿਰਦਾ ਜਿਹੜਾ ਦਵੰਦੀ ਭਾਵਨਾਵਾਂ ਨਾਲ ਅਸ਼ਾਂਤ ਹੈ ਉਹ ਨਿਰਸੁਆਰਥੀ ਪ੍ਰੇਮ ਕਰ ਹੀ ਨਹੀਂ ਸਕਦਾ, ਦਇਆ ਸੇਵਾ ਕਰ ਹੀ ਨਹੀਂ ਸਕਦਾ। ਮਨੁਖ ਨੂੰ ਆਪਣੇ ਪਰਿਵਾਰ ਨਾਲ, ਆਪਣੇ ਆਪ ਨਾਲ, ਸਮਾਜ ਨਾਲ ਭਾਈਚਾਰੇ ਨਾਲ ਬਰਾਦਰੀ ਨਾਲ ਅਨੁਕੂਲ ਹੋਣਾ ਚਾਹੀਦਾ ਹੈ, ਸਮਝੌਤਾ ਕਰਨਾ ਚਾਹੀਦਾ ਹੈ ਤਾਂ ਜੋ ਸਾਰਿਆਂ ਲਈ ਸ਼ਾਂਤਮਈ ਵਾਤਾਵਰਣ ਬਣ ਸਕੇ। ਸਮਾਜ ਦੇ ਨੈਤਿਕਤਾ ਦੇ, ਸਦਾਚਾਰਕ ਨਿਯਮ ਸ਼ਾਂਤੀ ਅਤੇ ਇਕਸਾਰਤਾ ਬਣਾਈ ਰੱਖਣ ਲਈ ਹੀ ਹਨ। ਮਨੁਖ ਨੂੰ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਆਪਣੇ ਨਿਜੀ ਗੋਲ ਦੂਸਰਿਆਂ ਦੇ ਗੋਲ ਨੂੰ ਪਾਸੇ ਕਰਕੇ ਨਹੀਂ ਅੱਗੇ ਕਰਨੇ ਚਾਹੀਦੇ, ਮਨੁਖ ਆਪਣੇ ਨਿਜੀ ਗੋਲ ਦੂਸਰਿਆਂ ਦੇ ਗੋਲ ਨੂੰ ਲਾਂਭੇ ਕੀਤੇ ਬਿਨਾਂ ਵੀ ਪ੍ਰਾਪਤ ਕਰ ਸਕਦਾ ਹੈ, ਪਰ ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜੇ ਉਹ ਪਿਆਰ ਨਾਲ ਪ੍ਰੇਮ ਨਾਲ ਸਭ ਕੁਝ ਕਰੇ। ਪ੍ਰੇਮ ਕਰਕੇ ਮਨੁਖ ਸਾਰੇ ਹੀ ਉਚ ਸਿਧਾਂਤਾਂ ਦਾ ਪਾਲਨ ਕਰ ਲੈਂਦਾ ਹੈ ਜਿਵੇਂ ਅਹਿੰਸਾ, ਸਤਿ, ਬੇਲਾਗ ਹੋਣਾ, ਸੰਤੋਖੀ ਹੋਣਾ ਤੇ ਹੋਰ ਕਿੰਨਾ ਕੁਝ ਪਿਆਰ ਤੇ ਨਿਖੇਦਤਾ ਦੋਨੋਂ ਨਾਲ-ਨਾਲ ਨਹੀਂ ਚਲ ਸਕਦੇ। ਮਨੁਖਤਾ ਦਾ ਪ੍ਰੇਮ ਹਿਰਦਾ ਸ਼ੁਧ ਕਰ ਦਿੰਦਾ ਹੈ ਜਿਸ ਨਾਲ ਚੇਤਨਤਾ ਦਾ ਪਸਾਰਾ ਹੋ ਜਾਂਦਾ ਹੈ। ਮਨੁਖ ਪ੍ਰੇਮ ਦੀ ਪਰਿਭਾਸ਼ਾ ਨੂੰ ਮੁੜ ਲਿਖ ਲੈਂਦਾ ਹੈ ਕੇਵਲ ਮਨੁਖਤਾ ਨੂੰ ਹੀ ਨਹੀਂ ਉਹ ਪੂਰੀ ਕਾਇਨਾਤ ਨੂੰ ਪੂਰੀ ਸ੍ਰਿਸ਼ਟੀ ਨੂੰ ਹੀ ਪਿਆਰ ਕਰਨ ਲਗ ਪੈਂਦਾ ਹੈ। ਦਵੰਦ ਪਰੇ ਕੇ ਇਕ, ਇਕਆਤਮਕ ਚੇਤਨਤਾ ਬਣ ਜਾਂਦੀ ਹੈ, ਸਾਰਿਆਂ ਨੂੰ ਪ੍ਰੇਮ ਕਰਕੇ ਤੁਸੀਂ ਵਿਸ਼ਵ ਆਤਮਾ ਨੂੰ ਪਿਆਰ ਕਰਨ ਲਗ ਪੈਂਦੇ ਹੋ, ਪ੍ਰਮਾਤਮਾ। ਜਿਵੇਂ-ਜਿਵੇਂ ਪ੍ਰਮਾਤਮਾ ਪ੍ਰੇਮ ਉਤਮ ਪ੍ਰੇਮ ਖਿੜਦਾ ਜਾਂਦਾ ਹੈ, ਅਸ਼ਾਂਤੀ, ਦਵੰਦ, ਈਰਖਾ, ਨਫਰਤ, ਸੁਆਰਥੀਪਣ ਸਭ ਖਤਮ ਹੋ ਜਾਂਦਾ ਹੈ, ਜਿਹੜਾ ਸਰਬੱਤ ਨੂੰ ਪ੍ਰੇਮ ਕਰਦਾ ਹੈ, ਇਸ ਸੰਸਾਰ ਨੂੰ ਪ੍ਰਮਾਤਮਾ ਰੂਪ ਜਾਣ ਕੇ ਪ੍ਰੇਮ ਕਰਦਾ ਹੈ ਉਹ ਹੀ ਪ੍ਰਮਾਤਮਾ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ -

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।

ਉਹ ਵਿਸ਼ਵ ਨੂੰ ਆਪਣਾ ਹੀ ਪਸਾਰਾ ਜਾਣਦਾ ਹੈ, ਉਸ ਦਾ ਆਪਣਾ ਆਪ ਹੀ ਵਿਸਤ੍ਰਿਤ ਹੋ ਜਾਂਦਾ ਹੈ।

ਮਨੁਖ ਜੀਵਨ ਪ੍ਰਮਾਰਥ ਆਪਣੇ ਅੰਦਰ ਲੈ ਸਕਦਾ ਹੈ ਆਪਣੇ ਅੰਦਰ ਸਮਾਧ ਸਕਦਾ ਹੈ ਜੇਕਰ ਉਸ ਦੀ ਪਰਿਵਾਰਕ ਨੀਂਹ ਸਮਾਜਿਕ ਨੀਂਹ ਚੰਗੀਆਂ ਤੰਦਰੁਸਤ, ਭਰੋਸੇਯੋਗ ਹੋਣ। ਕੋਈ ਵੀ ਮਨੁਖ ਆਪਣੀਆਂ ਪਰਿਵਾਰਕ ਲੀਹਾਂ ਪਰਿਵਾਰਕ ਪ੍ਰਭਾਵ ਤੋਂ ਵਾਂਝਾ ਨਹੀਂ ਰਹਿ ਸਕਦਾ, ਨਾ ਹੀ ਆਪਣੀ ਬਰਾਦਰੀ ਦੇ ਪ੍ਰਭਾਵ ਤੋਂ ਦੂਰ ਰਹਿ ਸਕਦਾ ਹੈ, ਪਰਿਵਾਰ ਵਿਚ ਉਹ ਜੰਮਿਆ ਹੈ, ਪਲਿਆ ਹੈ, ਵਡਾ ਹੋਇਆ ਹੈ। ਪਰਿਵਾਰ ਦੇ ਸਾਰਿਆਂ ਨੇ ਮਿਲ ਕੇ ਇਕ ਵਾਤਾਵਰਣ ਬਣਾਇਆ ਹੈ, ਫੇਰ ਸਮਾਜ ਦਾ ਵਾਤਾਵਰਣ ਹੈ। ਮਨੁਖ ਦੇ ਵਿਕਾਸ ਨੂੰ ਗੁਣਾਤਮਕ ਪਖੋਂ ਚੰਗਾ ਬਨਾਉਣ ਲਈ ਇਕ ਸਮੂਹਿਕ ਉਪਰਾਲੇ ਦੀ ਲੋੜ ਹੈ, ਇਕ ਤਰ੍ਹਾਂ ਦੀ ਸਚੇਤਨਾ ਦੀ ਲੋੜ ਹੈ।

ਪਰਿਵਾਰ ਵਿਚ ਵੀ ਸਮਾਜ ਅੰਦਰ ਵੀ ਕੋਈ ਕਿਸੇ ਤੋਂ ਲੁਕਾ ਛੁਪਾ ਨਾ ਰਖਣਾ, ਕਿਸੇ ਉਤੇ ਕੋਈ ਅਧਿਕਾਰ ਨਾ ਰਖਣਾ, ਇਹ ਦੋਨੋਂ ਬੜੇ ਗੁਣ ਹਨ। ਮਨੁਖਾਂ ਨੂੰ ਇਕ ਦੂਸਰੇ ਦੀਆਂ ਭਾਵਨਾਵਾਂ ਦਾ, ਵਿਚਾਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਦੂਸਰਿਆਂ ਦੇ ਅਧਿਕਾਰਾਂ ਦਾ ਵਧੇਰੇ ਧਿਆਨ ਹੋਣਾ ਚਾਹੀਦਾ ਹੈ, ਆਪਣਿਆਂ ਦਾ ਘੱਟ। ਸਾਨੂੰ ਦੂਸਰਿਆਂ ਦੇ ਅਧਿਕਾਰਾਂ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ, ਚਾਹੇ ਬੱਚੇ ਹੋਣ, ਭੈਣ ਭਰਾ ਹੋਣ, ਪਤੀ ਪਤਨੀ ਹੋਣ, ਦੋਸਤ ਮਿਤਰ ਹੋਣ, ਗੁਆਂਢੀ ਹੋਣ। ਉਨ੍ਹਾਂ

ਨੂੰ ਆਪਣੇ ਅਧਿਕਾਰਾਂ ਦਾ ਧਿਆਨ ਰਖਣਾ ਚਾਹੀਦਾ ਹੈ, ਦੂਸਰਿਆਂ ਸੇ ਅਧਿਕਾਰਾਂ ਲਈ ਦਖਲ ਨਹੀਂ ਦੇਣਾ ਚਾਹੀਦਾ। ਇਕ ਠੀਕ, ਨਰੋਏ ਸਮਾਜ ਨੂੰ ਪੁਲਿਸ ਜਾਂ ਕਾਨੂੰਨ ਦੀ ਲੋੜ ਨਹੀਂ ਹੁੰਦੀ। ਕਾਨੂੰਨ ਨਿਯਮ ਸਭ ਨੂੰ ਮੰਨ ਕੇ ਚਲਣਾ ਚਾਹੀਦਾ ਹੈ, ਸਭ ਨੂੰ ਕਾਨੂੰਨ ਨਿਯਮ ਸਮਝ ਕੇ ਹੀ ਚਲਣਾ ਚਾਹੀਦਾ ਹੈ, ਸਭ ਨੂੰ ਇਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਸਭ ਨੂੰ ਕਾਨੂੰਨ ਨਿਯਮ ਸਮਝ ਕੇ ਹੀ ਚਲਣਾ ਚਾਹੀਦਾ ਹੈ। ਇਕ ਨਿਰੋਗ ਸਮਾਜ ਨੂੰ ਕਿਸੇ ਇਲਾਹੀ_ਹੁਕਮ ਦੀ ਲੋੜ ਨਹੀਂ ਹੁੰਦੀ ਕਿਉਂਕਿ ਇਕ ਚੰਗਾ ਤੰਦਰੁਸਤ ਸਮਾਜ ਆਪਣੀਆਂ ਜ਼ਿੰਮੇਵਾਰੀਆਂ ਜਾਣਦਾ ਹੈ। ਇਹੋ ਜਿਹਾ ਵਿਸਤ੍ਰਿਤ ਸਮਾਜ, ਇਕ ਦੂਸਰੇ ਦੀ ਸਹਾਇਤਾ ਕਰਦਾ ਹੈ। ਉਹ ਇਕ ਦੂਸਰੇ ਨੂੰ ਖੁਸ਼ੀ ਦਿੰਦੇ ਹਨ, ਬਹੁਤ ਵਾਰੀ ਆਪਣੀ ਖੁਸ਼ੀ ਛੱਡ ਕੇ ਦੂਸਰੇ ਦੀ ਪੂਰੀ ਕਰਦੇ ਹਨ। ਇਹ ਲੋਕ ਨਿਰਸੁਆਰਥੀ ਸੇਵਾ ਦਾ ਅਨੰਦ ਮਾਣਦੇ ਹਨ। ਹਰ ਕੋਈ ਦੂਸਰਿਆਂ ਦੀ ਉਦਾਰਤਾ ਪ੍ਰੇਮ, ਦਇਆ ਤੇ ਗਿਆਨ ਦਾ ਲਾਭ ਲੈਂਦਾ ਹੈ। ਇਹੋ ਜਿਹੇ ਵਿਕਸਿਤ ਸਮਾਜ ਦੇ ਲੋਕ, ਜੀਵਨ ਲਕਸ਼ ਬਿਨਾਂ ਕਿਸੇ ਅਸ਼ਾਂਤੀ ਦੇ ਬਿਨਾਂ ਕਿਸੇ ਵਿਘਨ ਦੇ ਪ੍ਰਾਪਤ ਕਰ ਲੈਂਦੇ ਹਨ। ਉਨ੍ਹਾਂ ਨੂੰ ਮੁਕਤੀ, ਗਿਆਨ ਪ੍ਰਾਪਤੀ ਜਾਗ੍ਰਤੀ ਆਪਣਾ ਪਰਮਸਿਧ ਅਧਿਕਾਰ ਹੀ ਲਗਦਾ ਹੈ। ਇਹੋ ਜਿਹੇ ਸਮਾਜ ਅੰਦਰ ਜਨਮ ਲੈ ਕੇ ਉਹ ਨਿਰਭੈ, ਸੁਰਖਿਅਤ ਮਹਿਸੂਸ ਕਰਦੇ ਹਨ। ਜਦੋਂ ਤਕ ਸਾਡਾ ਸਮਾਜ ਪੂਰੀ ਤਰ੍ਹਾਂ ਨਾਲ ਵਿਸਤ੍ਰਿਤ ਨਹੀਂ, ਜਦੋਂ ਤਕ ਸਾਡੇ ਪਰਿਵਾਰ ਜਾਗ੍ਰਤ ਨਹੀਂ, ਪਰਿਵਾਰ ਦਾ ਵਾਤਾਵਰਣ ਗਿਆਨ ਭਰਪੂਰ ਨਹੀਂ ਸਮੂਹਿਕ ਖੁਸ਼ੀ ਹੋ ਹੀ ਨਹੀਂ ਸਕਦੀ।

ਆਪਣੇ ਆਪ ਦੀ ਖੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ, ਉਸ ਦੀ ਪ੍ਰਾਪਤੀ ਲਈ ਵੀ ਬਹੁਤ ਲੰਮੀ ਮਿਹਨਤ ਦੀ ਲੋੜ ਹੈ। ਬਿਨਾਂ ਠੀਕ ਵਾਤਾਵਰਣ ਦੇ, ਬਿਨਾਂ ਅਰੋਗ ਖੁਸ਼ ਪਰਿਵਾਰ ਦੇ ਜੇ ਕੋਈ ਸਵੈ-ਗਿਆਨ ਪ੍ਰਕਾਸ਼ ਦੀ ਖੋਜ ਵਿਚ ਹੈ ਫੇਰ ਉਸ ਨੂੰ ਮਜ਼ਬੂਰ ਹੋ ਕੇ ਤਿਆਗ ਦਾ ਮਾਰਗ ਹੀ ਅਪਨਾਉਣਾ ਪਵੇਗਾ। ਹਜ਼ਾਰਾਂ ਵਿਚੋਂ ਇਕ, ਬਹੁਤ ਥੋੜ੍ਹੇ ਹੀ ਤਿਆਗ ਦਾ ਮਾਰਗ ਅਪਨਾਣ ਲਈ ਪ੍ਰੇਰਿਤ ਹੁੰਦੇ ਹਨ। ਬਹੁਤ ਸਾਰੇ ਤਾਂ ਪ੍ਰੇਰਿਤ ਹੋਣ ਤੋਂ ਬਾਅਦ ਵੀ ਛੱਡ ਜਾਂਦੇ ਹਨ, ਬਹੁਤ ਥੋੜ੍ਹੇ ਵਿਰਲੇ ਹੀ ਗੋਲ ਪ੍ਰਾਪਤ ਕਰਦੇ ਹਨ। ਆਪਣੀ ਸਚੇਤਨਤਾ ਨੂੰ ਸੋਧ ਕੇ, ਪ੍ਰੇਮ ਨਾਲ, ਉਦਾਰਤਾ ਨਾਲ, ਪੂਰੇ ਵਾਤਾਵਰਣ ਨੂੰ ਜਾਣ ਕੇ, ਸਮਝ ਕੇ, ਅਸੀਂ ਸੰਸਾਰ ਦੀਆਂ ਸਾਰੀਆਂ ਵਸਤੂਆਂ ਦਾ ਅਨੰਦ ਮਾਣ ਸਕਦੇ ਹਾਂ, ਇਹ ਅਨੰਦ ਮਾਣਦਿਆਂ ਵੀ ਅਸੀਂ ਉਦੇਸ਼ ਪ੍ਰਾਪਤੀ ਕਰ ਸਕਦੇ ਹਾਂ। ਸਾਨੂੰ ਆਪਣੇ ਭੈਣਾਂ ਭਰਾਵਾਂ ਤੋਂ ਵਖ ਹੋਣ ਦੀ ਲੋੜ ਨਹੀਂ, ਉਹ ਸਾਨੂੰ ਅਸੀਂ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਹਾਂ। ਇਸ ਸਾਰੀ ਗੱਲ ਲਈ ਲੋੜ ਹੈ ਸੁਆਰਥੀ ਹੋਣ ਦੀ, ਤਿਆਗ ਕੇ ਨਿਸ਼ਕਾਮ ਹੋਣ ਦੀ, ਨਿਰਸੁਆਰਥੀ ਹੋਣ ਦੀ, ਪ੍ਰੇਮ ਕਰਨਾ, ਨਿਸ਼ਕਾਮ ਸੇਵਾ ਕਰਨ ਦੀ।

ਸਾਨੂੰ ਇਸ ਗੱਲ ਦੀ ਸਮਝ ਹੋਣੀ ਚਾਹੀਦੀ ਹੈ ਕਿ ਅਧਿਆਤਮਕ ਸੰਸਾਰ ਅਤੇ ਸੰਸਾਰ ਵਿਚ ਕੋਈ ਦੀਵਾਰ ਨਹੀਂ ਹੁੰਦੀ, ਸਾਨੂੰ ਕੋਈ ਦੀਵਾਰ ਖੜ੍ਹੀ ਕਰਨੀ ਵੀ ਨਹੀਂ ਚਾਹੀਦੀ। ਲੋੜ ਜਿਹੜੇ ਆਪਣੇ ਨਿਜੀ ਜੀਵਨ ਸੰਸਾਰਕ ਜੀਵਨ ਵਿਚ ਸੰਗਠਿਤ ਨਹੀਂ ਹੁੰਦੇ, ਉਹ ਅਧਿਆਤਮਕ ਗਿਆਨ ਤਿਆਗ ਵਿਚ ਢੂੰਡਦੇ ਹਨ, ਜਦੋਂ ਕਿ ਜੇਕਰ ਜੀਵਨ ਸੰਗਠਿਤ ਹੋਵੇ, ਉਹ ਸਾਰੇ ਸੰਸਾਰਕ ਸਾਧਨ ਅਧਿਆਤਮਕ ਗਿਆਨ ਪ੍ਰਾਪਤੀ ਲਈ ਵਰਤ ਸਕਦੇ ਹਨ। ਮਨੁਖੀ ਜੀਵਨ ਦਾ ਉਦੇਸ਼ ਹੈ ਪ੍ਰਮਾਤਮਾ ਦੇ ਕੁਦਰਤ ਦੇ ਦਿਤੇ ਸਾਧਨਾ ਦਾ ਪੂਰਾ-ਪੂਰਾ ਸਦਉਪਯੋਗ ਕਰਨਾ, ਦੋ ਤਰ੍ਹਾਂ ਦੇ ਲੋਕ ਹਨ - ਇਕ ਥਾਂ ਪੂਰੀ ਤਰ੍ਹਾਂ ਨਾਲ ਸੰਸਾਰ ਵਿਚ ਰੁਝੇ ਹੋਏ ਹਨ, ਆਪਣੇ ਆਪ ਲਈ ਹੀ ਕਰਮ ਕਰ ਰਹੇ ਹਨ, ਆਪਣੇ ਆਪ ਲਈ ਜੀ ਰਹੇ ਹਨ। ਦੂਸਰੇ ਉਹ ਹਨ ਜਿਹੜੇ ਆਪਣੇ ਪਰਿਵਾਰਾਂ ਨੂੰ ਛੱਡ ਦਿੰਦੇ ਹਨ, ਤਿਆਗ ਦਿੰਦੇ ਹਨ, ਸੰਸਾਰਕ ਗਤੀਵਿਧੀਆਂ ਵਿਚ ਬਿਲਕੁਲ ਕੋਈ ਯੋਗਦਾਨ ਨਹੀਂ ਦਿੰਦੇ। ਬਹੁਤ ਥੋੜ੍ਹੇ ਲੋਕ ਹਨ ਜਿਹੜੇ ਵਿਵੇਕੀ ਹਨ, ਵਿਵੇਕ ਨਾਲ ਜੀਉਂਦੇ ਹਨ, ਉਹ ਸਵੈ-ਪੂਰਤੀ ਲਈ ਮਿਹਨਤ ਕਰਦੇ ਹਨ, ਸਮਾਜ ਨੂੰ ਵੀ ਆਪਣਾ ਆਪ ਦਿੰਦੇ, ਸਮਾਜ ਭਲਾਈ ਲਈ ਕੰਮ ਕਰਦੇ ਹਨ। ਇਹ ਦੋਨੋਂ ਪ੍ਰਕਾਰ ਦੇ ਲੋਕਾਂ ਦੀ ਦ੍ਰਿਸ਼ਟੀ ਅਧੂਰੀ ਹੈ, ਇਸੇ ਕਰਕੇ ਇਹ ਸੀਮਤ ਗੋਲ ਲਈ ਹੀ ਕੰਮ ਕਰਦੇ ਹਨ।

ਅੱਜ ਦੇ ਸਮੇਂ ਜਦੋਂ ਸਾਡੀ ਜੀਵਨ ਸ਼ੈਲੀ ਦਾ ਪੱਧਰ ਬਹੁਤ ਉਚਾ ਹੋ ਗਿਆ ਹੈ, ਵਿਗਿਆਨ ਤੇ ਟੈਕਨੋਲੋਜੀ ਨੇ ਸਾਧਨ ਤੇ ਸ੍ਰੋਤਾ ਵਿਚ ਬਹੁਤ ਵਾਧਾ ਕੀਤਾ ਹੈ, ਸਾਨੂੰ ਇਨ੍ਹਾਂ ਦਾ ਸਦ ਉਪਯੋਗ ਕਰਨਾ ਚਾਹੀਦਾ ਹੈ। ਜੀਵਨ ਸ਼ੈਲੀ ਉਹ ਹੋਣੀ ਚਾਹੀਦੀ ਹੈ ਜਿਹੜੀ ਸੰਸਾਰਕ ਜੀਵਨ ਅਧਿਆਤਮਕ ਜੀਵਨ ਦੋਨਾਂ ਲਈ ਠੀਕ ਹੋਵੇ। ਜਿਹੜੇ ਆਪਣੀ ਜਾਗ੍ਰਤੀ ਲਈ ਸਵੈ ਗਿਆਨ ਲਈ ਕੰਮ ਕਰਦੇ ਹਨ, ਨਾਲ ਦੂਸਰਿਆਂ ਨੂੰ ਜਾਗ੍ਰਤ ਹੋਣ ਲਈ ਵੀ ਸਹਾਇਕ ਹੁੰਦੇ ਹਨ, ਉਹ ਹੀ ਵਾਸਤਵ ਵਿਚ ਮਾਨਵਤਾ ਦੇ ਆਗੂ ਹੁੰਦੇ ਹਨ। ਉਹ ਵਡਭਾਗੇ ਹਨ ਜਿਹੜੇ ਆਪਣੇ ਆਪ ਲਈ ਪਰਉਪਕਾਰੀ ਹੋ ਕੇ ਦੂਸਰਿਆਂ ਲਈ ਵੀ ਪਰਉਪਕਾਰੀ ਹਨ ਉਹ ਲੋਕ ਪ੍ਰਲੋਕ ਸਕਾਰਥਾ ਕਰ ਲੈਂਦੇ ਹਨ। ਇਸ ਸੰਸਾਰ ਵਿਚ ਉਹ ਅਮਰ ਹੋ ਜਾਂਦੇ ਹਨ ਉਨ੍ਹਾਂ ਦਾ ਗਿਆਨ ਮਾਨਵਤਾ ਨੂੰ ਵੀ ਅਮਰ ਹੋਣ ਦੇ ਮਾਰਗ ਤੇ ਲੈ ਜਾਂਦਾ ਹੈ।

ਅੱਜ ਦਾ ਸਮਾਜ ਇਕ ਏਹੋ ਜਿਹੇ ਆਗੂ ਦੀ ਭਾਲ ਵਿਚ ਹੈ, ਜਿਹੜਾ ਉਨ੍ਹਾਂ ਨੂੰ ਨਿਰਸੁਆਰਥੀ, ਅਧਿਆਤਮਕ ਗਿਆਨ ਪਾਸੇ ਉਨ੍ਹਾਂ ਦੀ ਅਗਵਾਈ ਕਰੇ, ਏਥੇ ਹੀ ਨਹੀਂ ਅੱਗੇ ਵੀ। ਏਹੋ ਜਿਹੇ ਆਗੂ ਸਮਾਜ ਤੋਂ ਕਿਤੋਂ ਬਾਹਰੋਂ ਨਹੀਂ ਲਭਣਗੇ, ਨਾ ਹੀ ਬਾਹਰੋਂ ਆਉਣਗੇ। ਏਹੋ ਜਿਹੇ ਆਗੂ ਸਮਾਜ ਵਿਚ ਹੀ ਜਨਮ ਲੈਣਗੇ, ਸਮਾਜ ਅੰਦਰ ਹੀ ਉਨ੍ਹਾਂ ਦਾ ਪਾਲਨ ਪੋਸ਼ਨ ਹੋਵੇਗਾ, ਸਮਾਜ ਵਿਚ ਹੀ ਉਨ੍ਹਾਂ ਦੀ ਸਿਖਿਆ ਹੋਵੇਗੀ। ਸਾਨੂੰ ਆਪਣੇ ਆਗੂ ਆਪ ਹੀ ਬਣਨਾ ਪਵੇਗਾ, ਆਪਣੇ ਪਥ ਪਰਦਰਸ਼ਕ ਬਣਨਾ ਪਵੇਗਾ, ਸਾਨੂੰ ਆਪਣੇ ਜੀਵਨ ਆਪ ਜਾਗ੍ਰਤ ਕਰਨੇ ਪੈਣਗੇ। ਮੇਰੇ ਮਿਤਰੋ! ਉਠੋ, ਜਾਗੋ, ਆਪਣੇ ਸਾਥੀਆਂ ਦੀ ਸੇਵਾ ਵਿਚ ਲਗਾਓ।

(-----)

ਮੋਹਿਨਾ ਸੋਹਿਨਾ

(ਲੜੀ ਜੋੜਨ ਲਈ ਦੇਖੋ ਦਸੰਬਰ ਅੰਕ ਪੰਨਾ ਨੰਬਰ 53)

ਭਾਈ ਵੀਰ ਸਿੰਘ ਜੀ

ਇਹ ਹਾਲ ਸੁਣ ਕੇ ਸੋਹਿਨਾ ਜੀ ਨੂੰ ਬੀ ਬੜੀ ਘਾਟ ਲਈ। ਬਨਸਪਤੀ ਵਿਦਿਆ ਵਿਚ ਪ੍ਰਬੀਨ ਸੋਹਿਨਾ ਜੀ ਨੇ ਚਾਰ ਮੋਤੀਏ ਦੇ ਬੂਟਿਆਂ ਨੂੰ ਅੰਮੀ ਜੀ ਦੀ ਪ੍ਰਸੰਨਤਾ ਲਈ ਵੱਡੀਆਂ-ਵੱਡੀਆਂ ਚੁਕਾਠਾਂ ਵਿਚ ਸੀਸ਼ੇ ਜੜਾ ਕੇ ਇਨ੍ਹਾਂ ਬੂਟਿਆਂ ਦੇ ਉਤੇ ਸਰਪੋਸ਼ ਵਾਂਙੂ ਧਰ ਕੇ ਕੁਰੁੱਤੇ ਫੁੱਲਣ ਲਈ ਤਿਆਰ ਕੀਤਾ ਸੀ। ਦਿਨ ਨੂੰ ਸੂਰਜ ਦੀ ਤਪਸ਼ ਸ਼ੀਸ਼ਿਆਂ ਥਾਣੀ ਕਰੜੀ ਹੋ ਕੇ ਅੰਦਰ ਲਗਦੀ ਸੀ ਤੇ ਰਾਤ ਨੂੰ ਸ਼ੀਸ਼ਿਆਂ ਦੇ ਉਦਾਲੇ ਵਿਥ ਤੇ ਧੂਣੀ ਲਾਈ ਜਾਂਦੀ ਸੀ। ਸੋ ਬੂਟਿਆਂ ਦੇ ਉਦਾਲੇ ਸ਼ੀਸ਼ਿਆਂ ਦੇ ਅੰਦਰ ਸਾਉਣ ਦੀ ਗਰਮੀ ਜਿੰਨੀ ਨਿੱਘੀ ਪੌਣ ਬਣੀ ਰਹਿੰਦੀ ਸੀ। ਖਾਦ ਖਾਸ ਇਕ ਤਵੇਲੇ ਦੀ ਅਰੂੜੀ ਤੋਂ ਤਿਆਰ ਕਰਕੇ ਦਿਤੀ ਸੀ, ਸਿੱਟਾ ਇਹ ਸੀ ਕਿ ਚਾਰੇ ਬੂਟੇ ਹੁਣ ਕਲੀਆਂ ਨਾਲ ਭਰੇ ਪਏ ਸਨ। ਇਸੇ ਤਰ੍ਹਾਂ ਹੁਣ ਹਰਿਨੀ (ਗੁਰਦਾਊਦੀ) ਦੇ ਬੂਟਿਆਂ ਨੂੰ ਪਰਾਲੀ ਦੀ ਛੱਤ ਪਾ ਕੇ ਕੱਜਿਆ ਸੀ। ਦਿਨੇ 'ਰੋਜ਼ ਪਰਾਲੀ' ਲਾਹ ਕੇ ਪੂਰੀ ਧੁੱਪ ਲੁਆਉਣੀ ਤੇ ਸੂਰਜ ਆਥਣ ਤੋਂ ਪਹਿਲੇ ਫੇਰ ਕੱਜ ਦੇਣੀ ਅਤੇ ਰਾਤ ਗਿਰਦ ਗਿਰਦ ਵਿੱਥ ਤੇ ਧੂਣੀ ਰਹਿਣੀ, ਜਿਸ ਨਾਲ ਹਵਾ ਦੀ ਨਿੱਘ ਘਟਣੀ ਨਾ। ਇਸੇ ਤਰ੍ਹਾਂ ਕੱਚੇ ਖੱਟੇ ਰੰਗ ਦੇ ਗੇਂਦੇ ਨੂੰ ਕੱਕਰਾਂ ਤੋਂ ਕੱਜ ਕੇ ਅੰਮੀ ਜੀ ਦੇ ਚਾਉ ਲਈ ਹੁਣ ਤਕ ਸੰਭਾਲਿਆ ਸੀ। ਅੱਜ ਉਹ ਵਿਘਨ ਆ ਕੇ ਪਿਆ ਕਿ ਜਿਸ ਦਾ ਸੁਲਝਾ ਨਹੀਂ ਸੁੱਝਦਾ। ਇਹ ਤਾਂ ਮੋਹਿਨਾਂ ਜੀ ਤਾੜ ਗਏ ਸਨ ਕਿ ਇਹ ਫਕੀਰ ਉਸ ਸਿੱਖ ਵਰਗਾ ਨਜ਼ਰ ਨਹੀਂ ਪੈਂਦਾ, ਪਰ ਆਖਰ ਵਾਹਿਗੁਰੂ ਦਾ ਹੈ, ਇਸ ਦੀ ਸੇਵਾ ਨਾ ਕਰਨੀ ਬੀ ਮਾੜੀ ਹੋਊ। ਇਸ ਤਰ੍ਹਾਂ ਦੀਆਂ ਗਿਣਤੀਆਂ ਇਸਤ੍ਰੀ ਭਰਤਾ ਸਾਰੀ ਰਾਤ ਕਰਦੇ ਰਹੇ। ਸਵੇਰੇ ਹੀ ਰੋੜੇ ਹੁਰੀ ਫਿਰ ਆ ਗਏ, ਉਹ ਸਾਰਾ ਗੀਤ ਉਸੇ ਤਰ੍ਹਾਂ ਗਾਉਂਦੇ ਤੇ ਨੱਚਦੇ ਟੱਪਦੇ ਸੇ। ਹੁਣ ਸੋਹਿਨਾਂ ਜੀ ਨੂੰ, ਜੋ ਆਪਣੀ ਅਕਲ ਨਾਲ ਕੁਛ ਨਹੀਂ ਸੀ ਫੁਰਿਆ, ਸਗੋਂ ਚਿੰਤਾ ਨੇ ਸਿਮਰਨ ਵਿਚੋਂ ਕੱਢ ਕੇ ਦੁਖੀ ਕਰ ਦਿਤਾ ਸੀ, ਸਾਂਈ ਤੇ ਟੇਕ ਧਰਦਿਆਂ ਸਾਰ ਸੱਚ ਦਾ ਝਲਕਾ ਵੱਜਾ। ਫਕੀਰ ਨੂੰ ਆਖਣ ਲੱਗੇ - ਦੇਖੋ ਸਾਂਈ ਲੋਕ ਜੀ! ਇਹ ਬਾਗ ਗੁਰੂ ਕਾ ਹੈ, ਜੋ ਇਸ ਵਿਚ ਹੈ ਗੁਰੂ ਕਾ ਹੈ, ਅਸੀਂ ਅਮੁੱਲੇ ਨੌਕਰ ਹਾਂ, ਕਿਸੇ ਸ਼ੈ ਦੇ ਅਸੀਂ ਮਾਲਕ ਨਹੀਂ, ਨੌਕਰਾਂ ਦਾ ਕੰਮ ਨਹੀਂ ਕਿ ਮਾਲਕਾਂ ਦੀ ਸ਼ੈ ਆਪੇ ਦੇ ਦੇਣ। ਫੁੱਲਾਂ ਵਾਸਤੇ ਤੁਸੀਂ ਕੇਸਰਾ ਸਿੰਘ ਵੱਡੇ ਮਾਲੀ ਜੀ ਨੂੰ ਆਖੋ, ਉਹ ਮਾਲਕ ਦੇ ਹੁਕਮ ਵਿਚ ਦੇ ਸਕਦੇ ਹਨ। ਅਸੀਂ, ਅਸੀਂ ਫੁੱਲ ਬੀਜਣ ਵਾਲੇ, ਪਾਲਣ ਵਾਲੇ, ਰਾਖੀ ਕਰਨ ਵਾਲੇ ਹਾਂ ਅਰ ਇਥੇ ਸਾਡਾ ਧਰਮ ਬੱਸ ਹੈ, ਤ੍ਰੋੜਨਾ ਧਰਮ ਮਾਲਕ ਦਾ ਹੈ, ਅਸੀਂ ਮਾਲਕ ਨਹੀਂ ਹਾਂ। ਇਹ ਵਿਚਾਰ ਕੇ ਅਸਾਂ ਪਰ ਖਿਮਾਂ ਕਰਨੀ, ਅਸੀਂ ਦਾਸ ਹਾਂ। ਰੋੜਾ ਇਹ ਸੁਣ ਕੇ ਟੱਪਿਆ ਤੇ ਬੋਲਿਆ -

ਰੋੜਾ ਜਲਾਲੀ ਜਾਵੇ ਰੋੜਾ ਜਲਾਲੀ।
ਤੇਰੇ ਦੁਆਰੇ ਤੋਂ ਏ ਚਲਿਆ ਏ ਖਾਲੀ।
ਮਾਲੀ! ਖਾਲੀ ਨਾ ਟੋਰ ਪੁੱਠੀ ਪਏਗੀ ਡ੍ਵਾਲੀ।
ਫੁੱਲ ਛੱਡਣੇ ਨ ਰੋੜੇ ਨੇ ਭਰਨੀ ਏ ਥਾਲੀ।
ਗੁਰੂ ਕੇ ਫੁੱਲ, ਦੇਣ ਗੁਰੂ ਨੂੰ ਹੈ ਡਾਲੀ।
ਮਾਲੀ! ਖਾਲੀ ਨ ਟੋਰ ਰੋੜਾ ਜਾਏ ਨ ਖਾਲੀ।

ਸੋਹਿਨਾ - ਫਕੀਰ ਸਾਂਈ! ਮੈਂ ਸੱਚ ਅਰਜ਼ ਕੀਤੀ ਹੈ, ਮੇਰੇ ਘਰ ਜੋ ਕੁਛ ਹੈ ਸਰਬੰਸ ਲੈ ਜਾਓ, ਹਾਜ਼ਰ ਹੈ। ਮਾਲਕ ਦੀ ਸ਼ੈ ਤੇ ਮਾਲਕਾਂ ਦੇ ਹੁਕਮ ਵਿਚ ਤਿਆਰ ਹੋਈ ਸ਼ੈ ਮਾਲਕ ਹੀ ਦੇਣ ਜਾਂ ਵੱਡੇ ਮਾਲੀ ਨੂੰ ਪੁੱਛ ਲਓ।

ਰੋੜਾ ਹੁਣ ਸਰਾਪ ਦਿੰਦਾ, 'ਤੇਰੀ ਜੜ੍ਹ ਨਾ ਮੇਖ' ਟੁਰ ਗਿਆ। ਮੋਹਿਨਾ ਤੇ ਸੋਹਿਨਾਂ ਨੇ ਸ਼ੁਕਰ ਕੀਤਾ, ਆਖਣ ਲੱਗੇ - "ਐਤਕੀਂ ਠਾਕੁਰ ਦੇ ਬਾਲਕੇ ਗਾਲ ਨਹੀਂ ਦਿਤੀ, ਅਸੀਸ ਦਿਤੀ ਹੈ। ਅਸੀਂ ਜਗਤ ਵਿਚ ਜੜ੍ਹ ਮੇਖ ਕਦ ਚਾਹੁੰਦੇ ਹਾਂ, ਇਥੋਂ ਪੁੱਟੀ ਹੀ ਜਾਵੇ ਤਦ ਚੰਗੀ ਹੈ। ਦਿਲ ਪਰ ਜੋ ਡਰ ਸੀ ਸੋ ਲੱਥਾ ਤੇ ਮਨ ਕੁਛ ਉੱਚਾ ਹੋ ਆਇਆ। ਇਸਤ੍ਰੀ ਭਰਤਾ ਅੰਦਰ ਬੈਠ ਕੇ ਕੀਰਤਨ ਕਰਦੇ ਰਹੇ। ਸੁਰਤਿਆਂ ਲੋਕਾਂ ਪਾਸ ਮੈਲੀ ਹੋ ਗਈ ਤੇ ਢੈ ਪਈ ਚਿੱਤ ਗਤੀ ਦਾ ਦਾਰੂ ਸਤਿਸੰਗ ਹੈ ਜਾਂ ਕੀਰਤਨ -

ਗੁਨ ਗਾਵਤ ਤੇਰੀ ਉਤਰਸਿ ਮੈਲੁ॥
ਬਿਨਸਿ ਜਾਇ ਹਉਮੈ ਬਿਖੁ ਫੈਲੁ॥

ਸੰਝ ਵੇਲੇ ਅੰਦਰਲੇ ਬੱਦਲਾਂ ਨੇ ਉਡਾਰੀ ਖਾਧੀ, ਕੁਹੀੜ ਉਠੀ ਤੇ ਧੁੰਦ ਬਿਲਾ ਗਈ। ਮਨ ਨਿਰਮਲ ਹੋ ਕੇ ਚਮਕਿਆ, ਬ੍ਰਿਤਾ ਦਾ ਪ੍ਰਵਾਹ ਤੇਲ ਦੀ ਧਾਰ ਵਾਂਙ ਇਕ ਰੰਗ ਵਗਿਆ ਤੇ ਸੁਰਤ ਚੜ੍ਹ ਗਈ। ਰਾਤ ਬੜੇ ਆਨੰਦ ਨਾਲ ਸੁੱਤੇ, ਸਵੇਰੇ ਮਗਨ ਉਠੇ, ਨਿਤਨੇਮ ਦੇ ਧਿਆਨ ਵਿਚ ਲੱਗੇ। ਜਦੋਂ ਸੂਰਜ ਚੜ੍ਹੇ ਬਾਹਰ ਆਏ ਤਾਂ -

ਬੁਲਬੁਲ ਹੈ ਬਾਗ ਦੇਖੇ, ਸਾਰਾ ਵਰਾਨ ਹੋਯਾ,
ਜ਼ਾਲਮ ਕਠੋਰ ਹੱਥਾਂ ਖਿੱਚ ਖਿੱਚ ਤਰੋੜ
ਖੋਹਯਾ।

ਸ਼ੀਸ਼ੇ ਭੱਜੇ ਪਏ ਹਨ ਤੇ ਮੋਤੀਏ ਦੇ ਫੁੱਲ ਡਾਲ੍ਹਾਂ ਨਾਲ ਨਹੀਂ ਹਨ। ਪਰਾਲੀ ਦਾ ਕੱਜਣ ਵਲੂੰਧਰਿਆ ਪਿਆ ਹੈ ਤੇ ਗੁਲਦਾਊਦੀ ਦੀਆਂ ਟਾਹਣੀਆਂ ਤੋਂ ਫੁੱਲ ਟੁੱਟ ਕੇ ਲਟਕ ਰਹੀਆਂ ਹਨ ਤੇ ਖੱਟੇ ਗੈਂਦੇ ਦੇ ਫੁੱਲਾਂ ਦਾ ਕਿਤੇ ਮੁਸ਼ਕ ਨਹੀਂ।

ਮੋਹਿਨਾਂ ਤੇ ਸੋਹਿਨਾਂ। ਸ਼ਰਮ ਆ ਗਈ, ਉਸ ਅੰਮੀ ਜੀ ਨੂੰ ਕੀਹ ਆਖਾਂਗੇ, ਜਿਨ੍ਹਾਂ ਨੇ ਜੀਵਨ ਪਦ ਬਖਸ਼ਿਆ, ਅਸੀਂ ਉਨ੍ਹਾਂ ਦੇ ਇਕ ਚਾਉ ਲਈ ਇਨ੍ਹਾਂ ਫੁੱਲਾਂ ਦੀ ਰਾਖੀ ਨਾ ਕਰ ਸਕੇ? ਹਾਂ ਨਦੀ ਹਤਯਾਰੀ। ਕਲੇਜੇ ਇਕ ਤੀਰ ਵੱਜਾ। ਜੀਅ ਦਾਨ ਦਾਤਾ ਅੰਮੀ ਜੀ ਸਾਹਮਣੇ ਦਿੱਸੇ, ਮੁੜ੍ਹਕਾ ਮੁੜ੍ਹਕਾ

ਸਰੀਰ ਹੋ ਗਿਆ। ਫੇਰ ਸਹਿੰਸਾ ਜਿਹਾ ਪਿਆ ਤੇ ਕਲੇਜਾ ਤੜੱਕ ਦੇ ਕੇ ਹੋਇਆ, ਫੁੱਲ ਟੁੱਟੀ ਹਰਿਣੀ ਦੀ ਕਿਆਰੀ ਵਿਚ ਧੜ ਕਰ ਕੇ ਢੱਠੇ।

੭. ਮੋਹਿਨਾਂ ਸੋਹਿਨਾਂ ਤੇ ਸੂਰਾ ਗੁਰੂ

ਕਲਗੀਆਂ ਵਾਲੇ ਸਤਿਗੁਰੂ ਦਾ ਦੀਵਾਨ ਲੱਗ ਰਿਹਾ ਹੈ, ਚਾਰ ਚੁਫੇਰੇ ਦੀ ਸੰਗਤ ਭਰੀ ਪਈ ਹੈ ਦੂਰ-ਦੂਰ ਦੇ ਗੁਣੀ ਗਿਆਨੀ, ਮਨ ਮਤਾਂਤਰਾਂ ਦੇ ਸਾਧੂ ਬੈਠੇ ਹਨ, ਕੀਰਤਨ ਹੋ ਰਿਹਾ ਹੈ, ਜਦੋਂ ਭੋਗ ਪਿਆ ਤਾਂ ਭੇਟਾਂ ਪੇਸ਼ ਹੋਈਆਂ। ਇਨ੍ਹਾਂ ਵਿਚੋਂ ਇਕ ਅਨੋਖੀ ਨੁਹਾਰ ਦੇ ਫਕੀਰ ਨੇ ਇਕ ਸੁਹਣੇ ਸੁਹਣੇ ਲਹਿਲਹਾਂਦੇ ਫੁੱਲਾਂ ਨਾਲ ਭਰੀ ਸੁੰਦਰ ਪਟਾਰੀ ਸਤਿਗੁਰੂ ਦੇ ਅੱਗੇ ਤਖਤ ਪਰ ਲਿਜਾ ਧਰੀ। ਅੱਗੇ ਤਾਂ ਸਿਰੋਂ ਨੰਗਾ ਰਹਿੰਦਾ ਸੀ ਪਰ ਅੱਜ ਸਿਰ ਤੇ ਲੰਮੀ ਟੋਪੀ ਧਰੀ ਸੀ। ਸਤਿਗੁਰ ਨੇ ਪੁਛਿਆ-

ਫਕੀਰ ਸਾਂਈ! ਤੂੰ ਕੌਣ?

ਫਕੀਰ - ਜੀ ਮੈਂ ਰੋਡਾ ਜਲਾਲੀ।

ਗੁਰੂ ਜੀ - ਰੋਡਾ ਪਲਾਲੀ?

ਫਕੀਰ - ਨਾ ਸੱਚੇ ਪਾਤਸ਼ਾਹ! ਰੋਡਾ ਜਲਾਲੀ।

ਗੁਰੂ ਜੀ - ਜਲਾਲੀ? ਜੇ ਜਲਾਲੀ ਤਾਂ ਸਾਡੇ ਲਈ ਕੋਈ ਨਿੱਗਰ ਸ਼ੈ ਕਿਉਂ ਨਹੀਂ ਲਿਆਇਆ?

ਫਕੀਰ - ਭੱਜੇ ਘੜੇ ਨੀਰ ਨਹੀਂ ਟਿਕਦਾ, ਨੰਗਾਂ ਪਾਸ ਨ ਟਿਕਦਾ ਮਾਲ।

ਮਾਲ ਬਿਨਾਂ ਕੀ ਨੰਗ ਲਿਆਵਨ, ਖਾਲੀ ਹੱਥ ਸਦਾ ਕੰਗਾਲ।

ਗੁਰੂ ਜੀ - ਫੇਰ ਖਾਲੀ ਹੱਥ ਹੀ ਆ ਜਾਣਾ ਸੀ, ਫਕੀਰਾਂ ਦੇ ਸੱਕਣ ਹੱਥ ਬੀ ਸੁਹਣੇ ਲੱਗਦੇ ਹਨ।

ਫਕੀਰ - ਮਹਾਂਪੁਰਖਾਂ ਕੋਲ ਖਾਲੀ ਹੱਥ ਜਾਣਾ ਮਰਿਯਾਦਾ ਵਿਰੁੱਧ ਹੈ।

ਗੁਰੂ ਜੀ - ਨੰਗ ਕੀਹ ਤੇ ਮਰਿਯਾਦਾ ਕੀਹ?

ਫਕੀਰ - ਫਕੀਰਾਂ ਦੇ ਰੰਗ।

ਗੁਰੂ ਜੀ - ਰੰਗ ਨਹੀਂ ਢੰਗ।

ਇਹ ਕਹਿੰਦੇ ਹੀ ਕੌਤਕੀ ਸਤਿਗੁਰੂ ਨੇ ਇਕ ਸਿੱਖ ਨੂੰ ਸੈਨਤ ਕੀਤੀ ਓਹ ਰੋਡੇ ਦੇ ਲਾਗੇ ਬੈਠੇ ਸੇ, ਮਾਲਕ ਦੀ ਸੈਨਤ ਤੱਕ ਕੇ ਉਨ੍ਹਾਂ ਨੇ ਰੋਡੇ ਦੀ ਟੋਪੀ ਨੂੰ ਹੱਥ ਮਾਰਿਆ, ਟੋਪੀ ਹੇਠਾਂ ਆ ਪਈ ਤੇ ਨਾਲ ਹੀ ਛਣਨ ਛਣਨ ਕਰਦੀਆਂ ਪੰਜ ਸੱਤ ਮੋਹਰਾਂ ਢਹਿ ਪਈਆਂ। ਹੁਣ ਸਾਰੀ ਸੰਗਤ ਹੱਸ ਪਈ, ਅਰ ਰੋਡੇ ਜਲਾਲੀ ਦਾ ਚਿਹਰਾ ਪੀਲਾ ਹੋ ਗਿਆ।

ਗੁਰੂ ਜੀ - ਰੋਡਾ ਜਲਾਲੀ! ਜਲਾਲੀ ਦਾ ਰੋਡਾ ਕਿ ਜਲਾਲ ਵਾਲਾ ਰੋਡਾ। ਰੱਬ ਦੇ ਜਲਾਲ ਵਾਲਾ ਕਿ ਸੋਨੇ ਦੇ ਜਲਾਲ ਵਾਲਾ ਰੋਡਾ। ਬਈ ਏਹ ਲਹਿਲਹਾਉਂਦੇ ਫੁੱਲ ਆਪਣੀਆਂ ਡਾਲਾਂ ਤੋਂ ਕਿਉਂ ਤੋੜੇ? ਰੋਡਾ ਚੁੱਪ।

ਗੁਰੂ ਜੀ - ਦਿਲਾਂ ਨਾਲ ਪੇਵੰਦ ਹੋਏ ਫੁੱਲ ਕਿਸ ਤੋਂ ਪੁੱਛ ਕੇ ਤੋੜੇ?

ਰੋਡਾ - ਸਿਰ ਨੀਵਾਂ ਤੇ ਚੁੱਪ।

ਗੁਰੂ ਜੀ - ਉਫ! ਫੁਲਾਂ ਵਿਚ ਖੁਸ਼ਬੋ ਨਹੀਂ ਸਹਿਮਾ ਦੀ ਧੁੰਕਾਰ ਹੈ, ਫੁਲਾਂ ਵਿਚ ਸੁੰਦਰਤਾ ਨਹੀਂ ਗਮ ਦੀ ਆਵਾਜ਼ ਹੈ। ਬੇਜਾਨ ਫਰਿਆਦ ਕਰਦੇ ਹਨ। ਕੀਹ ਫਰਿਆਦ ਕਰਦੇ ਹੋ ਬਈ?

ਇਹ ਕਹਿੰਦਿਆਂ ਨੈਣ ਮੁੰਦ ਗਏ, ਅੱਧੀ ਘੜੀ ਮਗਰੋਂ ਖੁਲ੍ਹੇ ਸਦਾ ਖਿੜੇ ਮੱਥੇ ਤੇ ਨਿੱਕੀ-ਨਿੱਕੀ ਤਿਊੜੀ ਸੀ, ਬੁੱਲ੍ਹ ਘੁਟੀਜ ਰਹੇ ਸੇ, ਨੈਣ ਬਦਲ ਰਹੇ ਸੇ ਦੋ ਮੋਤੀ ਕਿਰੇ ਤੇ ਅਵਾਜ਼ ਆਈ -

ਰੋਡਿਆ! ਫੁੱਲ ਨਹੀਂ ਤਰੁੱਟੇ, ਦੋ ਜੀਉਂਦੀਆਂ ਰੂਹਾਂ ਤਰੁੱਟ ਗਈਆਂ। ਰੂਹਾਂ ਨਹੀਂ ਤਰੁੱਟੀਆਂ, ਵਾਹਿਗੁਰੂ ਦੀ ਗੋਦ ਵਿਚੋਂ ਦੋ ਲਾਲ ਤ੍ਰੁੜੇ ਨੀ। ਲਾਡਾਂ ਵਾਲਾ ਪਿਤਾ ਢੱਲੇ ਲਾਲਾਂ ਵਲ ਵੈਰਾਗ ਨਾਲ ਤੱਕ ਰਿਹਾ ਹੈ। ਰੋਡੇ! ਤੂੰ ਜਗਤਾਧਾਰ ਦੇ ਭਗਤੀ ਰਸ ਵਿਚ ਹੱਥ ਪਾਇਆ ਹੈ। ਤੂੰ ਬ੍ਰਿਛ ਨਾਲ ਲੱਗੀ ਡਾਲੀ ਨੂੰ ਵਲੂੰਧਰਿਆ ਹੈ ਤੇ ਝਰਨਾਟ ਸਾਰੇ ਬ੍ਰਿਛ ਨੂੰ ਪਹੁੰਚੀ ਹੈ। ਹਾਂ ਹਾਂ, ਗੋਦੀਓਂ ਢੱਠੇ ਲਾਲਾਂ ਵਲ ਮਾਂ ਕਿਂਵ ਤੱਕਦੀ ਹੈ?

ਐਉਂ ਦੇ ਕੁਛ ਵਾਕ ਕਹਿੰਦੇ ਗਏ, ਨੈਣਾਂ ਵਿਚ ਮੋਤੀ ਭਰਦੇ ਗਏ, ਦਾਸਾਂ ਦੇ ਪ੍ਰੇਮੀ, ਦਾਸਾਂ ਨੂੰ ਆਪਣਾ ਜੀਵਨ ਆਖਣ ਵਾਲੇ ਬਿਹਬਲ ਹੁੰਦੇ ਗਏ। ਪ੍ਰੇਮ ਦਾ ਵੇਗ ਕਾਗਾਂ ਬੰਨ੍ਹੀ ਉਮਡ ਆਇਆ। ਉਠੇ, ਤੁਰੇ ਤੇ ਹੁਣ ਭੱਜੇ ਜਾ ਰਹੇ ਹਨ, ਮੇਰੇ ਲਾਲ, ਮੇਰੇ ਲਾਲ ਆਖਦੇ ਹਨ ਅਰ ਸਭ ਮਰਿਯਾਦਾ ਦੇ ਹੱਦ ਬੰਨੇ ਤੇ ਵਡਿਆਈਆਂ ਨੂੰ ਟੱਪਦੇ ਭੱਜੀ ਜਾਂਦੇ ਹਨ।

ਸੰਗਤ ਵੈਰਾਗੀ ਹੋਈ ਮਗਰੇ ਮਗਰ ਜਾ ਰਹੀ ਹੈ। ਨਿਜ ਹਿਰਦੇ ਦੇ ਮਹਿਰਮ ਇਕ ਸਿੰਘ ਜੀ ਫੁਲਾਂ ਦੀ ਪਟਾਰੀ ਨੂੰ ਕਿਸੇ ਭੇਤ ਤੇ ਹਿਤ ਨਾਲ ਬੱਧਾ ਜਾਣ ਕੇ ਹੱਥਾਂ ਵਿਚ ਲਈ ਮਗਰੇ ਜਾ ਰਹੇ ਹਨ। ਔਹ ਦੇਖੋ ਦਾਸਾਂ ਦੇ ਅੰਗ-ਪਾਲ, ਜੋ ਸੱਚਖੰਡ ਤੋਂ ਤਾਰਨ ਹਿਤ ਮਾਤ ਲੋਕ ਵਿਚ ਆਏ, ਆਨੰਦਪੁਰ ਦੇ ਆਨੰਦ ਦਰਬਾਰ ਵਿਚੋਂ ਪੀੜਤਾਂ ਦੀ ਪੀੜਾ ਹਰਨ ਨੱਠੇ ਜਾ ਰਹੇ ਹਨ, ਔਹ ਦੇਖੋ ਪ੍ਰੇਮ ਦੇ ਅਵਤਾਰ ਤੇ ਮਿਹਰਾਂ ਦੇ ਰੂਪ ਬਾਗ ਵਿਚ ਵੜੇ। ਕੋਈ ਅਗੰਮ ਦੀ ਸੇਧ, ਕੋਈ ਨਾ ਦਿੱਸਣ ਵਾਲੀ ਖਿੱਚ, ਕੋਈ ਅਰੂਪ ਰੂਹ ਕਿਸੇ ਇਕ ਟਿਕਾਣੇ ਵਲ ਲੈ ਜਾ ਰਹੀ ਹੈ। ਬਾਗ ਦੇ ਛੇਕੜਲੇ ਖੂੰਜੇ ਅੱਪੜੇ। ਠੀਕ ਹੈ, ਜਗਤ ਰੱਖਿਆਕ ਸਤਿਗੁਰੂ, ਹੇ ਤ੍ਰਾਣ ਕਰਤਾ ਪ੍ਰੀਤਮ ਜੀ!

ਠੀਕ ਹੈ, ਇਥੇ ਦੋ ਲੋਥਾਂ ਵਲੂੰਧਰੇ ਚਮਨ ਵਿਚ ਸਿਸਕਦੀਆਂ ਪਈਆਂ ਹਨ। ਮਾਤਾ ਜੀਤੋ ਜੀ ਹੁਣੇ ਹੀ ਉਸ ਵਿਰਾਨੀ ਵਿਚ ਪਹੁੰਚੇ ਸਨ, ਉਸ ਵਿਰਾਨੀ ਵਿਚ ਵਾਹਿਗੁਰੂ ਦੇ ਬਾਗ ਲਈ ਤਿਆਰ ਕੀਤੀ ਆਪਣੀ ਵਾੜੀ ਨੂੰ ਵਿਰਾਨਿਆਂ ਪਿਆ ਤੱਕ ਰਹੇ ਸਨ ਕਿ ਮਾਵਾਂ ਤੋਂ ਵਧੀਕ ਉਤਾਵਲੇ ਮੋਹ ਵਾਲੇ ਦਾਤੇ ਗੁਰੂ ਜੀ ਬੀ ਔਪੜੇ। ਮੇਰੇ ਲਾਲ, ਮੇਰੇ ਲਾਲ! ਕਹਿੰਦਿਆਂ ਨੇ ਦੋਵੇਂ ਸੀਸ ਗੋਦ ਵਿਚ ਲੈ ਲਏ, ਸਿਰ ਤੇ ਹੱਥ ਫੇਰਦੇ ਹਨ, ਅੱਖਾਂ ਪੂੰਝਦੇ ਹਨ, ਮੱਥਾ ਠਕੇਰਦੇ ਹਨ ਤੇ ਆਖਦੇ ਹਨ - ਨਿਹਾਲ! ਮੇਰੇ ਲਾਲੋ ਨਿਹਾਲ।

ਕੈਸਾ ਅਦਭੁੱਤ ਦਰਸ਼ਨ ਹੈ, ਜਿਸ ਦੇ ਦਰਸ਼ਨਾਂ ਦੀ ਸਿੱਕ ਨੇ ਜਨਮਾਂ ਦੀਆਂ ਤਰੀਕਾਂ ਪਾ ਰੱਖੀਆਂ ਸਨ, ਸ਼ੁਕਰ ਤੇ ਆਗਿਆ ਸਿਰ ਧਰ ਲੈਣ ਨੇ ਕੀ ਰੰਗ ਜਮਾਇਆ ਹੈ? ਜਿਸ ਦੇ ਦਰਸ਼ਨਾਂ ਦੀ ਪ੍ਰਾਪਤੀ ਸਾਧੂ ਜਨ ਦੇ ਸਰਾਪ ਨੇ ਬੰਦ ਕਰ ਦਿਤੀ ਸੀ, ਓਹ ਦੀਨ ਦਿਆਲ ਆਪ ਤਰੁੱਠ ਕੇ ਪਿਆ ਦਰਸ਼ਨ ਦਿੰਦਾ ਹੈ। ਮੋਹਿਨਾ ਤੇ ਸੋਹਿਨਾ। ਜਾਗੋ ਪਿਆਰਿਓ ਹੋਸ਼ ਕਰੋ, ਜ਼ਰਾ ਨੈਣ ਉਘੇੜੋ ਜਿਨ੍ਹਾਂ ਦਰਸਨਾਂ ਨੂੰ ਤੁਸੀਂ ਤਰਸਦੇ ਸਾਓ, ਅੱਜ ਆਪ ਖਰੀਦਦਾਰ ਹੋ ਕੇ ਤੁਹਾਡੇ ਦਰਸ਼ਨ ਮੁੱਲ ਲੈਣ ਆਏ ਹਨ। ਗੁਰੂ ਕੇ ਲਾਲੋ! ਦੇਖੋ ਤਾਂ ਸਹੀ। 'ਦਰਸ਼ਨ ਨਹੀਂ ਜੇ ਦੇਣ ਲੱਗਾ।" ਵਿਚੋਂ 'ਨਹੀਂ' ਉਡ ਗਈ ਜੇ, ਪਰ ਕੌਣ ਉੱਠੇ? ਵਾਹ ਸਾਂਈ ਦੇ ਰੰਗ। ਜੇ ਦਰਸ਼ਨ ਆਏ ਹਨ ਤਾਂ ਦਰਸ਼ਨਾਂ ਵਾਲੇ ਹਾਜ਼ਰ ਨਹੀਂ ਹਨ। ਪ੍ਰੇਮਾ ਭਗਤੀ ਦੇ ਚੋਜ ਅਨੂਠੇ ਹਨ।

ਮਾਤਾ ਜੀ ਨੇ ਮੋਹਿਨਾਂ ਦੇ ਹੱਥ ਫੜ ਰੱਖੇ ਹਨ ਤੇ ਘੁੱਟਦੇ ਹਨ ਤੇ ਆਖਦੇ ਹਨ, ਮੇਰੇ ਬੱਚਿਓ! ਅੱਖਾਂ ਖੋਲ੍ਹੋ, ਦਰਸ਼ਨ ਦੇਖੋ।

ਵਿਚਕਾਰ ਇਹ ਇਲਾਹੀ ਦਰਸ਼ਨ ਹੈ, ਦੁਆਲੇ ਸਾਰੀ ਸਾਧ ਸੰਗਤ ਦੀ ਭੀੜਾ ਹੈ। ਆਪਣੇ ਤੇਜਾਂ ਵਾਲੇ ਮਾਲਕ ਦੇ ਪ੍ਰੇਮ ਰੰਗ ਨੂੰ ਸਾਰੇ ਤੱਕ ਰਹੇ ਹਨ। ਮਾਲੀ ਕੇਸਰਾ ਸਿੰਘ ਪਾਣੀ ਲੈ ਕੇ ਪਹੁੰਚ ਗਿਆ ਹੈ। ਸਤਿਗੁਰ ਦੇ ਪਵਿੱਤਰ ਹੱਥਾਂ ਨੇ ਆਪ ਉਨ੍ਹਾਂ ਦੇ ਮੂੰਹ ਵਿਚ ਜਲ ਚੋਇਆ, ਛੱਟੇ ਮਾਰੇ, ਪਿਆਰ ਦੇ ਦੇ ਕੇ ਆਖਿਆ, ਮੇਰੇ ਨਿਹਾਲੋ! ਅੱਖਾਂ ਖੋਲ੍ਹੋ।

ਹੁਣ ਮਲਕੜੇ ਜਿਹੇ ਨੈਣ ਖੁਲ੍ਹੇ, ਦਰਸ਼ਨ, ਇਲਾਹੀ ਦਰਸ਼ਨ ਅੱਖਾਂ ਵਿਚ ਪਿਆ, ਪਰ ਕਿਸ ਵੇਲੇ? ਜਦ ਨੈਣ ਨਿਤਾਣੇ ਹੋ ਚੁੱਕੇ ਹਨ, ਸਰੀਰ ਵਿਚ ਉਠਣ ਦੀ ਆਸੰਙ ਨਹੀਂ। ਦਰਸ਼ਨਾਂ ਦੀ ਝਾਲ ਨੈਣ ਤਾਂ ਝੱਲ ਸਕੇ, ਫੇਰ ਮੁੰਦ ਗਏ, ਪਰ ਆਪਣੇ ਨਾਲ ਖੁਸ਼ੀ ਦੀ ਝਰਨਾਟ ਅੰਦਰ ਲੈ ਗਏ, ਪਲ ਮਗਰੋਂ ਫੇਰ ਖੁਲ੍ਹੇ ਫੇਰ ਮਿਟੇ। ਇਸੇ ਤਰ੍ਹਾਂ ਕਿੰਨਾ ਚਿਰ ਖੁਲ੍ਹਦੇ ਤੇ ਮਿਟਦੇ ਰਹੇ। ਹੋਸ਼ ਪਰਤਦੀ ਆਈ, ਤਾਕਤ ਫਿਰਦੀ ਆਈ, ਸੁਰਤ ਮੁਹਾੜਾਂ ਮੋੜਦੀ ਆਈ, ਤਦ ਮਾਤਾ ਜੀ ਨੇ ਕਿਹਾ, ਬੱਚਿਓ! ਠਾਕੁਰ ਜੀ ਦੇਣ ਦਰਸ਼ਨ ਆ ਗਏ। ਇਹ ਖੁਸ਼ੀ ਹੁਣ ਸਮਝ ਵਿਚ ਪਈ, ਪਰ ਮਨ ਨਿਰਬਲ ਐਡੀ ਖੁਸ਼ੀ ਦੇ ਭਾਰ ਲਈ ਤਿਆਰ ਨਹੀਂ ਸੀ, ਇਕ ਦਮ ਖੁਸ਼ੀ ਦਾ ਧੱਕਾ ਵੱਜਾ ਅਰ ਫੇਰ ਨਿਢਾਲਤਾ ਜੇਹੀ ਹੋ ਗਈ। ਹੁਣ ਕਲਗੀਆਂ ਵਾਲੇ ਸਤਿਗੁਰੂ ਜੀ ਨੇ ਉਨ੍ਹਾਂ ਦੇ ਚਿੱਤ ਨੂੰ ਆਪਣੇ ਆਤਮ ਬਲ ਨਾਲ ਸਹਾਰਾ ਦੇ ਕੇ ਚੁੱਕਿਆ ਤਾਂ ਹੋਸ਼ ਪਰਤੀ, ਮਲਕੜੇ ਜਿਹੇ ਉਠੇ ਤੇ ਮੂੰਧੇ ਹੋ ਕੇ ਸੀਸ ਬੰਦਨਾਂ ਵਿਚ ਢੱਠੇ। ਪਰ ਸਤਿਗੁਰੂ ਜੀ ਨੇ ਦੋਵੇਂ ਸੀਸ ਗੋਦ ਵਿਚ ਫੇਰ ਲੈ ਕੇ ਸਿਰ ਤੇ ਪਿਆਰ ਦਿਤਾ। ਜਿਉਂ-ਜਿਉਂ ਪਿਤਾ ਨੇ ਆਪਣੇ ਬੱਚਿਆਂ ਦੀ ਕੰਡ ਤੇ ਹੱਥ ਫੇਰਿਆ, ਸੁਰਤ ਫਿਰੀ ਤੇ ਉਠ ਕੇ ਬੈਠ ਗਏ। ਅੰਮੀ ਜੀ ਨੇ ਪਿਆਰ ਨਾਲ ਕਿਹਾ - ਬੱਚਿਓ! ਸਫਲ, ਸਫਲ ਯਾਤਰਾ ਸਫਲ।

ਪ੍ਰੇਮ ਦੇ ਸਿਕਦੇ ਨੇਤ੍ਰ ਰਜਦੇ ਨਹੀਂ, ਪਰਾਲੀ ਤੇ ਬੈਠੇ ਪ੍ਰੀਤਮ ਨੂੰ ਤੱਕਦੇ, ਅੰਮ੍ਰਿਤ ਛਕਦੇ, ਫੇਰ ਛਕ ਛਕ ਕੇ ਝੁਕਦੇ ਮਿਟਦੇ ਹਨ, ਸੀਸ ਨਾਲ ਨੀਉਂਦਾ ਹੈ, ਇਸ ਤਰ੍ਹਾਂ ਭਗਤੀ ਰਸ ਦਾ ਇਹ ਗੁਰੂ ਸਮੁੰਦਰ ਤੇ ਨਦੀ ਸਿੱਖੀ ਦਾ ਸੰਗਮ-ਦਰਸ਼ਨ ਕੁਛ ਚਿਰ ਬਣਿਆ ਰਿਹਾ। ਜਿਸ ਜਿਸ ਦਰਸ਼ਨ ਪਾਏ, ਜੀ ਉਠਿਆ।

ਹੁਣ ਮੋਹਿਨਾ ਸੋਹਿਨਾ ਨੂੰ ਸਮਝ ਪਈ ਕਿ ਸਤਿਗੁਰੂ ਭੁੰਜੇ ਬੈਠੇ ਹਨ ਤੇ ਬਿਅਦਬੀ ਹੋ ਰਹੀ ਹੈ। ਸਜਲ ਨੇਤ੍ਰ ਹੋ ਕੇ ਕਿਹਾ, ਠਾਕੁਰ ਜੀ! ਬੜੀ ਬਿਅਦਬੀ ਹੋ ਰਹੀ ਹੈ, ਮਿਹਰ ਕਰੋ। ਹੁਣ ਸਤਿਗੁਰੂ ਜੀ ਦੋਹਾਂ ਨੂੰ ਨਾਲ ਲੈ ਕੇ ਕੱਚੀ ਕੁੱਲੀ ਦੇ ਅੰਦਰ ਜਾ ਬਿਰਾਜੇ। ਜੀਤੋ ਜੀ ਨਾਲ ਗਏ। ਬਾਕੀ ਸੰਗਤ ਬਾਹਰ ਦੀਵਾਨ ਲਾ ਕੇ ਬੈਠ ਗਈ। ਘਰ ਆਏ ਠਾਕੁਰ ਦਾ ਕੀ ਆਦਰ ਕਰਨ, ਉਹ ਕੀਰਤਨ ਜਿਸ ਦੀ ਠਾਕੁਰ ਨੂੰ ਸਦਾ ਲੋੜ ਹੈ, ਸਰੋਂਦਾ ਲੈ ਕੇ ਦੋਵੇਂ ਬੈਠ ਗਏ ਤੇ ਗਾਂਵਿਆ -

ਜੋ ਤੇਰੀ ਸਰਣਾਈ ਹਰਿ ਜੀਉ ਤਿਨ ਤੂ
ਰਾਖਨ ਜੋਗੁ॥
ਤੁਧੁ ਜੇਵਡੁ ਮੈ ਅਵਰੁ ਨ ਸੂਝੈ ਨ ਕੋ ਹੋਆ
ਨ ਹੋਗੁ॥
ਹਰਿ ਜੀਉ ਸਦਾ ਤੇਰੀ ਸਰਣਾਈ॥
ਜਿਉ ਭਾਵੈ ਤਿਉ ਰਾਖਹੁ ਮੇਰੇ ਸੁਆਮੀ
ਏਹ ਤੇਰੀ ਵਡਿਆਈ॥ ਰਹਾਉ॥
ਜੋ ਤੇਰੀ ਸਰਣਾਈ ਹਰਿ ਜੀਉ
ਤਿਨ ਕੀ ਕਰਹਿ ਪ੍ਰਤਿਪਾਲ॥
ਆਪਿ ਕ੍ਰਿਪਾ ਕਰਿ ਰਾਖਹੁ ਹਰਿ ਜੀਉ
ਪੋਹਿ ਨ ਸਕੈ ਜਮਕਾਲੁ॥
ਤੇਰੀ ਸਰਣਾਈ ਸਚੀ ਹਰਿ ਜੀਉ
ਨਾ ਓਹ ਘਟੈ ਨ ਜਾਇ॥
ਜੋ ਹਰਿ ਛੋਡਿ ਦੂਜੈ ਭਾਇ ਲਾਗੈ
ਓਹੁ ਜੰਮੈ ਤੈ ਮਰਿ ਜਾਇ॥

ਜੋ ਤੇਰੀ ਸਰਣਾਈ ਹਰਿ ਜੀਉ
ਤਿਨਾ ਦੂਖ ਭੂਖ ਕਿਛੁ ਨਾਹਿ॥
ਨਾਨਕ ਨਾਮੁ ਸਲਾਹਿ ਸਦਾ ਤੂ ਸਚੈ ਸਬਦਿ
ਸਮਾਹਿ॥

੮. (ਮੋਹਿਨਾ ਤੇ ਗੁਰਪੁਰਬ)

ਇਹ ਹਾਲ ਸੰਮਤ 1750-51 ਬਿ. ਦੇ ਲਗਭੱਗ ਦੇ ਹਨ। ਅਜੇ ਅੰਮ੍ਰਿਤ ਸ਼ੁਰੂ ਨਹੀਂ ਸੀ ਹੋਇਆ, ਪਰ ਹੋਰ ਠਾਠ ਤੇ ਸਮਾਜ ਸਾਰੀ ਸ੍ਰਿਸ਼ਟੀ ਉਧਾਰ ਦਾ ਪੂਰੇ ਜੋਬਨਾਂ ਵਿਚ ਲਹਿਰਾ ਰਿਹਾ ਸੀ ਤੇ ਦੇਸ਼ ਰੱਖਿਆ ਦਾ ਸਾਮਾਨ ਸਾਰਾ ਬੱਝਦਾ ਜਾਂਦਾ ਸੀ।

ਉਹ ਫੁਲਾਂ ਦੀ ਪਟਾਰੀ ਮਾਤਾ ਜੀ ਨੇ ਉਨ੍ਹਾਂ ਪ੍ਰੇਮੀਆਂ ਦੇ ਹਵਾਲੇ ਕੀਤੀ ਕਿ ਜਿਸ ਨੀਯਤ ਤੇ ਤਿਆਰ ਹੋਏ ਹਨ, ਕੌਲ ਉਸੇ ਵਰਤਣ ਵਿਚ ਆਉਣ। ਸੋ ਦੋਹਾਂ ਨੇ ਠੀਕ ਵਕਤ ਉਤੇ ਫੁੱਲਾਂ ਨੂੰ ਸਵਾਰ ਬਣਾ, ਕਈ ਭਾਂਤ ਦੇ ਸਿਹਰੇ ਮਾਲਾ ਬਣਾ, ਮਾਤਾ ਜੀ ਨੂੰ ਦਿਤੇ ਤੇ ਉਨ੍ਹਾਂ ਨੇ ਕੁਛ ਆਪ ਤੇ ਕੁਛ ਉਨ੍ਹਾਂ ਦੀ ਹੱਥੀਂ ਸਤਿਗੁਰੂ ਜੀ ਦੀ ਭੇਟ ਕੀਤੇ ਤੇ ਕਰਵਾਏ। ਇਸ ਵੇਲੇ ਸਤਿਗੁਰੂ ਜੀ ਨੇ ਭਰੀ ਦੀਵਾਨ ਵਿਚ ਮੋਹਿਨਾ ਸੋਹਿਨਾ ਨੂੰ ਵਡਿਆਇਆ।

ਫੇਰ ਹੋਰ ਕ੍ਰਿਪਾਲ ਹੋ ਕੇ ਕਿਹਾ ਕਿ ਹੇ ਲਾਲ! ਮੈਂ ਇਤਨਾ ਪ੍ਰਸੰਨ ਹਾਂ ਜੋ ਮੰਗੋ ਸੋ ਦਿਆਂ, ਤਾਂ ਸੋਹਿਨਾ ਜੀ ਨੇ ਬਿਨੈ ਕੀਤੀ ਕਿ 'ਰੋਡੇ ਨੂੰ ਸਿੱਖਾਂ ਨੇ ਡੱਕ ਛੋਡਿਆ ਹੈ, ਬਖਸ਼ਿਸ਼ ਹੋ ਜਾਵੇ। ਹੇ ਦਾਤਾ ਜੀ! ਅਸੀਂ ਜੀਵ ਭੁੱਲ ਦੇ ਸਰੀਰ ਹਾਂ, ਸਾਡੇ ਔਗੁਣਾਂ ਲਈ ਇਕ ਤੇਰੀ ਬਖਸ਼ਿਸ਼ ਤੇ ਇਕ ਤੇਰਾ ਬਖਸ਼ਿਆ ਸਿਮਰਨ, ਦੋ ਹੀ ਦਾਰੂ ਹਨ। ਰੋਡੇ ਨੂੰ ਬੀ ਤਾਰੋ।

ਇਹ ਕੋਮਲਤਾ ਤੇ ਖਿਮਾ ਦੇਖ ਕੇ ਸਤਿਗੁਰੂ ਜੀ ਨੇ ਰੋਡੇ ਨੂੰ ਬੁਲਾ ਕੇ ਅਸ਼ੀਰਵਾਦ ਦਿਤੀ ਤੇ ਪਿੱਠ ਤੇ ਹੱਥ ਫੇਰ ਕਿਹਾ - ਤੂੰ ਫਕੀਰ ਹੈਂ ਜੋ ਕਸਰ ਸੀ ਹੁਣ ਨਿਕਲ ਗਈ, ਤਕੜਾ ਹੋ। ਹਾਂ, ਜੁੜ ਹੁਸਨਾਂ ਦੇ ਸਰਵਰ-ਵਾਹਿਗੁਰੂ-ਨਾਲ। ਹੁਣ ਤੂੰ ਜਲਾਲੀ ਦਾ ਨਹੀਂ ਪਰ ਜਲਾਲ ਵਾਲਾ ਰੋਡਾ ਹੋ ਗਿਆ। ਜਲਾਲ ਜ਼ੁਲ ਜਲਾਲ ਨਾਲ ਜੁੜ ਜਾਹ। ਤਦ ਤੋਂ ਮਗਰੋਂ ਰੋਡਾ ਸੁੱਚੀ ਮੁਚੀਂ ਜਲਾਲ ਵਾਲਾ ਹੋ ਗਿਆ ਅਰ ਸੱਚੇ ਸਾਂਈਂ ਦੇ ਸਿਮਰਨ ਵਿਚ ਸਾਂਈ ਨਾਲ ਪੇਵੰਦ ਹੋ ਗਿਆ।

ਸੰਗਤ ਵਿਚ ਜਦ ਇਨ੍ਹਾਂ ਦਾ ਅਸਲੀ ਪਤਾ ਲੱਗਾ ਕਿ ਕਿਸ ਗੁਣ, ਵਿਦਿਆ ਤੇ ਹੈਸੀਅਤ ਦੇ ਆਦਮੀ ਸਨ, ਕਿਸ ਤਰ੍ਹਾਂ ਘਾਲ ਤੇ ਸੇਵਾ ਕੀਤੀ ਹੈ, ਕੀਕੂੰ ਕੇਸਰਾ ਸਿੰਘ ਦੇ ਅੱਗੇ ਕਾਮੇ ਹੋ ਕੇ ਵਗੇ ਹਨ, ਤਦ ਹੋਰ ਬੀ ਪਿਆਰ ਵਧਿਆ, ਪਰ ਇਨ੍ਹਾਂ ਦੇ ਸ਼ੁੱਧ ਆਤਮਾਂ ਨੇ ਸੱਚੀ ਗਰੀਬੀ ਵਿਚ ਹੀ ਪ੍ਰੇਮੀ ਜੀਵਨ ਬਿਤਾਇਆ।

(------)

(ਪੰਨਾ 52 ਦੀ ਬਾਕੀ)

ਗੁਰਮੰਤ੍ਰ ਰੂਪ ਹੋਣ ਕਰਿ ਤਿਸ ਦਾ ਆਮ ਤੌਰ ਤੇ ਅੱਖਰਾਂ ਵਿਚ ਪ੍ਰਗਟਾਉਣਾ (ਜ਼ਾਹਰ ਕਰਨਾ) ਜਿਤਾਉਣਾ ਇਕ ਹੋਛੀ ਗੱਲ ਹੈ। ਇਹ ਗੁਹਜ ਗੁਰ-ਮੰਤਰ ਧੁਰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਤਾਈਂ ਗੁਹਜ ਦਸ਼ਾ ਵਿਚ ਹੀ ਸੀਨਾ ਬਸੀਨਾ ਚਲਿਆ ਆਇਆ ਹੈ। ਖੁਦ ਅਕਾਲ ਪੁਰਖ ਨੇ ਇਸ ਨੂੰ ਅਜ਼ਲ ਤੋਂ ਹੀ ਗੁਹਜ (ਗੁਪਤ) ਰਖਿਆ ਅਤੇ ਕੇਵਲ ਗੁਰੂ ਨਾਨਕ ਸਾਹਿਬ ਪ੍ਰਤੀ ਹੀ ਇਸ ਨੂੰ ਪ੍ਰਗਟਾਇਆ। ਐਸੇ ਅਮੋਲਕ ਪਦਾਰਥ ਨੂੰ, ਜਿਸ ਦੇ ਪ੍ਰਿਥਮ ਜਾਨਣ ਤੇ ਲਖਣ ਦਾ ਅਧਿਕਾਰ ਕੇਵਲ ਗੁਰੂ ਨਾਨਕ ਸਾਹਿਬ ਜੀ ਨੂੰ ਧੁਰ ਦਰਗਾਹੋਂ ਪ੍ਰਾਪਤ ਹੋਇਆ, ਉਸ ਨੂੰ ਭਲਾ ਗੁਰੂ ਨਾਨਕ ਸਾਹਿਬ ਜੀ ਕਿਵੇਂ ਅਨ-ਅਧਿਕਾਰੀ ਜਨਾਂ ਤਾਈਂ ਪ੍ਰਗਟ ਕਰਨ ਦੀ ਖੁਲ੍ਹੀ ਖੇਡ ਵਰਤਾ ਸਕਦੇ ਸਨ। ਗੁਰੂ ਨਾਨਕ ਸਾਹਿਬ ਜੀ ਆਪਣੇ ਜੋਤਿ ਸਰੂਪੀ ਜਾਮਿਆਂ ਅੰਦਰ ਪਰਮ ਅਗਾਧ-ਬੋਧ-ਕਿਰਪਾ ਇਹ ਕਰਦੇ ਰਹੇ ਹਨ ਕਿ ਉਸ ਦਾਤਿ ਜੋਤਿ ਦੇ ਪ੍ਰਸਾਦ ਵਰਤਾਰੇ ਤੋਂ ਪਹਿਲਾਂ ਇਸ ਗੁਰਪ੍ਰਸਾਦਿ ਦੇ ਅਧਿਕਾਰੀ ਜਗਿਆਸੂਆਂ ਦੀ ਆਪਣੀ ਕਿਰਪਾ ਦੁਆਰਾ ਆਪ ਢੂੰਡ ਪੜਤਾਲ ਕਰਦੇ ਰਹੇ ਹਨ। ਫੇਰ ਨਾਮ ਦੇ ਗਫੇ, ਕਲਾ-ਕ੍ਰਿਸ਼ਮੀ ਗਫੇ ਭੁੰਚਾਉਂਦੇ ਰਹੇ, ਜਿਨ੍ਹਾਂ ਦੇ ਭੁੰਚਣਸਾਰ ਹੀ ਭੁੰਚਣਹਾਰਿਆਂ ਦੀ ਕਾਇਆਂ ਪਲਟ ਜਾਂਦੀ ਰਹੀ ਹੈ ਅਤੇ ਜਿਸ ਅੰਮ੍ਰਿਤ-ਜਾਗ ਲਗਣ ਕਰਿ ਜਨਮ ਭੀ ਨਵ-ਜਨਮਾ ਹੁੰਦਾ ਰਿਹਾ ਹੈ -

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ।।

ਅੰਗ - ੯੪੦

ਅਰਥਾਤ ਗਵਨ ਮਿਟਣ ਕਰਕੇ ਜਨਮ ਬਦਲ ਜਾਂਦਾ ਰਿਹਾ ਹੈ।

ਗੁਰਬਾਣੀ ਅੰਦਰਿ ਭੀ ਇਸ ਗੁਰਮਤਿ ਨਾਮ (ਗੁਰਮੰਤ੍ਰ) ਨੂੰ ਬਹੁਤ ਹੱਦ ਤਾਈਂ ਗੁਹਜ ਹੀ ਰਖਿਆ ਗਿਆ ਹੈ ਤੇ ਆਮ ਤੌਰ ਪਰ ਗੁਰਮਤਿ ਨਾਮ ਲਖਾਇਕ ਹੋਰ ਹੋਰ 'ਰਾਮ' 'ਹਰਿ' ਆਦਿਕ ਸੰਗਿਆਂ ਹੀ ਦਿਤੀਆਂ ਗਈਆਂ ਹਨ। ਪਰੰਤੂ ਇਨ੍ਹਾਂ ਸੰਗਿਆਂ ਵਾਲਾ ਨਾਮ ਸਤਿਨਾਮ ਨਹੀਂ, ਕਿਉਂਕਿ ਗੁਰਮਤਿ ਨਾਮ ਸਤਿਨਾਮ ਹੈ। ਇਸ ਦੀ ਕਿਰਤਮ ਕਰਤੱਤ੍ਰ ਸੰਗਿਆਂ ਹੀ ਕੀ? ਏਥੇ ਟੂਕ ਮਾਤਰ ਏਤਨਾ ਲਿਖ ਦੇਣਾ ਯੋਗ ਹੋਵੇਗਾ ਕਿ ਕਿਰਤਮ ਨਾਮ 'ਰਾਮ' 'ਰਾਮ' ਆਦਿ ਦੀ 'ਸਤਿਨਾਮ' ਨਾਲ ਤਾਂ ਕੋਈ ਤੁਲਨਾ ਹੀ ਨਹੀਂ ਹੋ ਸਕਦੀ, ਪਰ ਕਿਰਤਮ ਨਾਮਾਂ ਦਾ ਅਭਿਆਸ ਕਰਮ ਕਾਂਡ ਤੇ ਨਾਨਾ ਪ੍ਰਕਾਰ ਦੀਆਂ ਫਿਲਾਸਫੀਆਂ ਨਾਲੋਂ ਕਈ ਦਰਜੇ ਗੁਣਕਾਰੀ ਹੈ। ਚਾਹੇ ਸਤਿਨਾਮ ਦੀ ਕਲਿਆਣ-ਕਲਾਂ ਦੇ ਤੁਲ ਨਹੀਂ, ਪਰੰਤੂ ਭਗਤੀ ਕਲਾ ਉਪਜਾਇਕ ਤੇ ਭਗਤ ਉਪਾਸ਼/ ਦੇ ਨੇੜੇ ਲੈ ਜਾਣ ਨੂੰ ਆਨ ਕਰਮਾਂ ਧਰਮਾਂ ਨਾਲੋਂ ਕਈ ਗੁਣਾਂ ਸਹਾਈ ਹੈ।

(-----)